@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।

Sunday, 6 October 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 6 ਅਕਤੂਬਰ 2024, 21 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 331. qpatrika@gmail.com ਫੋਨ : 9971359517 www.qaumipatrika.org

## ਘੋੜੇ ‘ਤੇ ਸਵਾਰ ਹੋ ਕੇ ਵੋਟ ਪਾਉਣ ਪਹੁੰਚੇ ਨਵੀਨ ਜਿੰਦਲ

ਚੰਡੀਗੜ੍ਹ 5 ਅਕਤੂਬਰ। ਹਰਿਆਣਾ ਦੇ ਕੁਰੂਕਸ਼ੇਤਰ ਲੋਕ ਸਭਾ ਸੀਟ ਤੋਂ ਭਾਜਪਾ ਪਾਰਟੀ ਦੇ ਸੰਸਦ ਮੈਂਬਰ ਨਵੀਨ ਜਿੰਦਲ ਘੋੜੇ ‘ਤੇ ਬੈਠ ਕੇ ਵੋਟ ਪਾਉਣ ਪਹੁੰਚੇ। ਸਫੇਦ ਕੁੜਤੇ ਪਜਾਮੇ ਅਤੇ ਨੀਲੀ ਰੰਗ ਦੀ ਜੈਕਟ ਪਹਿਨੇ ਜਿੰਦਲ ਨੇ ਵੋਟਿੰਗ ਦੀ ਆਪਣੀ ਤਸਵੀਰ ਸਾਂਝੀ ਕਰਦਿਆਂ ਸੋਸ਼ਲ ਮੀਡੀਆ ‘ਤੇ ਲਿਖਿਆ ਕਿ ਮੈਂ ਆਪਣੇ ਲੋਕਤੰਤਰ ਅਧਿਕਾਰ ਦਾ ਇਸਤੇਮਾਲ ਕਰਦਿਆਂ ਵੋਟ ਪਾਈ, ਤਾਂ ਕਿ ਸਾਡਾ ਲੋਕਤੰਤਰ ਹੋਰ ਮਜਬੂਤ ਹੋਵੇ। ਜਿੰਦਲ ਨੇ ਕਿਹਾ ਕਿ ਤੁਹਾਨੂੰ ਸਾਰਿਆਂ ਨੂੰ ਅਪੀਲ ਹੈ ਕਿ ਜਾਓ, ਵੋਟ ਦਿਓ ਅਤੇ ਸਹੀ ਚੋਣ ਕਰੋ। ਇਹ ਨਿਸ਼ਚਿਤ ਹੈ ਕਿ ਹਰਿਆਣਾ ਵਿਚ ਭਾਜਪਾ ਹੀ ਸਰਕਾਰ ਬਣਾਏਗੀ, ਇਸ ਲਈ ਆਪਣੀ ਭਾਗੀਦਾਰੀ ਯਕੀਨੀ ਕਰੋ ਕਿਉਂਕਿ



ਤੁਹਾਡੀ ਹਰੇਕ ਵੋਟ ਮਹੱਤਵਪੂਰਨ ਹੈ। ਦੱਸ ਦੇਈਏ ਕਿ ਜਿੰਦਲ ਦੀ ਮਾਂ ਸਾਵਿਤਰੀ ਜਿੰਦਲ ਵੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵਿਚ ਸ਼ਾਮਲ ਹੋਈ ਸੀ ਪਰ ਟਿਕਟ ਨਾ ਮਿਲਣ ਕਾਰਨ ਪਾਰਟੀ ਤੋਂ ਬਗਾਵਤ ਕਰ ਕੇ ਹਿਸਾਰ ਤੋਂ ਆਜਾਦ ਉਮੀਦਵਾਰ ਦੇ ਰੂਪ ਵਿਚ ਚੋਣ ਲੜ ਰਹੀ ਹੈ। ਜ਼ਿਕਰਯੋਗ ਹੈ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਸ਼ਨੀਵਾਰ ਸਵੇਰੇ 7 ਵਜੇ ਤੋਂ ਸਾਰੀਆਂ 90 ਸੀਟਾਂ ‘ਤੇ ਵੋਟਾਂ ਪੈ ਰਹੀਆਂ ਹਨ। ਵੋਟਾਂ ਦੀ ਗਿਣਤੀ 8 ਅਕਤੂਬਰ ਨੂੰ ਹੋਵੇਗੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਭੁਪਿੰਦਰ ਸਿੰਘ ਹੁੱਡਾ ਸਣੇ ਕਈ ਸਿਆਸੀ ਦਿੱਗਜਾਂ ਦੀ ਕਿਸਮਤ ਅੱਜ ਈ. ਵੀ. ਐੱਮ. ਮਸ਼ੀਨ ਵਿਚ ਬੰਦ ਹੋ ਜਾਵੇਗੀ। ਕਰੀਬ 2.03 ਕਰੋੜ ਵੋਟਰ 1031 ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ।

## 5600 ਕਰੋੜ ਦੇ ਡਰੱਗ ਸਿੰਡੀਕੇਟ ਦਾ ਮਾਮਲਾ; ‘ਮਾਸਟਰਮਾਈਂਡ’ ਤੁਸ਼ਾਰ ਗੋਇਲ

ਨਵੀਂ ਦਿੱਲੀ 5 ਅਕਤੂਬਰ। ਦਿੱਲੀ ਤੋਂ ਬਰਾਮਦ ਕੀਤੀ ਗਈ 5600 ਕਰੋੜ ਦੀ ਡਰੱਗ ਦੇ ਮਾਮਲੇ ‘ਚ ਵੱਡਾ ਖੁਲਾਸਾ ਹੋਇਆ ਹੈ। ਇਸ ਡਰੱਗ ਸਿੰਡੀਕੇਟ ਦਾ ਮਾਸਟਰਮਾਈਂਡ ਅਤੇ ਮੁੱਖ ਦੋਸ਼ੀ ਤੁਸ਼ਾਰ ਗੋਇਲ ਹੈ। ਉਸ ਨੂੰ ਦਿੱਲੀ ਵਿਚ ਡਰੱਗ ਦੀ ਵੱਡੀ ਬਰਾਮਦਗੀ ਦੇ ਸੰਦਰਭ ਵਿਚ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਵਿਚ 560 ਕਿਲੋਗ੍ਰਾਮ ਕੋਕੀਨ ਅਤੇ 40 ਕਿਲੋਗ੍ਰਾਮ ਹਾਈਡ੍ਰੋਪੋਨਿਕ ਮਰਿਜੁਆਨਾ ਜਬਤ ਕੀਤੀ ਗਈ ਸੀ। ਇਸ ਕਾਰੋਬਾਰ ਦੇ ਪਿੱਛੇ ਇਕ ਵੱਡਾ ਅੰਤਰਰਾਸਟਰੀ ਸਿੰਡੀਕੇਟ ਸਾਮਲ ਸੀ। ਤੁਸ਼ਾਰ ਗੋਇਲ ਜਿਸ ਨੇ ਪਹਿਲਾਂ ਦਿੱਲੀ ਪ੍ਰਦੇਸ ਯੂਥ ਕਾਂਗਰਸ ਦੀ ਸੈੱਲ ਦੇ ਚੇਅਰਮੈਨ ਵਜੋਂ ਸੇਵਾ ਨਿਭਾਈ ਸੀ, ਨੇ ਆਪਣੀ ਭੂਮਿਕਾ ‘ਤੇ ਦੌਰਾਨ ਕਈ ਕਾਂਗਰਸ ਲੀਡਰਾਂ ਦਾ ਕਰੀਬੀ ਰਿਹਾ ਹੈ। ਹਾਲਾਂਕਿ ਕਾਂਗਰਸ ਪਾਰਟੀ ਨੇ ਉਸ ਨਾਲ ਕਿਸੇ ਵੀ ਮੌਜੂਦਾ ਸਬੰਧ ਤੋਂ ਇਨਕਾਰ ਕੀਤਾ ਹੈ। ਦੋਸ਼ੀ ਦੀ ਸੋਸ਼ਲ ਮੀਡੀਆ ਪ੍ਰੋਫਾਈਲ ‘ਤੇ ਵੀ ਸੈੱਲ ਚੇਅਰਮੈਨ, ਦਿੱਲੀ ਪ੍ਰਦੇਸ਼ ਕਾਂਗਰਸ ਲਿਖਿਆ ਹੋਇਆ



ਹੈ। ਦੋਸ਼ੀ ਨੇ ਡਿੱਕੀ ਗੋਇਲ ਨਾਂ ਤੋਂ ਸੋਸ਼ਲ ਮੀਡੀਆ ‘ਤੇ ਪ੍ਰਫਾਈਲ ਬਣਾਈ ਹੋਈ ਹੈ। ਅਧਿਕਾਰੀਆਂ ਦੇ ਮੁਤਾਬਕ ਇਸ ਸਿੰਡੀਕੇਟ ਦੇ ਡਰੱਗ ਰਵਾਨਾ ਕਰਨ ਵਾਲੇ ਸੂਤਰ ਦੁਬਈ ਨਾਲ ਜੁੜੇ ਹਨ। ਇਸ ਮਾਮਲੇ ਵਿਚ ਹੋਰ ਸ਼ਖਸ ਹਿਮਾਂਸ਼ੂ ਕੁਮਾਰ ਅਤੇ ਔਰੰਗਜੇਬ ਸਿੱਦੀਕੀ ਵੀ ਸਾਮਲ ਸਨ, ਜੋ ਡਰੱਗ ਦੇ ਟਰਾਂਸਪੋਰਟ ਅਤੇ ਵਿਕਰੀ ਲਈ ਜ਼ਿੰਮੇਵਾਰ ਹਨ। ਦਿੱਲੀ ਪੁਲਸ ਮੁਤਾਬਕ ਦਿੱਲੀ ਵਿਚ ਡਰੱਗ ਸਿੰਡੀਕੇਟ ਨੂੰ ਵਸੰਤ ਵਿਹਾਰ ਦਾ ਰਹਿਣ ਵਾਲਾ ਤੁਸ਼ਾਰ ਗੋਇਲ ਚਲਾਉਂਦਾ ਸੀ। ਤੁਸ਼ਾਰ ਦੇ ਪਿਤਾ ਦਾ ਪਹਾੜਗੰਜ ਅਤੇ ਦਰਿਆਗੰਜ ਵਿਚ ਪਬਲਿਕੇਸ਼ਨ ਦਾ ਵੱਡਾ ਕਾਰੋਬਾਰ ਹੈ। ਤੁਸ਼ਾਰ ਦੀ ਉਮਰ ਕਰੀਬ 40 ਸਾਲ ਹੈ। ਉਹ ਪੜ੍ਹਿਆ-ਲਿਖਿਆ ਹੈ। ਉਸ ਨੂੰ ਗੱਡੀਆਂ ਦਾ ਸ਼ੌਂਕ ਹੈ। ਤੁਸ਼ਾਰ ਦਾ ਇਕ ਸਾਥੀ ਹਿਮਾਂਸ਼ੂ ਵੀ ਇਸ ਪੂਰੇ ਮਾਮਲੇ ਵਿਚ ਹਿੱਸੇਦਾਰ ਹੈ, ਜੋ ਹਮੇਸ਼ਾ ਸਾਏ ਵਾਂਗ ਤੁਸ਼ਾਰ ਨਾਲ ਰਹਿੰਦਾ ਸੀ। ਜਦਕਿ ਔਰੰਗਜੇਬ ਮਾਲ ਲੈ ਕੇ ਜਾਣ ਅਤੇ ਲਿਆਉਣ ਦਾ ਕੰਮ ਕਰਦਾ ਸੀ। ਜਿਸ ਗੋਦਾਮ ਤੋਂ ਕੋਕੀਨ ਦੀ ਖੇਪ ਮਿਲੀ ਹੈ। ਉਸ ਗੋਦਾਮ ਦਾ ਮਾਲਿਕ ਵਸੰਤ ਵਿਹਾਰ ਦਾ ਰਹਿਣ ਵਾਲਾ ਤੁਸ਼ਾਰ ਗੋਇਲ ਹੀ ਹੈ। ਤੁਸ਼ਾਰ ਲਗਜਰੀ ਲਾਈਫ ਜਿਊਂਦਾ ਹੈ ਅਤੇ ਉਸ ਨੂੰ ਬਹੁਤ ਸਾਰਾ ਪੈਸਾ ਹੈ।

# ਰਾਹੁਲ ਗਾਂਧੀ ਨੇ ਸ਼ਿਵਾਜੀ ਮਹਾਰਾਜ ਦੀ ਮੂਰਤੀ ਨੂੰ ਲੈ ਕੇ ਭਾਜਪਾ ਸਰਕਾਰ ‘ਤੇ ਕੀਤਾ ਤਿੱਖਾ ਹਮਲਾ

**ਸਿੰਮੀ ਕੌਰ ਬੱਬਰ**

ਕੋਲਹਾਪੁਰ 5 ਅਕਤੂਬਰ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸਨੀਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ‘ਤੇ ਤਿੱਖਾ ਹਮਲਾ ਕਰਦੇ ਹੋਏ ਕਿਹਾ ਕਿ ਲੋਕਾਂ ਨੂੰ ਡਰਾ ਕੇ ਦੇਸ ਦੇ ਸੰਵਿਧਾਨ ਅਤੇ ਸੰਸਥਾਵਾਂ ਨੂੰ ਤਬਾਹ ਕਰ ਕੇ ਸ਼ਿਵਾਜੀ ਮਹਾਰਾਜ ਅੱਗੇ ਝੁਕਣ ਦਾ ਕੋਈ ਜਾਇਜ ਨਹੀਂ ਹੈ। ਰਾਹੁਲ ਗਾਂਧੀ ਨੇ ਪੱਛਮੀ ਮਹਾਰਾਸਟਰ ਦੇ ਕੋਲਹਾਪੁਰ ਸੇਰ ਵਿਖੇ ਮਰਾਠਾ ਸਾਮਰਾਜ ਦੇ ਸੰਸਥਾਪਕ ਸ਼ਿਵਾਜੀ ਮਹਾਰਾਜ ਦੀ ਮੂਰਤੀ ਦਾ ਉਦਘਾਟਨ ਕੀਤਾ। ਮੂਰਤੀ ਤੋਂ ਪਰਦਾ ਹਟਾਉਣ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਜਨ ਸਭਾ ਨੂੰ ਸੰਬੋਧਨ ਕਰਦਿਆਂ ਸਿੰਧੂਦੁਰਗ ਜ਼ਿਲ੍ਹੇ ਦੇ ਰਾਜਕੋਟ ਕਿਲ੍ਹੇ ਵਿੱਚ ਸਥਾਪਿਤ ਮਰਾਠਾ ਸਾਸਕ ਦੀ ਮੂਰਤੀ ਨੂੰ ਤੋੜਨ ਨੂੰ ਲੈ ਕੇ ਭਾਜਪਾ ਸਰਕਾਰ ਦੀ ਆਲੋਚਨਾ



ਕੀਤੀ ਅਤੇ ਕਿਹਾ ਕਿ ਪਾਰਟੀ ਦੀ ਵਿਚਾਰਧਾਰਾ ਸਹੀ ਨਹੀਂ ਹੈ। ਗਾਂਧੀ ਨੇ ਕਿਹਾ, “ਲੋਕਾਂ ਨੂੰ ਡਰਾਉਣ ਅਤੇ ਦੇਸ ਵਿੱਚ ਸੰਵਿਧਾਨ ਅਤੇ ਸੰਸਥਾਵਾਂ ਨੂੰ ਤਬਾਹ ਕਰਨ ਤੋਂ ਬਾਅਦ ਸ਼ਿਵਾਜੀ ਮਹਾਰਾਜ ਅੱਗੇ ਝੁਕਣ ਦਾ ਕੋਈ ਵਾਜਬ ਨਹੀਂ ਹੈ।“ ਕਾਂਗਰਸ ਨੇਤਾ ਦੀਆਂ ਟਿੱਪਣੀਆਂ ‘ਤੇ ਸਪੱਸਟ ਤੌਰ ‘ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸਾਨਾ ਬਣਾਇਆ ਗਿਆ ਸੀ, ਜਿਨ੍ਹਾਂ ਨੇ ਸ਼ਿਵਾਜੀ ਮਹਾਰਾਜ ਅਤੇ ਉਨ੍ਹਾਂ ਦੀ ਮੂਰਤੀ ਦੇ ਢਹਿ ਜਾਣ ਨਾਲ ਦੁਖੀ ਲੋਕਾਂ ਤੋਂ ਮੁਆਫੀ ਮੰਗੀ ਸੀ। ਉਨ੍ਹਾਂ ਕਿਹਾ, “ਛਤਰਪਤੀ ਸ਼ਿਵਾਜੀ ਮਹਾਰਾਜ ਸਿਰਫ ਇੱਕ ਨਾਮ ਜਾਂ ਰਾਜਾ ਨਹੀਂ ਹਨ।“ ਪ੍ਰਧਾਨ ਮੰਤਰੀ ਮੋਦੀ ਨੇ 4 ਦਸੰਬਰ, 2023 ਨੂੰ ਜਲ ਸੈਨਾ ਦਿਵਸ ਦੇ ਮੌਕੇ ‘ਤੇ ਰਾਜਕੋਟ ਕਿਲੇ ‘ਤੇ 35 ਫੁੱਟ ਉੱਚੀ ਮੂਰਤੀ ਦਾ ਉਦਘਾਟਨ ਕੀਤਾ ਸੀ, ਜੋ 26 ਅਗਸਤ ਨੂੰ ਢਹਿ ਗਿਆ ਸੀ। ਗਾਂਧੀ ਨੇ ਕਿਹਾ ਕਿ ਛਤਰਪਤੀ ਸ਼ਿਵਾਜੀ ਦਾ ਦੁਨੀਆ ਨੂੰ ਸੰਦੇਸ ਸੀ ਕਿ ਦੇਸ ਸਭ ਦਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਉਸ ਯੋਧੇ ਰਾਜੇ ਦੇ ਵਿਚਾਰਾਂ ਦਾ ਪ੍ਰਗਟਾਵਾ ਹੈ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਜੇਕਰ ਛਤਰਪਤੀ ਸ਼ਿਵਾਜੀ ਮਹਾਰਾਜ ਅਤੇ ਸਾਹੂ ਮਹਾਰਾਜ ਵਰਗੇ ਲੋਕ ਨਾ ਹੁੰਦੇ ਤਾਂ ਸੰਵਿਧਾਨ ਨਾ ਬਣਨਾ ਸੀ।

## ਕੋਕੀਨ ਕਾਂਗਰਸ ਬਣ ਗਈ ਹੈ ਦੇਸ਼ ਦੀ ਪ੍ਰਮੁੱਖ ਵਿਰੋਧੀ ਪਾਰਟੀ

ਨਵੀਂ ਦਿੱਲੀ 5 ਅਕਤੂਬਰ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ 5,600 ਕਰੋੜ ਰੁਪਏ ਦੇ ਪਾਬੰਦੀਸ਼ੁਦਾ ਨਸ਼ੀਲੇ ਪਦਾਰਥ ਜਬਤ ਹੋਣ ਦੇ ਮਾਮਲੇ ‘ਚ ਤੁਸ਼ਾਰ ਗੋਇਲ ਦੀ ਗ੍ਰਿਫਤਾਰੀ ਨੂੰ ਲੈ ਕੇ ਵਿਰੋਧੀ ਧਿਰ ‘ਤੇ ਹਮਲਾ ਤੇਜ ਕਰ ਦਿੱਤਾ ਹੈ। ਇੱਥੇ ਭਾਜਪਾ ਹੈੱਡ ਕੁਆਰਟਰ ‘ਚ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਦੇ ਰਾਸ਼ਟਰੀ ਬੁਲਾਰੇ ਗੌਰਵ ਭਾਟੀਆ ਨੇ ਯੂਥ ਕਾਂਗਰਸ ਦੇ ਉਸ ਦਾਅਵੇ ਨੂੰ ਖਾਰਜ ਕਰ ਦਿੱਤਾ ਕਿ ਗੋਇਲ ਨੂੰ 17 ਅਕਤੂਬਰ 2022 ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਲਈ ਬਰਖਾਸਤ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ,“ਇਹ ਇਕ ਜਾਲਸਾਜੀ ਹੈ, ਜਿਸ ਲਈ ਕਾਂਗਰਸ ਪ੍ਰਸਿੱਧ ਹੈ। ਜਿਵੇਂ ਹੀ ਉਹ (ਗੋਇਲ) ਮਾਮਲੇ ‘ਚ ਦੋਸ਼ੀ ਬਣਿਆ, ਸੰਗਠਨ ਤੋਂ ਉਸ ਦੇ ਬਰਖਾਸਤਗੀ ਦਾ ਇਕ ਪੱਤਰ ਜਾਰੀ ਕਰ ਦਿੱਤਾ ਗਿਆ।“ ਉਨ੍ਹਾਂ ਨੇ ਕਾਂਗਰਸ ਤੋਂ ਉਸ ਦੇ ਦਾਅਵੇ ਦੀ ਸੱਚਾਈ ਦਾ ‘ਡਿਜੀਟਲ ਪ੍ਰਮਾਣ’ ਮੰਗਿਆ। ਭਾਟੀਆ ਨੇ ਦੋਸ਼ ਲਗਾਇਆ ਕਿ ਪੁਲਸ ਵਲੋਂ ਜਬਤ ਨਸ਼ੀਲੇ ਪਦਾਰਥ ਦੀ ਬਰਾਮਦਗੀ ਤੋਂ ਪਤਾ ਲੱਗਦਾ ਹੈ ਕਿ ਇਸ ਦਾ ਇਕਮਾਤਰ ਮਕਸਦ ‘ਹਰਿਆਣਾ ਅਤੇ ਦੇਸ਼ ਦੇ ਨੌਜਵਾਨਾਂ’ ਨੂੰ ਨਸ਼ੇ ਵੱਲ ਧੱਕਣਾ ਸੀ। ਉਨ੍ਹਾਂ ਕਿਹਾ,“ਇਹ ਕਿਸ ਤਰ੍ਹਾਂ ਦੀ ‘ਸੀ’ ਕਾਂਗਰਸ ਹੈ? ਸੀ ਕੰਫਿਊਜਨ (ਭਰਮ) ਲਈ, ਸੀ ਭ੍ਰਿਸ਼ਟਾਚਾਰ ਲਈ ਅਤੇ ਹੁਣ ਸੀ ਕੋਕੀਨ ਲਈ। ਕਾਂਗਰਸ ਜੋ ਹੁਣ ਤੱਕ ਭ੍ਰਿਸ਼ਟਾਚਾਰ ਲਈ ਜਾਣੀ ਜਾਂਦੀ ਸੀ, ਹੁਣ ਕੋਕੀਨ ਲਈ ਜਾਣੀ ਜਾਂਦੀ ਹੈ। ਇਹ ਕੋਕੀਨ ਕਾਂਗਰਸ ਬਣ ਗਈ ਹੈ।“ ਭਾਟੀਆ ਨੇ ਕਿਹਾ,“ਰਾਹੁਲ ਗਾਂਧੀ ਨੂੰ ਸਪੱਸ਼ਟੀਕਰਨ ਦੇਣਾ ਚਾਹੀਦਾ। ਲੋਕ ਕਹਿ ਰਹੇ ਹਨ ਕਿ ਭ੍ਰਿਸ਼ਟ ਕਾਂਗਰਸ ਹੁਣ ਕੋਕੀਨ ਕਾਂਗਰਸ ਹੈ।

## 17 ਅਕਤੂਬਰ ਨੂੰ ਰੱਖ-ਰਖਾਅ ਕਾਰਨ ਕਰਕੇ 6 ਘੰਟੇ ਬੰਦ ਰਹੇਗਾ ਮੁੰਬਈ ਹਵਾਈ ਅੱਡਾ

ਮੁੰਬਈ 5 ਅਕਤੂਬਰ। ਮੁੰਬਈ ਹਵਾਈ ਅੱਡੇ ‘ਤੇ ਮਾਨਸੂਨ ਤੋਂ ਬਾਅਦ ਦੇ ਰੱਖ-ਰਖਾਅ ਕੰਮ ਲਈ 17 ਅਕਤੂਬਰ ਨੂੰ ਛੇ ਘੰਟਿਆਂ ਲਈ ਉਡਾਣਾਂ ਬੰਦ ਰਹਿਣਗੀਆਂ। ਇਸ ਦੌਰਾਨ ਦੋ ਹਵਾਈ ਪੱਟੀਆਂ ‘ਤੇ ਰੱਖ-ਰਖਾਅ ਦਾ ਕੰਮ ਕੀਤਾ ਜਾਵੇਗਾ। ਮੁੰਬਈ ਇੰਟਰਨੈਸਨਲ ਏਅਰਪੋਰਟ ਲਿਮਿਟੇਡ () ਨੇ ਸੁੱਕਰਵਾਰ ਨੂੰ ਕਿਹਾ ਕਿ ਇਹ ਕਦਮ ਮੁੰਬਈ ਹਵਾਈ ਅੱਡੇ ਦੀ ਮੌਨਸੂਨ ਤੋਂ ਬਾਅਦ ਦੀ



ਸਾਲਾਨਾ ਰੱਖ-ਰਖਾਅ ਯੋਜਨਾ ਦਾ ਹਿੱਸਾ ਹੈ। ਇਸ ਸਬੰਧ ਵਿੱਚ ਛੇ ਮਹੀਨੇ ਪਹਿਲਾਂ ਇੱਕ ਨੋਟਿਸ (ਨੋਟੈਮ) ਜਾਰੀ ਕੀਤਾ ਗਿਆ ਸੀ। ਨੇ ਕਿਹਾ, “ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸਟਰੀ ਹਵਾਈ ਅੱਡੇ () ਦੇ ਮੌਨਸੂਨ ਤੋਂ ਬਾਅਦ ਏਅਰਸਟ੍ਰਿਪ ਮੇਨਟੇਨੈਂਸ ਸਕੀਮ ਦੇ ਤਹਿਤ, ਏਅਰਸਟ੍ਰਿਪਸ – 09/27 ਅਤੇ 14/32 ‘ਤੇ 17 ਅਕਤੂਬਰ, 2024 ਨੂੰ ਸਵੇਰੇ 11 ਵਜੇ ਤੋਂ ਸਾਮ 5 ਵਜੇ ਤੱਕ ਅਸਥਾਈ ਤੌਰ ‘ਤੇ ਗੈਰ-ਕਾਰਜਸੀਲ ਰਹਿਣਗੀਆਂ।“ ਬਿਆਨ ਵਿੱਚ ਕਿਹਾ ਗਿਆ ਹੈ ਕਿ ਨਿਰਵਿਘਨ ਸੰਚਾਲਨ ਅਤੇ ਰੱਖ-ਰਖਾਅ ਨੂੰ ਯਕੀਨੀ ਬਣਾਉਣ ਲਈ ਮੁੱਖ ਸਟੇਕਹੋਲਡਰਾਂ ਦੇ ਸਹਿਯੋਗ ਨਾਲ ਪਹਿਲਾਂ ਹੀ ਫਲਾਈਟ ਸਡਿਊਲ ਦਾ ਤਾਲਮੇਲ ਕੀਤਾ ਗਿਆ ਹੈ।

# ਸਿਹਤਮੰਦ ਪੰਜਾਬ ਬਣਾਉਣ ‘ਚ ਲੱਗੀ ਸੂਬਾ ਸਰਕਾਰ, ਗਰੀਬਾਂ ਦਾ ਸਹਾਰਾ ਬਣੇ ਆਮ ਆਦਮੀ ਕਲੀਨਿਕ

**ਏਜੰਸੀਆਂ**

ਜਲੰਧਰ 5 ਅਕਤੂਬਰ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਨੂੰ ਸਿਹਤਮੰਦ ਬਣਾਉਣ ਦੇ ਸੁਫਨੇ ਨੂੰ ਸਾਕਾਰ ਕਰਨ ਵੱਲ ਵੱਧ ਰਹੀ ਹੈ। ਜਿਸ ਦੇ ਤਹਿਤ ਪੰਜਾਬ ਵਾਸੀਆਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਪਿੰਡਾਂ ਅਤੇ ਸ਼ਹਿਰਾਂ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਹੁਣ ਤੱਕ ਪਿੰਡਾਂ ਅਤੇ ਸ਼ਹਿਰਾਂ ਵਿਚ 872 ਆਮ ਆਦਮੀ ਕਲੀਨਿਕ ਖੋਲ੍ਹੇ ਜਾ ਚੁੱਕੇ ਹਨ। ਇਨ੍ਹਾਂ ਕਲੀਨਿਕਾਂ ਵਿਚੋਂ ਕਰੀਬ 96 ਫੀਸਦੀ ਲੋਕ ਠੀਕ ਹੋ ਚੁੱਕੇ ਹਨ। ਇਨ੍ਹਾਂ ਕਲੀਨਿਕਾਂ ਵਿਚ 80 ਤਰ੍ਹਾਂ ਦੀਆਂ ਜ਼ਰੂਰੀ ਦਵਾਈਆਂ ਅਤੇ 38 ਤਰ੍ਹਾਂ ਦੇ ਟੈਸਟਾਂ ਦੀ ਮੁਫਤ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਇਨ੍ਹਾਂ ਆਮ ਆਦਮੀ ਕਲੀਨਿਕਾਂ ਵਿਚ ਹੁਣ ਤੱਕ ਇਕ ਕਰੋੜ ਤੋਂ ਵੱਧ ਲੋਕ ਲਾਭ ਲੈ ਚੁੱਕੇ ਹਨ। ਮੰਡੀ ਗੋਬਿੰਦਗੜ੍ਹ ਦੀ ਰਹਿਣ ਵਾਲੀ ਦਲਜੀਤ ਕੌਰ ਨੇ ਕਿਹਾ ਕਿ ਸਾਨੂੰ ਪਹਿਲਾਂ ਦਵਾਈ ਲੈਣ ਲਈ ਬੇਹੱਦ ਦੂਰ ਜਾਣਾ ਪੈਂਦਾ ਸੀ। ਹੁਣ ਸਾਨੂੰ ਆਮ ਆਦਮੀ ਕਲੀਨਿਕ ਵਿਚ ਦਵਾਈ ਵਿਚ ਮਿਲ ਰਹੀ ਹੈ ਅਤੇ ਟੈਸਟ ਵੀ ਮੁਫਤ ਵਿਚ ਕੀਤੇ ਜਾਂਦੇ ਹਨ। ਗਰੀਬ ਲੋਕਾਂ ਲਈ ਨਿੱਜੀ ਹਸਪਤਾਲਾਂ ਵਿਚ ਪੈਸਾ ਲਾਉਣਾ ਬੇਹੱਦ ਔਖਾ ਹੁੰਦਾ ਹੈ। ਉਥੇ ਹੀ ਉਨ੍ਹਾਂ ਵੱਲੋਂ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ ਹੈ। ਸਰਬਜੀਤ ਕੌਰ ਨੇ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿਚ ਦਵਾਈਆਂ ਬਹੁਤ ਹੀ ਵਧੀਆ ਮਿਲ ਜਾਂਦੀਆਂ ਹਨ।



ਆਮ ਆਦਮੀ ਕਲੀਨਿਕਾਂ ਕਰਕੇ ਆਮ ਲੋਕਾਂ ਨੂੰ ਕਾਫੀ ਫਾਇਦਾ ਪਹੁੰਚ ਰਿਹਾ ਹੈ। ਮੰਡੀ ਗੋਬਿੰਦਗੜ੍ਹ ਵਿਖੇ ਫਾਰਮਾਸਿਸਟ ਦੇ ਤੌਰ ‘ਤੇ ਨੌਕਰੀ ਕਰ ਰਹੀ ਰਿਪਨ ਨੇ ਦੱਸਿਆ ਕਿ ਕਿਸੇ ਵੀ ਤਰ੍ਹਾਂ ਦੇ ਪੈਸੇ ਮਰੀਜ ਕੋਲੋਂ ਨਹੀਂ ਲਏ ਜਾਂਦੇ ਹਨ ਅਤੇ ਦਵਾਈਆਂ ਮੁਫਤ ਵਿਚ ਮਰੀਜਾਂ ਨੂੰ ਮਿਲਦੀਆਂ ਹਨ। ਦਵਾਈਆਂ ਖਤਮ ਹੋਣ ਤੋਂ ਇਕ ਮਹੀਨਾ ਪਹਿਲਾਂ ਸਾਨੂੰ ਸਾਰੀਆਂ ਦਵਾਈਆਂ ਮੁਹਈਆਂ ਕਰਵਾ ਦਿੱਤੀਆਂ ਹਨ। ਉਨ੍ਹਾਂ ਵੱਲੋਂ ਪੰਜਾਬ ਸਰਕਾਰ ਵੱਲੋਂ ਆਮ ਆਦਮੀ ਕਲੀਨਿਕ ਖੋਲ੍ਹਣ ਅਤੇ ਇਨ੍ਹਾਂ ਕਲੀਨਿਕਾਂ ਵਿਚ ਰੁਜਗਾਰ ਮੁਹੱਈਆ ਕਰਵਾਉਣ ‘ਤੇ ਮਾਨ ਸਰਕਾਰ ਦਾ ਧੰਨਵਾਦ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸੂਬੇ ‘ਚ ਆਮ ਆਦਮੀ ਕਲੀਨਿਕ ਸੁਰੂ ਹੋਣ ਤੋਂ ਬਾਅਦ ਸਿਵਲ ਹਸਪਤਾਲਾਂ ‘ਤੇ ਵੀ ਬੋਝ ਘੱਟ ਹੋਇਆ ਹੈ। ਇਹ ਕਲੀਨਿਕ ਵਿਸੇਸ ਤੌਰ ‘ਤੇ ਓ. ਪੀ. ਡੀ. ਸੇਵਾਵਾਂ ਦੀ ਲੋੜ ਵਾਲੇ ਮਰੀਜਾਂ ਲਈ ਵਰਦਾਨ ਸਾਬਤ ਹੋਏ ਹਨ, ਜੋ ਹੁਣ ਤੱਕ ਲੰਬੀ ਲਾਈਨ ਵਿਚ ਖੜ੍ਹੇ ਹੋਣ ਦੇ ਡਰ ਕਾਰਨ ਸਰਕਾਰੀ ਸਿਹਤ ਸੇਵਾਵਾਂ ਦਾ ਲਾਭ ਨਹੀਂ ਲੈ ਰਹੇ ਸਨ। ਉਨ੍ਹਾਂ ਲੋਕਾਂ ਦਾ ਭਰੋਸਾ ਨਿੱਜੀ ਹਸਪਤਾਲਾਂ ਦੀ ਬਜਾਏ ਆਮ ਆਦਮੀ ਕਲੀਨਿਕਾਂ ‘ਤੇ ਵੱਧ ਰਿਹਾ ਹੈ।

# ਕੇਂਦਰ ਦੀ ਮਦਦ ਦੇ ਬਿਨਾਂ ਕਾਂਗਰਸ ਇਕ ਦਿਨ ਵੀ ਨਹੀਂ ਚਲਾ ਸਕਦੀ ਹਿਮਾਚਲ ਸਰਕਾਰ : ਨੱਢਾ

**ਨਵਦੀਪ ਸਿੰਘ ਸਾਹਨੀ**

ਸ਼ਿਮਲਾ 5 ਅਕਤੂਬਰ। ਕੇਂਦਰੀ ਸਿਹਤ ਮੰਤਰੀ ਜੇ.ਪੀ. ਨੱਢਾ ਨੇ ਸ਼ੁੱਕਰਵਾਰ ਨੂੰ ਦੋਸ਼ ਲਗਾਇਆ ਕਿ ਕਾਂਗਰਸ ਕੇਂਦਰ ਦੀ ਮਦਦ ਦੇ ਬਿਨਾਂ ਇਕ ਦਿਨ ਵੀ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨਹੀਂ ਚਲਾ ਸਕਦੀ। ਬਿਲਾਸਪੁਰ ‘ਚ ਭਾਜਪਾ ਦੀ ਰਾਜ ਇਕਾਈ ਵਲੋਂ ਆਯੋਜਿਤ ਕੀਤੇ ਗਏ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਨੱਢਾ ਨੇ ਕਿਹਾ ਕਿ ਕੇਂਦਰ ਸਰਕਾਰ ਮਾਲੀਆ ਘਾਟੇ ਦੀ ਗ੍ਰਾਂਟ ਵਜੋਂ 500 ਕਰੋੜ ਰੁਪਏ ਅਤੇ ਤਨਖਾਹ ਤੇ ਪੈਨਸ਼ਨ ਭੁਗਤਾਨ ਲਈ ਗ੍ਰਾਂਟ ਵਜੋਂ 800 ਕਰੋੜ ਰੁਪਏ ਦਿੰਦੀ ਹੈ। ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨੇ ਦਾਅਵਾ ਕੀਤਾ ਕਿ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਵੱਖ-ਵੱਖ ਮੌਕਿਆਂ ‘ਤੇ ਵੱਖ-ਵੱਖ ਗੱਲ ਕਰਦੇ ਹਨ। ਉਨ੍ਹਾਂ ਕਿਹਾ ਜਦੋਂ ਉਹ ਹਿਮਾਚਲ ਪ੍ਰਦੇਸ਼ ‘ਚ ਅਤੇ ਚੋਣਾਂ ਦੌਰਾਨ ਬੋਲਦੇ ਹਨ ਤਾਂ ਕਹਿੰਦੇ ਹਨ ਰਾਜ ਨੂੰ ਕੇਂਦਰ ਤੋਂ ਕੁਝ ਨਹੀਂ ਮਿਲਦਾ, ਜਦੋਂ ਕਿ ਦੂਜੇ ਪਾਸੇ ਦਿੱਲੀ ‘ਚ ਉਹ ਵਿੱਤੀ ਮਦਦ ਲਈ




ਧੰਨਵਾਦ ਕਰਦੇ ਹਨ ਅਤੇ ਹੋਰ ਵੱਧ ਮਦਦ ਦੀ ਗੁਹਾਰ ਲਗਾਉਂਦੇ ਹਨ।“ ਉਨ੍ਹਾਂ ਕਿਹਾ,“ਕਾਂਗਰਸ ਹਿਮਾਚਲ ਪ੍ਰਦੇਸ਼ ‘ਚ ਕੇਂਦਰ ਦੀ ਮਦਦ ਦੇ ਬਿਨਾਂ ਇਕ ਦਿਨ ਵੀ ਸਰਕਾਰ ਨਹੀਂ ਚਲਾ ਸਕਦੀ ਪਰ ਰਾਜ ਸਰਕਾਰ ਕੋਲ ਇਸ ਗੱਲ ਦਾ ਕੋਈ ਹਿਸਾਬ ਨਹੀਂ ਹੈ ਕਿ ਪੈਸਾ ਕਿੱਥੇ ਖਰਚ ਹੋ ਰਿਹਾ ਹੈ।“ ਨੱਢਾ ਨੇ ਕਿਹਾ ਕਿ ਇਸ ਤੰਬਰ ‘ਚ ਪਹਿਲੀ ਤਾਰੀਖ ਨੂੰ ਰਾਜ ਸਰਕਾਰ ਦੇ ਕਰਮਚਾਰੀਆਂ ਨੂੰ ਤਨਖਾਹ ਨਾ ਦੇ ਕੇ ਸੁੱਖੂ ਨੇ ਸਾਬਕਾ ਕਾਂਗਰਸ ਸਰਕਾਰਾਂ ਦੇ ਸਾਰੇ ਰਿਕਾਰਡ ਤੋੜ ਦਿੱਤੇ। ਉਨ੍ਹਾਂ ਨੇ ਇਸ ਨੂੰ ਮੌਜੂਦਾ ਸਰਕਾਰ ਦੀ ਸਭ ਤੋਂ ਵੱਡੀ ਆਫਤ ਦੱਸਿਆ। ਮੰਤਰੀ ਨੇ ਇਹ ਵੀ ਦਾਅਵਾ ਕੀਤਾ ਕਿ ਕਾਂਗਰਸ ਸ਼ਾਸਿਤ ਰਾਜਾਂ ‘ਚ ਨਸ਼ਾਖੋਰੀ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ‘ਚ 5,600 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜਬਤੀ ਮਾਮਲੇ ‘ਚ ਕਾਂਗਰਸ ਆਗੂ ਸ਼ਾਮਲ ਪਾਇਆ ਗਿਆ। ਭਾਜਪਾ ਆਗੂ ਨੇ ਕਿਹਾ,“ਕਾਂਗਰਸ ਹੈ ਤਾਂ ਭ੍ਰਿਸ਼ਟਾਚਾਰ ਹੈ, ਕਾਂਗਰਸ (ਦਾ ਮਤਲਬ) ਅਪਰਾਧੀਕਰਨ ਅਤੇ ਕਮਿਸ਼ਨ ਹੈ।“

## ਡਿਪਟੀ ਸਪੀਕਰ ਨੇ ਮਾਰੀ ਤੀਜੀ ਮੰਜਿਲ ਤੋਂ ਛਾਲ

ਮੁੰਬਈ 5 ਅਕਤੂਬਰ। ਅਜੀਤ ਪਵਾਰ ਦੀ ਅਗਵਾਈ ਵਾਲੀ ਐੱਨਸੀਪੀ ਵਿਧਾਨ ਸਭਾ ਦੇ ਡਿਪਟੀ ਸਪੀਕਰ ਨਰਹਰੀ ਝਿਰਵਾਲ ਨੇ ਸ਼ੁੱਕਰਵਾਰ ਨੂੰ ਮੁੰਬਈ ‘ਚ ਮਹਾਰਾਸ਼ਟਰ ਸਰਕਾਰ ਦੇ ਪ੍ਰਸ਼ਾਸਨਿਕ ਹੈੱਡ ਕੁਆਰਟਰ ‘ਮੰਤਰਲਾ ਭਵਨ’ ਦੀ ਤੀਜੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਖੁਸਕਿਸਮਤੀ ਇਹ ਰਹੀ ਕਿ ਉਹ ਸਾਰੇ ਇਮਾਰਤ ‘ਚ ਲਗਾਏ ਗਏ ਸੁਰੱਖਿਆ ਜਾਲ ‘ਚ ਫਸ ਗਏ ਅਤੇ ਹੇਠਾਂ ਫਰਸ ‘ਤੇ ਡਿੱਗਣ ਤੋਂ ਬਚ ਗਏ ਅਤੇ ਵੱਡਾ ਹਾਦਸਾ ਹੋਣ ਤੋਂ ਟਲ ਗਿਆ। ਇਹ ਘਟਨਾ ਕੈਮਰੇ ‘ਚ ਕੈਦ ਹੋ ਗਈ ਅਤੇ ਹੁਣ ਸੋਸਲ ਮੀਡੀਆ ‘ਤੇ ਵਾਇਰਲ ਹੋ ਰਹੀ ਹੈ। ਦਰਅਸਲ ਇਹ ਸਾਰੇ ਰਾਖਵੇਂਕਰਨ ਲਈ ਅੰਦੋਲਨ ਕਰ ਰਹੇ ਸਨ। ਅਜੀਤ ਪਵਾਰ ਦੇ ਇਨ੍ਹਾਂ ਵਿਧਾਇਕਾਂ ਦੀ ਮੰਗ ਹੈ ਕਿ ਧਨਗਰਾਂ ਨੂੰ ਆਦਿਵਾਸੀ ਰਾਖਵੇਂਕਰਨ ‘ਚ ਕੋਟਾ ਨਾ ਦਿੱਤਾ ਜਾਵੇ ਅਤੇ ਉਨ੍ਹਾਂ ਲਈ ਵੱਖਰੇ ਰਾਖਵੇਂਕਰਨ ਦਾ ਪ੍ਰਬੰਧ ਕੀਤਾ ਜਾਵੇ। ਮਹਾਰਾਸਟਰ ਦੇ ਆਦਿਵਾਸੀ ਵਿਧਾਇਕ ਇਸ ਮੁੱਦੇ ਨੂੰ ਲੈ ਕੇ ਲਗਾਤਾਰ ਅੰਦੋਲਨ ਕਰ ਰਹੇ ਹਨ। ਕੈਬਨਿਟ ਮੀਟਿੰਗ ਦੌਰਾਨ ਅਜੀਤ ਪਵਾਰ ਧੜੇ ਦੇ ਆਦਿਵਾਸੀ ਵਿਧਾਇਕਾਂ ਨੇ ਮੰਤਰਾਲਾ ਇਮਾਰਤ ਦੀ ਤੀਜੀ ਮੰਜ਼ਿਲ ਤੋਂ ਸੁਰੱਖਿਆ ਜਾਲ ‘ਤੇ ਛਾਲ ਮਾਰ ਕੇ ਵਿਰੋਧ ਜਤਾਇਆ। ਉਨ੍ਹਾਂ ਦੇ ਨਾਲ ਡਿਪਟੀ ਸਪੀਕਰ ਨਰਹਰੀ ਝਿਰਵਾਲ ਨੇ ਵੀ ਸੁਰੱਖਿਆ ਜਾਲ ‘ਤੇ ਛਾਲ ਮਾਰ ਦਿੱਤ ਨਰਹਰੀ ਝਿਰਵਾਲ ਨੇ ਕੁਝ ਕਬਾਇਲੀ ਵਿਧਾਇਕਾਂ ਦੇ ਨਾਲ ਬੁੱਧਵਾਰ ਨੂੰ ਮੁੱਖ ਮੰਤਰੀ ਏਕਨਾਥ ਸ਼ਿੰਦੇ ਨਾਲ ਸਹਿਯਾਦਰੀ ਗੈਸਟ ਹਾਊਸ ‘ਚ ਮੁਲਾਕਾਤ ਕੀਤੀ ਅਤੇ ਮੰਗ ਕੀਤੀ ਕਿ ਆਦਿਵਾਸੀ ਰਾਖਵੇਂਕਰਨ ‘ਚ ਕਿਸੇ ਹੋਰ ਜਾਤੀ ਨੂੰ ਸਾਮਲ ਨਹੀਂ ਕੀਤਾ ਜਾਣਾ ਚਾਹੀਦਾ। ਹਾਲਾਂਕਿ ਉਨ੍ਹਾਂ ਨੂੰ ਮੁੱਖ ਮੰਤਰੀ ਨੂੰ ਮਿਲਣ ਲਈ 7 ਘੰਟੇ ਉਡੀਕ ਕਰਨੀ ਪਈ। ਇਸ ਤੋਂ ਕਬਾਇਲੀ ਵਿਧਾਇਕ ਨਾਖੁਸ ਸਨ, ਲੰਬਾ ਸਮਾਂ ਇੰਤਜਾਰ ਕਰਨ ਤੋਂ ਬਾਅਦ ਵੀ ਉਹ ਮੁੱਖ ਮੰਤਰੀ ਨੂੰ ਨਹੀਂ ਮਿਲ ਸਕੇ, ਜਿਸ ਕਾਰਨ ਕੁਝ ਵਿਧਾਇਕਾਂ ਨੇ ਮੰਤਰਾਲੇ ‘ਚ ਜਾਲ ‘ਤੇ ਛਾਲ ਮਾਰ ਦਿੱਤੀ।

# ਕੁਮਾਰੀ ਸ਼ੈਲਜਾ ਦਾ ਮਨੋਹਰ ਲਾਲ ਖੱਟੜ ਨੂੰ ਜਵਾਬ- ਭਾਜਪਾ ਆਪਣਾ ਘਰ ਸੰਭਾਲੇ

**ਤੇਜਿੰਦਰ ਕੌਰ ਬੱਬਰ**

ਹਿਸਾਰ 5 ਅਕਤੂਬਰ। ਹਰਿਆਣਾ ‘ਚ ਸਿਰਸਾ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਕੁਮਾਰੀ ਸੈਲਜਾ ਨੇ ਸਨੀਵਾਰ ਨੂੰ ਦੁਹਰਾਇਆ ਕਿ ਪਾਰਟੀ ਹਾਈਕਮਾਂਡ ਕਾਂਗਰਸ ਦੀ ਸਰਕਾਰ ਬਣਨ ਤੋਂ ਬਾਅਦ ਨਵੇਂ ਚੁਣੇ ਗਏ ਵਿਧਾਇਕਾਂ ਨਾਲ ਚਰਚਾ ਕਰਨ ਤੋਂ ਬਾਅਦ ਮੁੱਖ ਮੰਤਰੀ ਬਾਰੇ ਫੈਸਲਾ ਕਰੇਗੀ। ਕਾਂਗਰਸ ਦੀ ਜਨਰਲ ਸਕੱਤਰ ਸੈਲਜਾ ਨੇ ਵੋਟ ਪਾਉਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਜਪਾ ਸੱਤਾ ‘ਚ ਹੋਣ ਕਾਰਨ ਉਨ੍ਹਾਂ ਲਈ ਮੁੱਖ ਮੰਤਰੀ ਦਾ ਚਿਹਰਾ ਪੇਸ਼ ਕਰਨਾ ਸੁਭਾਵਿਕ ਹੈ ਪਰ ਕਾਂਗਰਸ ਵਿਰੋਧੀ ਧਿਰ ‘ਚ ਹੋਣ ਕਾਰਨ ਅਜਿਹਾ ਨਹੀਂ ਕਰ ਸਕਦੀ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਦੀ ਸਰਕਾਰ ਬਣਨ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਨੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ ਪਰ ਹਰਿਆਣਾ ਵਿਚ ਵਿਰੋਧੀ ਧਿਰ ਦੇ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਨੂੰ ਮੁੱਖ ਮੰਤਰੀ ਅਹੁਦੇ ਲਈ ਅਣਐਲਾਨਿਆ ਚਿਹਰਾ ਮੰਨਿਆ ਜਾ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੇ ਨੇਤਾ ਅਤੇ ਕੇਂਦਰੀ ਮੰਤਰੀ ਮਨੋਹਰ ਲਾਲ ਖੱਟੜ ਵੱਲੋਂ ਉਨ੍ਹਾਂ ਨੂੰ ਭਾਜਪਾ ‘ਚ ਸਾਮਲ ਹੋਣ ਦਾ ਸੱਦਾ ਦੇਣ ਦੇ ਸਵਾਲ ‘ਤੇ ਕੁਮਾਰੀ ਸੈਲਜਾ ਨੇ ਕਿਹਾ ਕਿ ਪਹਿਲਾਂ ਭਾਜਪਾ ਨੂੰ ਆਪਣਾ ਘਰ ਸੰਭਾਲਣਾ ਚਾਹੀਦਾ ਹੈ। ਹੈਰਾਨੀ ਦੀ ਗੱਲ ਹੈ ਕਿ ਚੋਣ ਪ੍ਰਚਾਰ ਦੇ ਆਖਰੀ ਦਿਨ ਉਨ੍ਹਾਂ ਨੇ ਡਾ. ਅਸੋਕ ਤੰਵਰ ਦੇ ਭਾਜਪਾ ਛੱਡ ਕੇ



ਕਾਂਗਰਸ ‘ਚ ਸਾਮਲ ਹੋਣ ਦੇ ਫੈਸਲੇ ਨੂੰ ਹਵਾ ਨਾ ਦਿੰਦੇ ਹੋਏ ਕਿਹਾ ਕਿ ਇਹ ਕੋਈ ਵੱਡਾ ਵਿਕਾਸ ਨਹੀਂ ਹੈ, ਲੋਕ ਆਉਂਦੇ-ਜਾਂਦੇ ਰਹਿੰਦੇ ਹਨ। ਤੰਵਰ ਅਤੇ ਸ਼ੈਲਜਾ ਦੋਵੇਂ ਦਲਿਤ ਭਾਈਚਾਰੇ ਤੋਂ ਆਉਂਦੇ ਹਨ, ਦੋਵੇਂ ਹਰਿਆਣਾ ਕਾਂਗਰਸ ਦੇ ਪ੍ਰਧਾਨ ਰਹਿ ਚੁੱਕੇ ਹਨ ਅਤੇ ਮਾਰਚ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਸਿਰਸਾ ਤੋਂ ਵਿਰੋਧੀ ਵਜੋਂ ਚੋਣ ਲੜ ਚੁੱਕੇ ਹਨ।

## ਜੈਸ਼-ਏ-ਮੁਹੰਮਦ ਮਾਮਲੇ ‘ਚ ਐੱਨ.ਆਈ.ਏ. ਨੇ ਜੰਮੂ ਤੇ ਦਿੱਲੀ ਸਣੇ 5 ਸੂਬਿਆਂ ‘ਚ ਕੀਤੀ ਛਾਪੇਮਾਰੀ

ਸ਼੍ਰੀਨਗਰ 5 ਅਕਤੂਬਰ। ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ.) ਦੇ ਅਧਿਕਾਰੀਆਂ ਨੇ ਪਾਬੰਦੀਸ਼ੁਦਾ ਸੰਗਠਨ ਜੈਸ਼-ਏ-ਮੁਹੰਮਦ ਦੀਆਂ ਗਤੀਵਿਧੀਆਂ ਨਾਲ ਸੰਬੰਧਤ ਇਕ ਮਾਮਲੇ ‘ਚ ਰਾਸ਼ਟਰੀ ਰਾਜਧਾਨੀ ਸਣੇ 5 ਸੂਬਿਆਂ ਦੇ 22 ਟਿਕਾਣਿਆਂ ‘ਤੇ ਛਾਪੇਮਾਰੀ ਕੀਤੀ ਹੈ। ਐੱਨ.ਆਈ.ਏ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਛਾਪੇਮਾਰੀ ਜੰਮੂ ਕਸ਼ਮੀਰ, ਮਹਾਰਾਸ਼ਟਰ, ਉੱਤਰ ਪ੍ਰਦੇਸ਼, ਆਸਾਮ ਅਤੇ ਦਿੱਲੀ ‘ਚ ਕੀਤੀ ਗਈ। ਅਧਿਕਾਰੀਆਂ ਨੇ ਕਿਹਾ ਕਿ ਤਲਾਸ਼ੀ ਲਈ ਐੱਨ.ਆਈ.ਏ. ਦੀਆਂ ਟੀਮਾਂ ਨੂੰ ਸਥਾਨਕ ਅਧਿਕਾਰੀਆਂ ਵਲੋਂ ਮਦਦ ਪ੍ਰਦਾਨ ਕੀਤੀ ਜਾ ਰਹੀ ਹੈ। ਐੱਨ.ਆਈ.ਏ. ਦੇ ਬੁਲਾਰੇ ਨੇ ਕਿਹਾ ਕਿ ਏਜੰਸੀ ਦੀ ਦਿੱਲੀ ਬਰਾਂਚ ‘ਚ ਦਰਜ ਇਕ ਮਾਮਲੇ ‘ਚ 5 ਸੂਬਿਆਂ ਦੀਆਂ 22 ਥਾਵਾਂ ‘ਤੇ ਛਾਪੇਮਾਰੀ ਜਾਰੀ ਹੈ। ਐੱਨ.ਆਈ.ਏ. ਨੇ ਕਿਹਾ,“ਆਰਸੀ-13/24/ਐੱਨ.ਆਈ.ਏ./ਡੀ.ਐੱਲ.ਆਈ. ਮਾਮਲੇ ‘ਚ ਤਲਾਸ਼ੀ ਲਈ ਜਾ ਰਹੀ ਹੈ।

# ਵਿਦੇਸ਼ ਮੰਤਰੀ ਜੈਸ਼ੰਕਰ ਜਾਣਗੇ ਪਾਕਿਸਤਾਨ

ਨਵੀਂ ਦਿੱਲੀ 5 ਅਕਤੂਬਰ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦੀ ਬੈਠਕ ‘ਚ ਹਿੱਸਾ ਲੈਣ ਲਈ ਪਾਕਿਸਤਾਨ ਜਾਣਗੇ। ਵਿਦੇਸ਼ ਮੰਤਰਾਲਾ ਨੇ ਇਸ ਦੀ ਪੁਸ਼ਟੀ ਕੀਤੀ ਹੈ। ਇਸ ਵਾਰ ਐੱਸ.ਸੀ.ਓ. ਸਿਖਰ ਸੰਮੇਲਨ ਦੀ ਮੇਜਬਾਨੀ ਪਾਕਿਸਤਾਨੀ ਕਰ ਰਿਹਾ ਹੈ। ਇਹ ਬੈਠਕ 15-16 ਅਕਤੂਬਰ ਨੂੰ ਹੋਵੇਗੀ। ਪਾਕਿਸਤਾਨ ਕੋਲ ਐੱਸ.ਸੀ.ਓ. ਦੇ ਕਾਊਂਸਿਲ ਆਫ ਹੈੱਡਸ ਆਫ ਗਵਰਨਮੈਂਟ ਦੀ ਪ੍ਰਧਾਨਗੀ ਹੈ ਜੋ ਰੋਟੇਟ ਹੁੰਦੀ ਰਹਿੰਦੀ ਹੈ। ਆਪਣੇ ਕਾਰਜਕਾਲ ‘ਚ ਉਹ ਅਕਤੂਬਰ ‘ਚ 2 ਦਿਨਾ ਐੱਸ.ਸੀ.ਓ. ਹੈੱਡਸ ਆਫ ਗਵਰਨਮੈਂਟ ਮੀਟਿੰਗ ਦੀ ਮੇਜਬਾਨੀ ਕਰੇਗੀ। ਇਸ ਤੋਂ ਪਹਿਲਾਂ ਅਗਸਤ ‘ਚ ਪਾਕਿਸਤਾਨ ਨੇ ਭਾਰਤ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਕਤੂਬਰ ‘ਚ ਹੋਣ ਵਾਲੀ ਸ਼ੰਘਾਈ ਸਹਿਯੋਗ ਸੰਗਠਨ ਦੀ ਕਾਊਂਸਿਲ ਆਫ ਹੈੱਡਸ ਆਫ ਗਵਰਨਮੈਂਟ ਦੀ ਬੈਠਕ ‘ਚ ਸੱਦਾ ਦਿੱਤਾ ਸੀ। ਪਾਕਿਸਤਾਨ ਦੇ ਵਿਦੇਸ਼ ਦਫਤਰ ਦੀ ਬੁਲਾਰਾ ਮੁਮਤਾ ਜਹਰਾ ਬਲੂਚ ਨੇ ਕਿਹਾ ਸੀ ਕਿ 15-16 ਅਕਤੂਬਰ ਨੂੰ ਹੋਣ ਵਾਲੀ ਬੈਠਕ ‘ਚ ਹਿੱਸਾ ਲੈਣ ਲਈ ਮੈਂਬਰ ਦੇਸ਼ਾਂ ਦੇ ਮੁਖੀਆਂ ਨੂੰ ਸੱਦਾ ਭੇਜਿਆ ਗਿਆ ਹੈ। ਇਸੇ ਦੇ ਅਧੀਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਸੱਦਾ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕੁਝ ਦੇਸ਼ਾਂ ਨੇ ਪਹਿਲੇ ਹੀ ਬੈਠਕ ‘ਚ ਹਿੱਸੇਦਾਰੀ ਦੀ ਪੁਸ਼ਟੀ ਕਰ ਦਿੱਤੀ ਹੈ, ਜਿਸ ਬਾਰੇ ਉੱਚਿਤ ਸਮੇਂ ‘ਤੇ ਜਾਣਕਾਰੀ ਦਿੱਤੀ ਜਾਵੇਗੀ। ਦੱਸਣਯੋਗ ਹੈ ਕਿ ਸ਼ੰਘਾਈ ਸਹਿਯੋਗ ਸੰਗਠਨ ਦੇ ਸਿਖਰ



ਸੰਮੇਲਨ ਤੋਂ ਪਹਿਲੇ ਮੰਤਰੀ ਪੱਧਰੀ ਵਾਰਤਾ ਅਤੇ ਸੀਨੀਅਰ ਅਧਿਕਾਰੀਆਂ ਦੀ ਕਈ ਦੌਰ ਦੀਆਂ ਬੈਠਕਾਂ ਹੋਣਗੀਆਂ। ਇਸ ‘ਚ ਮੈਂਬਰ ਦੇਸ਼ਾਂ ਵਿਚਾਲੇ ਵਿੱਤੀ, ਆਰਥਿਕ, ਸਮਾਜਿਕ-ਸੰਸਕ੍ਰਿਤਕ ਅਤੇ ਮਨੁੱਖੀ ਸਹਿਯੋਗ ‘ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਐੱਸ.ਸੀ.ਓ. ‘ਚ ਭਾਰਤ, ਚੀਨ, ਰੂਸ, ਪਾਕਿਸਤਾਨ, ਕਜਾਕਿਸਤਾਨ, ਕਿਰਗਿਸਤਾਨ, ਤਜਾਕਿਸਤਾਨ ਅਤੇ ਉਜਬੇਕਿਸਤਾਨ ਸ਼ਾਮਲ ਹਨ।

# ਨਵਾਂ ਫਰਜੀਵਾੜਾ : ਲੱਖਾਂ ਕਮਾਉਣ ਦੇ ਚੱਕਰ ਵਿਚ ਟ੍ਰੈਵਲ ਏਜੰਟਾਂ ਨੇ ਕਈਆਂ ’ਤੇ ਲਗਵਾ ਦਿੱਤਾ 10 ਸਾਲ ਦਾ ਬੈਨ

ਜਲੰਧਰ 5 ਅਕਤੂਬਰ। ਪੰਜਾਬ ਦੇ ਭੋਲੇ-ਭਾਲੇ ਲੋਕਾਂ ਨੂੰ ਡਾਲਰਾਂ-ਪੌਂਡਾਂ ਦੇ ਸੁਨਹਿਰੀ ਸੁਪਨੇ ਦਿਖਾ ਕੇ, ਯੂ. ਕੇ. ’ਚ ਵਰਕ ਪਰਮਿਟ ਦਵਉਣ ਦਾ ਝਾਂਸਾ ਦੇ ਕੇ ਤੇ ਉਥੇ ਲੱਖਾਂ ਰੁਪਏ ਮਹੀਨਾ ਕਮਾਉਣ ਦੇ ਨਾਲ-ਨਾਲ ਕੁਝ ਸਮੇਂ ਬਾਅਦ ਉਥੇ ਹੀ ਪੀ. ਆਰ. ਹੋਣ ਦੀ ਗੱਲ ਕਹਿ ਕੇ ਲੋਕਾਂ ਨਾਲ ਹੈਲਥਕੇਅਰ, ਕੰਸਟਰੱਕਸ਼ਨ ਤੇ ਆਈ. ਟੀ. ਸੈਕਟਰ ’ਚ ਹੋਏ ਫਰਜੀਵਾੜੇ ਤੋਂ ਬਾਅਦ ਹੁਣ ਕਥਿਤ ਤੌਰ ’ਤੇ ਟ੍ਰੈਵਲ ਏਜੰਟਾਂ ਵੱਲੋਂ ਮੈਕਸੀਕੋ ਰਾਹੀਂ ਅਮਰੀਕਾ ਵਿਚ ‘ਡੌਂਕੀ’ ਲੁਆ ਕੇ ਭੇਜਣ ਦਾ ਫਰਜੀਵਾੜਾ ਸਾਹਮਣੇ ਆ ਰਿਹਾ ਹੈ। ਸੂਤਰਾਂ ਮੁਤਾਬਕ ਪੰਜਾਬ ਦੇ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਯੂ. ਕੇ. ਵਰਕ ਪਰਮਿਟ ਦੇ ਨਾਂ ’ਤੇ ਲੱਖਾਂ-ਕਰੋੜਾਂ ਰੁਪਏ ਕਮਾ ਕੇ ਲੋਕਾਂ ਦੀ ਜਿ਼ੰਦਗੀ ਨਾਲ ਖਿਲਵਾੜ ਕੀਤਾ ਹੈ, ਜਿਸ ਕਾਰਨ ਲੱਖਾਂ ਰੁਪਏ ਖਰਚਣ ਦੇ ਬਾਵਜੂਦ ਵੀ ਹੁਣ ਉਨ੍ਹਾਂ ਨੂੰ ਉਥੇ ਕੰਮ ਨਹੀਂ ਮਿਲ ਰਿਹਾ ਤੇ ਕੰਪਨੀਆਂ ਬੰਦ ਹੋਣ ’ਤੇ ਉਨ੍ਹਾਂ ਦੇ ਸਿਰ ’ਤੇ ਇਲ-ਲੀਗਲ ਹੋਣ ਦੀ ਤਲਵਾਰ ਵੀ ਲਟਕਣ ਲੱਗੀ ਹੈ। ਸੂਤਰਾਂ ਨੇ ਦੱਸਿਆ ਕਿ ਸੂਬੇ ਭਰ ਵਿਚ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਵਰਕ ਪਰਮਿਟ ਦੇ ਨਾਂ ’ਤੇ ਅਜਿਹੀ ਖੇਡ ਖੇਡੀ ਤੇ ਲੋਕਾਂ ਨੂੰ ਯੂ. ਕੇ. ਤੋਂ ਮੈਕਸੀਕੋ ਅਤੇ ਉਥੋਂ ‘ਡੌਂਕੀ’ ਲੁਆ ਕੇ ਅਮਰੀਕਾ ਭੇਜਣ ਦੇ ਨਾਂ ’ਤੇ ਇਕ ਹੀ ਵਰਕ ਪਰਮਿਟ ’ਤੇ ਲੱਖਾਂ ਰੁਪਏ ਵੱਖਰੇ ਤੌਰ ’ਤੇ ਕਮਾ ਲਏ ਹਨ। ਜੇਕਰ ਯੂ. ਕੇ. ਹੈਲਥਕੇਅਰ, ਆਈ. ਟੀ. ਸੈਕਟਰ ਤੇ ਕੰਸਟਰੱਕਸ਼ਨ ਕੈਟਾਗਰੀ ਵਿਚ ਕੋਈ ਇਨ੍ਹਾਂ ਦੇ ਹੱਥੇ ਚੜ੍ਹ ਕੇ ਆਪਣਾ ਬਿਨੈ-ਪੱਤਰ ਅਪਲਾਈ ਕਰਦਾ ਸੀ ਤਾਂ ਕਈ ਟ੍ਰੈਵਲ ਕਾਰੋਬਾਰੀ ਵਰਕ ਪਰਮਿਟ ਦੇ ਨਾਂ ’ਤੇ ਇਕ ਬਿਨੈਕਾਰ ਤੋਂ 30 ਤੋਂ 40 ਲੱਖ ਰੁਪਏ ਤਾਂ ਲੈਂਦੇ ਹੀ ਸਨ ਜਦਕਿ ਉਸਦੇ ਨਾਲ ਹੀ ਫਰਜੀ ਸਪਾਊਸ ਬਣਾ ਕੇ ਉਸ ਦਾ ਵਰਕ ਪਰਮਿਟ ਲੁਆਉਣ ਤੇ ਬਾਅਦ ’ਚ ਉਸ ਨੂੰ ਉਥੋਂ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਸਪਾਊਸ ਤੋਂ 50 ਤੋਂ 60 ਲੱਖ ਰੁਪਏ ਵੱਖ ਤੋਂ ਲੈਂਦੇ ਸਨ। ਸੂਤਰਾਂ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਜੇਕਰ ਕਿਸੇ ਬਿਨੈਕਾਰ ਕੋਲ ਯੂ. ਕੇ. ਦਾ ਵੈਲਿਡ ਵੀਜਾ ਹੁੰਦਾ ਹੈ ਤਾਂ ਉਸ ਨੂੰ ਮੈਕਸੀਕੋ ਵਿਚ ਆਨ-ਅਰਾਈਵਲ ਵੀਜਾ ਮਿਲਦਾ ਸੀ। ਬਸ ਇਸੇ ਗੱਲ ਦਾ ਕੁਝ ਟ੍ਰੈਵਲ ਕਾਰੋਬਾਰੀਆਂ ਨੇ ਖੂਬ ਫਾਇਦਾ ਉਠਾਇਆ। ਇਕ ਵਰਕ ਪਰਮਿਟ ’ਤੇ ਸਪਾਊਸ ਨੂੰ ਨਾਲ ਭੇਜਣ ਦੇ ਨਾਂ ’ਤੇ ਲੱਖਾਂ ਰੁਪਏ ਕਮਾ ਕੇ ਆਪਣੀਆਂ ਜੇਬਾਂ ਵਿਚ ਪਾ ਲਏ। ਇਸ ਫਰਜੀਵਾੜੇ ਦਾ ਪਤਾ ਲੱਗਣ ’ਤੇ ਹੁਣ ਯੂ. ਕੇ. ਸਰਕਾਰ ਮਾਰਚ/ਅਪ੍ਰੈਲ ਤੋਂ ਸਪਾਊਸ ਵੀਜੇ ’ਤੇ ਪਾਬੰਦੀ ਲਾ ਸਕਦੀ ਹੈ। ਯੂ. ਕੇ. ਸਰਕਾਰ ਨੇ ਇਸ ਫਰਜੀਵਾੜੇ ਨੂੰ ਦੇਖਦੇ ਹੋਏ ਲਗਭਗ ਇਕ ਹਜਾਰ ਕੰਪਨੀਆਂ ਦੇ ਲਾਇਸੈਂਸ ਤਕ ਰੱਦ ਕਰ ਦਿੱਤੇ ਹਨ, ਜਿਸ ਕਾਰਨ ਪੰਜਾਬ ਵਿਚ ਵੱਡੇ ਪੱਧਰ ’ਤੇ ‘ਕਾਸ’ ਵਰਕ ਪਰਮਿਟ ਦਾ ਗੋਰਖਧੰਦਾ ਕਰਨ ਵਾਲੇ ਟ੍ਰੈਵਲ ਏਜੰਟਾਂ ਦਾ ਧੰਦਾ ਹੀ ਠੱਪ ਹੋ ਗਿਆ ਕਿਉਂਕਿ ਕੰਪਨੀਆਂ ਬੰਦ ਹੋਣ ’ਤੇ ਉਥੇ ਪਹੁੰਚੇ ਲੋਕਾਂ ਦੇ ਵਰਕ ਪਰਮਿਟ ਵੀ ਰੱਦ ਹੋ ਗਏ ਹਨ। ਇਸ ਕਾਰਨ ਹੁਣ ਲੋਕਾਂ ਨੂੰ ਵੱਖਰੀ ਕੰਪਨੀ ਵਿਚ ਵੱਖਰਾ ਪਰਮਿਟ ਲੈਣ ਲਈ ਫਿਰ ਤੋਂ ਲੱਖਾਂ ਰੁਪਏ ਖਰਚਣੇ ਹੋਣਗੇ। ਖਦਸ਼ਾ ਪ੍ਰਗਟ ਕੀਤਾ ਜਾਂ ਰਿਹਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿਚ ‘ਕਾਸ’ ਦੇ ਨਾਂ ’ਤੇ ਠੱਗੀ ਕਰਨ ਵਾਲੇ ਕਈ ਟ੍ਰੈਵਲ ਏਜੰਟਾਂ ਅਤੇ ਕਈ ਗੁਜਰਾਤੀਆਂ ਖਿ਼ਲਾਫ ਪੁਲਸ ਤੇ ਪ੍ਰਸ਼ਾਸਨ ਨੂੰ ਕਾਰਵਾਈ ਕਰਨ ਦੇ ਨਾਂ ’ਤੇ ਸ਼ਿਕਾਇਤਾਂ ਆ ਸਕਦੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਧੰਦੇ ਵਿਚ ਮੋਟੀ ਕਮਾਈ ਹੁੰਦੀ ਦੇਖ ਅਤੇ ਇਕ ਬਿਨੈਕਾਰ ਨੂੰ ਯੂ. ਕੇ. ਵਰਕ ਪਰਮਿਟ ’ਤੇ ਭੇਜਣ ਦੇ ਨਾਂ ’ਤੇ ਇਸ ਧੰਦੇ ਵਿਚ ਟ੍ਰੈਵਲ ਏਜੰਟ ਅਤੇ ਗੁਜਰਾਤੀ ਮਿਲੀਭੁਗਤ ਕਰ ਕੇ 10 ਤੋਂ 15 ਲੱਖ ਰੁਪਏ ਕਮਾ ਰਹੇ ਸਨ, ਜਿਸ ਦੇ ਨਾਲ ਹੀ ਬੀ.2ਬੀ. ਦਾ ਕਾਰੋਬਾਰ ਵੀ ਉਹ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਮੈਨਪਾਵਰ ਦੇ ਲਾਇਸੈਂਸ ਦੇ ਬਿਨਾਂ ਹੀ ਕਰ ਰਹੇ ਸਨ। ਹੁਣ ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਨੂੰ ਨਾ ਤਾਂ ਪੁਲਸ ਤੇ ਨਾ ਹੀ ਪ੍ਰਸ਼ਾਸਨ ਦਾ ਕੋਈ ਡਰ ਸੀ। ਬੀ.2ਬੀ. (ਬਿਜਨੈੱਸ ਟੂ ਬਿਜਨੈੱਸ) ਯਾਨੀ ਯੂ . ਕੇ. ਵਰਕ ਪਰਮਿਟ ਦਾ ‘ਕਾਸ’ ਆਉਣ ’ਤੇ ਉਹ ਟ੍ਰੈਵਲ ਕਾਰੋਬਾਰੀਆਂ ਨੂੰ ਵੀ ਆਪਣਾ ਲੱਖਾਂ ਰੁਪਏ ਦਾ ਮਾਰਜਨ ਰੱਖ ਕੇ ਵੇਚਦੇ ਸਨ। ਇਸ ਤੋਂ ਪਹਿਲਾਂ ਬੀ.2ਬੀ. ਲਈ ਪਹਿਲਾਂ ਸੂਬੇ ਦੇ ਕਈ ਹੋਟਲਾਂ ਵਿਚ ਉਕਤ ਲੋਕ ਮੀਟਿੰਗ ਲਈ ਬੈਠਦੇ ਸਨ, ਫਿਰ ਇਸ ਗੋਰਖਧੰਦੇ ਨੂੰ ਅੰਜਾਮ ਦਿੰਦੇ ਸਨ। ਇਸ ਤੋਂ ਬਾਅਦ ਹੌਲੀ-ਹੌਲੀ ‘ਕਾਸ’ ਦੀ ਡਿਮਾਂਡ ਇੰਨੀ ਵਧੀ ਕਿ ਗੁਜਰਾਤੀ ਵੀ ਕਈ-ਕਈ ਵਾਰ ਪੰਜਾਬ ਆਉਣ ਲੱਗੇ ਪਰ ਹੁਣ ਇਸ ਫਰਜੀਵਾੜੇ ਦੇ ਫੜੇ ਜਾਣ ਤੋਂ ਬਾਅਦ ਤੇ ਪੁਲਸ ਦੀ ਕਾਰਵਾਈ ਤੋਂ ਬਚਣ ਲਈ ਗੁਜਰਾਤੀ ਪੰਜਾਬ ਛੱਡ ਕੇ ਗੁਜਰਾਤ ਨੂੰ ਭੱਜ ਖੜ੍ਹੇ ਹੋਏ। ਵਰਕ ਪਰਮਿਟ ਦੇ ਨਾਂ ’ਤੇ ਲੱਖਾਂ ਰੁਪਏ ਕਮਾਉਣ ਦੇ ਚੱਕਰ ਵਿਚ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਤਾਂ ‘ਕਾਸ’ ਵਿਚ ਹੀ ਫਰਜੀਵਾੜਾ ਕਰ ਕੇ ਕਈ ਬਿਨੈਕਾਰਾਂ ਦੇ ਬਿਨੈ-ਪੱਤਰ ਅਪਲਾਈ ਕਰਵਾ ਦਿੱਤੇ। ਫਰਜੀਵਾੜਾ ਫੜੇ ਜਾਣ ਤੋਂ ਬਾਅਦ ਯੂ. ਕੇ. ਸਰਕਾਰ ਨੇ ਬਿਨੈ-ਪੱਤਰ ਅਪਲਾਈ ਕਰਨ ਵਾਲੇ ਲੋਕਾਂ ’ਤੇ 10 ਸਾਲ ਤਕ ਦਾ ਬੈਨ ਲਾ ਦਿੱਤਾ, ਜਿਸ ਨੂੰ ਲੈ ਕੇ ਕਈ ਟ੍ਰੈਵਲ ਏਜੰਟਾਂ ਦੇ ਦਫਤਰਾਂ ਵਿਚ ਰੋਜਾਨਾ ਵਿਵਾਦ ਵਧ ਰਹੇ ਹਨ। ਸੂਤਰਾਂ ਨੇ ਦੱਸਿਆ ਕਿ ਕਈ ਏਜੰਟਾਂ ਨੇ ਇਸ ਗੋਰਖਧੰਦੇ ਨੂੰ ਅੰਜਾਮ ਦੇ ਕੇ ਕਰੋੜਾਂ ਅਤੇ ਕਈ ਗੁਜਰਾਤੀਆਂ ਖਿ਼ਲਾਫ ਪੁਲਸ ਤੇ ਪ੍ਰਸ਼ਾਸਨ ਨੂੰ ਕਾਰਵਾਈ ਕਰਨ ਦੇ ਨਾਂ ’ਤੇ ਸ਼ਿਕਾਇਤਾਂ ਆ ਸਕਦੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਧੰਦੇ ਵਿਚ ਮੋਟੀ ਕਮਾਈ ਹੁੰਦੀ ਦੇਖ ਅਤੇ ਇਕ ਬਿਨੈਕਾਰ ਨੂੰ ਯੂ. ਕੇ. ਵਰਕ ਪਰਮਿਟ ’ਤੇ ਭੇਜਣ ਦੇ ਨਾਂ ’ਤੇ ਇਸ ਧੰਦੇ ਵਿਚ ਟ੍ਰੈਵਲ ਏਜੰਟ ਅਤੇ ਗੁਜਰਾਤੀ ਮਿਲੀਭੁਗਤ ਕਰ ਕੇ 10 ਤੋਂ 15 ਲੱਖ ਰੁਪਏ ਕਮਾ ਰਹੇ ਸਨ, ਜਿਸ ਦੇ ਨਾਲ ਹੀ ਬੀ.2ਬੀ. ਦਾ ਕਾਰੋਬਾਰ ਵੀ ਉਹ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਮੈਨਪਾਵਰ ਦੇ ਰੁਪਏ ਕਮਾਏ ਅਤੇ ਇਸ ਧੰਦੇ ਤੋਂ ਮੋਟੀ ਕਮਾਈ ਕਰ ਕੇ ਉਕਤ ਏਜੰਟਾਂ ਨੇ ਪੂਰੇ ਸੂਬੇ ਦੇ ਕਈ ਸ਼ਹਿਰਾਂ ਵਿਚ ਪ੍ਰਾਪਰਟੀ ਵੀ ਖਰੀਦੀ ਪਰ ਯੂ. ਕੇ. ਸਰਕਾਰ ਵੱਲੋਂ ਇਹ ਫਰਜੀਵਾੜਾ ਫੜੇ ਜਾਣ ਤੋਂ ਬਾਅਦ ਉਕਤ ਏਜੰਟਾਂ ਨੇ ਆਪਣੇ ਪਰਿਵਾਰਾਂ ਨੂੰ ਹੀ ਵਿਦੇਸ਼ ਭੇਜ ਦਿੱਤਾ ਤਾਂ ਕਿ ਪੁਲਸ ਦੀ ਕਾਰਵਾਈ ਤੋਂ ਬਚ ਸਕਣ। ਜਾਣਕਾਰੀ ਮੁਤਾਬਕ ਉਕਤ ਟ੍ਰੈਵਲ ਏਜੰਟਾਂ ਦਾ ਵੀ ਲੋਕਾਂ ਨਾਲ ਵਰਕ ਪਰਮਿਟ ਦੇ ਨਾਂ ’ਤੇ ਲੱਖਾਂ ਰੁਪਏ ਦਾ ਲੈਣ-ਦੇਣ ਪੈਂਡਿੰਗ ਪਿਆ ਹੈ, ਜਿਸ ਨੂੰ ਲੈ ਕੇ ਲੋਕਾਂ ਨਾਲ ਉਨ੍ਹਾਂ ਦੇ ਕਈ ਵਾਰ ਵਿਵਾਦ ਹੋ ਚੁੱਕੇ ਹਨ। ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿਚ ਟ੍ਰੈਵਲ ਕਾਰੋਬਾਰੀਆਂ ਖਿਲਾਫ ਸ਼ਿਕਾਇਤਾਂ ਵਧ ਸਕਦੀਆਂ ਹਨ। ਏ. ਡੀ. ਜੀ. ਪੀ. (ਐੱਨ. ਆਰ. ਆਈ.) ਪ੍ਰਵੀਨ ਸਿਨ੍ਹਾ ਨੇ ਦੱਸਿਆ ਕਿ ਨਿਯਮਾਂ ਦਾ ਉਲੰਘਣ ਕਰਨ ਤੇ ਬਿਨਾਂ ਲਾਇਸੈਂਸ ਦੇ ਇਹ ਨਾਜਾਇਜ ਕਾਰੋਬਾਰ ਕਰਨ ਵਾਲਿਆਂ ਖਿ਼ਲਾਫ ਵਿਭਾਗ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਸੂਬੇ ਭਰ ਵਿਚ ਬਿਨਾਂ ਲਾਇਸੈਂਸ ਦੇ ਨਾਜਾਇਜ ਕਾਰੋਬਾਰ ਕਰ ਰਹੇ ਹਨ, ਉਨ੍ਹਾਂ ਨੂੰ ਕਸੇ ਵੀ ਕੀਮਤ ’ਤੇ ਬਖਸ਼ਿਆ ਨਹੀਂ ਜਾਵੇਗਾ। ਪੁਲਸ ਪ੍ਰਸ਼ਾਸਨ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰੇਗਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵਿਦੇਸ਼ ਜਾਣ ਤੋਂ ਪਹਿਲਾਂ ਆਪਣਾ ਬਿਨੈ-ਪੱਤਰ ਅਪਲਾਈ ਕਰਨ ਤੋਂ ਪਹਿਲਾਂ ਜ਼ਰੂਰ ਚੈੱਕ ਕਰ ਲੈਣ ਕਿ ਕਿਹੜਾ ਟ੍ਰੈਵਲ ਏਜੰਟ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।

## ਬੰਦ ਹੋ ਸਕਦੀ ਹੈ ਵੇਰਕਾ ਦੁੱਧ ਦੀ ਸਪਲਾਈ, ਕੀ ਹੈ ਕਾਰਨ

ਜਲੰਧਰ 5 ਅਕਤੂਬਰ। ਜੇਕਰ ਤੁਸੀਂ ਵੀ ਵੇਰਕਾ ਦਾ ਦੁੱਧ ਲੈਂਦੇ ਹੋ ਤਾਂ ਇਹ ਖਬਰ ਤੁਹਾਡੇ ਲਈ ਅਹਿਮ ਹੈ। ਦਰਅਸਲ ਜਲੰਧਰ ਜਿ਼ਲੇ ਤੋਂ ਵੱਡੀ ਖਬਰ ਸਾਹਮਣੇ ਆ ਰਹੀ ਹੈ। ਵੇਰਕਾ ਮਿਲਕ ਪਲਾਂਟ ਆਊਟਸੋਰਸਡ ਕਰਮਚਾਰੀ ਯੂਨੀਅਨ ਜਲੰਧਰ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਅੱਜ ਵੇਰਕਾ ਮਿਲਕ ਪਲਾਂਟ ਦੇ ਮੁੱਖ ਦਫਤਰ ਦੇ ਬਾਹਰ ਧਰਨਾ ਦਿੱਤਾ ਗਿਆ। ਪ੍ਰਧਾਨ ਅਨਿਲ ਕੁਮਾਰ ਦੀ ਦੇਖ-ਰੇਖ ਹੇਠ ਦਿੱਤੇ ਧਰਨੇ ਦੌਰਾਨ ਪ੍ਰਸਾਸਨ ਵਿਰੋਧੀ ਨਾਅਰੇਬਾਜੀ ਕੀਤੀ ਗਈ ਅਤੇ ਚਿਤਾਵਨੀ ਦਿੱਤੀ ਗਈ। ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਦੁੱਧ ਦੀ ਸਪਲਾਈ ਬੰਦ ਕਰ ਦਿੱਤੀ ਜਾਵੇਗੀ। ਇਸ ਸਬੰਧੀ ਅਨਿਲ ਕੁਮਾਰ ਨੇ ਦੱਸਿਆ ਕਿ ਉਨ੍ਹਾਂ



ਦੀਆਂ ਮੰਗਾਂ ਵਿੱਚ ਆਊਟ ਸੋਰਸਿੰਗ ਭਰਤੀ ਬੰਦ ਕੀਤੀ ਜਾਵੇ ਅਤੇ ਲੰਬੇ ਸਮੇਂ ਤੋਂ ਕੰਮ ਕਰਦੇ ਮੁਲਾਜਮਾਂ ਨੂੰ ਪੱਕਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਹਰ ਵਾਰ ਉਨ੍ਹਾਂ ਨੂੰ ਤੰਗ ਪ੍ਰੇਸਾਨ ਕੀਤਾ ਜਾ ਰਿਹਾ ਹੈ ਪਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ ਹਨ। ਇਸ ਵਾਰ ਜੇਕਰ ਉਨ੍ਹਾਂ ਦੀਆਂ ਮੰਗਾਂ ਤੁਰੰਤ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਉਹ ਦੁੱਧ ਦੀ ਸਪਲਾਈ ਵੀ ਬੰਦ ਕਰ ਸਕਦੇ ਹਨ, ਹਾਲਾਂਕਿ ਉਹ ਅਜਿਹਾ ਕੋਈ ਕਦਮ ਨਹੀਂ ਚੁੱਕਣਾ ਚਾਹੁੰਦੇ ਪਰ ਜੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਉਹ ਇਹ ਕਦਮ ਚੁੱਕਣ ਲਈ ਮਜਬੂਰ ਹੋਣਗੇ। ਦੂਜੇ ਪਾਸੇ ਵੇਰਕਾ ਮਿਲਕ ਪਲਾਂਟ ਵਿਖੇ ਤਾਇਨਾਤ ਅਧਿਕਾਰੀ ਜਤਿੰਦਰ ਪਾਲ ਸਿੰਘ ਨੇ ਕਿਹਾ ਕਿ ਇਕ-ਦੋ ਦਿਨਾਂ ਵਿੱਚ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ ਅਤੇ ਮੁਲਾਜਮਾਂ ਦੀਆਂ ਮੰਗਾਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ।

## ਅਮਰੀਕਾ ਨੇ ਚੀਨੀ ਇਲੈਕਟ੍ਰਿਕ ਕਾਰਾਂ ਨੂੰ ਦੱਸਿਆ ਸੁਰੱਖਿਆ ਲਈ ਵੱਡਾ ਖਤਰਾ

ਨਵੀਂ ਦਿੱਲੀ 5 ਅਕਤੂਬਰ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਚੀਨੀ-ਨਿਰਮਿਤ ਆਟੋਮੋਟਿਵ ਸੌਫਟਵੇਅਰ ਇਹ ਪਤਾ ਲਗਾ ਸਕਦਾ ਹੈ ਕਿ ਅਮਰੀਕੀ ਕਿੱਥੇ ਜਾਂਦੇ ਹਨ। ਉਹ ਆਪਣੇ ਵਾਹਨਾਂ ਨੂੰ ਕਿੱਥੇ ਚਾਰਜ ਕਰਦੇ ਹਨ ਜਾਂ ਸੜਕ ‘ਤੇ ਕਿਹੜਾ ਸੰਗੀਤ ਅਤੇ ਪੋਡਕਾਸਟ ਸੁਣਦੇ ਹਨ। ਉਨ੍ਹਾਂ ਕਿਹਾ ਕਿ ਚੀਨੀ ਅਧਿਕਾਰੀ ਚੀਨ ਵਿੱਚ ਵਾਹਨ ਵੇਚਣ ਵਾਲੀਆਂ ਅਮਰੀਕੀ ਆਟੋ ਕੰਪਨੀਆਂ ਨੂੰ ਆਪਣੇ ਵਾਹਨਾਂ ਵਿੱਚ ਚੀਨੀ ਸਾਫਟਵੇਅਰ ਲਗਾਉਣ ਲਈ ਮਜਬੂਰ ਕਰਦੇ ਹਨ। ਅਮਰੀਕੀ ਕੰਪਨੀਆਂ ਨੇ ਬਿਡੇਨ ਪ੍ਰਸਾਸਨ ਨੂੰ ਚੀਨ ‘ਚ ਕਾਰੋਬਾਰ ਕਰਨ ਦੌਰਾਨ ਆਉਣ ਵਾਲੀਆਂ ਮੁਸਕਿਲਾਂ ਦੀ ਜਾਣਕਾਰੀ ਦਿੱਤੀ ਹੈ। ਇਸ ਵਿੱਚ ਚੀਨੀ ਸਾਫਟਵੇਅਰ ਲਗਾਉਣ ਦਾ ਮਾਮਲਾ ਵੀ ਸ਼ਾਮਲ ਹੈ। ਇਹ ਬਾਈਡੇਨ ਦੀ ਉਦਯੋਗਿਕ ਨੀਤੀ ਨਾਲ ਸਿੱਧਾ ਟਕਰਾਅ ਹੈ। ਚੀਨ ਵਿੱਚ ਕੁਝ ਛੋਟੀਆਂ ਕਾਰਾਂ ਦੀ ਕੀਮਤ 9 ਲੱਖ ਰੁਪਏ ਤੱਕ ਹੈ। ਇਹ ਅਮਰੀਕੀ ਇਲੈਕਟ੍ਰਿਕ ਕਾਰਾਂ ਨਾਲੋਂ ਬਹੁਤ ਘੱਟ ਹੈ। ਬਾਈਡੇਨ ਨੇ ਵੀਰਵਾਰ ਨੂੰ ਇਕ ਬਿਆਨ ‘ਚ ਕਿਹਾ ਕਿ ਚੀਨ ਗੈਰ-ਕਾਨੂੰਨੀ ਅਤੇ ਹੋਰ ਤਰੀਕੇ ਅਪਣਾ ਕੇ ਆਟੋ ਬਾਜਾਰ ‘ਤੇ ਦਬਦਬਾ ਬਣਾਉਣਾ ਚਾਹੁੰਦਾ ਹੈ। ਚੀਨੀ ਕੰਪਨੀ ਦੀਆਂ ਨੀਤੀਆਂ ਕਾਰਨ ਸਾਡੇ ਬਾਜਾਰ ‘ਚ ਇਸ ਦੇ ਵਾਹਨਾਂ ਦੀ ਭੀੜ ਹੋਵੇਗੀ। ਇਹ ਰਾਸਟਰੀ ਸੁਰੱਖਿਆ ਲਈ ਖਤਰਾ ਹੈ ਅਤੇ ਮੈਂ ਅਜਿਹਾ ਨਹੀਂ ਹੋਣ ਦਿਆਂਗਾ। ਫੈਸਲਾ ਲੈਣ ਤੋਂ ਪਹਿਲਾਂ ਸਰਕਾਰ ਨੇ ਆਟੋ ਕੰਪਨੀਆਂ, ਡੇਟ੍ਰੋਇਟ ਵਿੱਚ ਵਰਕਰ ਯੂਨੀਅਨਾਂ ਅਤੇ ਵੱਡੀ ਈਵੀ ਨਿਰਮਾਣ ਕੰਪਨੀ ਟੇਸਲਾ ਨਾਲ ਚਰਚਾ ਕੀਤੀ ਸੀ। ਹਾਲ ਹੀ ਵਿੱਚ ਟੇਸਲਾ ਨੂੰ ਪਿੱਛੇ ਛੱਡਦੇ ਹੋਏ ਚੀਨੀ ਕੰਪਨੀ ਇਲੈਕਟ੍ਰਿਕ ਕਾਰਾਂ ਵੇਚਣ ਵਾਲੀ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਬਣ ਗਈ ਹੈ। ਨਵੰਬਰ ‘ਚ ਹੋਣ ਵਾਲੀਆਂ ਰਾਸਟਰਪਤੀ ਚੋਣਾਂ ‘ਚ ਬਾਈਡੇਨ ਦੇ ਸੰਭਾਵੀ ਵਿਰੋਧੀ ਸਾਬਕਾ ਰਾਸਟਰਪਤੀ ਡੋਨਾਲਡ ਟਰੰਪ ਜਾਂਦਾ ਹੈ ਅਤੇ ਉਹ ਅਜੇ ਤੱਕ ਯੂਐਸ ਮਾਰਕੀਟ ਵਿੱਚ ਪ੍ਰਵੇਸ ਕਰਨ ਦੇ ਯੋਗ ਨਹੀਂ ਹਨ। ਰਾਸਟਰਪਤੀ ਦੀ ਰਾਸਟਰੀ ਆਰਥਿਕ ਕੌਂਸਲ ਦੇ ਮੁਖੀ ਲੇਲ ਬੇਨਾਰਡ ਦਾ ਕਹਿਣਾ ਹੈ ਕਿ ਚੀਨ ਵਿਦੇਸੀ ਬਾਜਾਰਾਂ ਨੂੰ ਵੱਡੇ ਪੱਧਰ ‘ਤੇ



ਨੇ ਹਮੇਸਾ ਬਾਈਡੇਨ ਦੀ ਆਲੋਚਨਾ ਕਰਦੇ ਹੋਏ ਕਿਹਾ ਹੈ ਕਿ ਰਾਸਟਰਪਤੀ ਨੇ ਆਟੋ ਕੰਪਨੀਆਂ ਨੂੰ ਇਲੈਕਟ੍ਰਿਕ ਕਾਰਾਂ ਬਣਾਉਣ ਲਈ ਮਜਬੂਰ ਕੀਤਾ ਹੈ। ਹਾਲਾਂਕਿ ਬਾਈਡੇਨ ਅਤੇ ਟਰੰਪ ਆਪਣੇ ਆਪ ਨੂੰ ਚੀਨ ਦੇ ਖਿਲਾਫ ਸਖਤ ਰੁਖ ਅਪਣਾਉਂਦੇ ਹੋਏ ਦਰਸਾਉਂਦੇ ਹਨ। ਵੀਰਵਾਰ ਦੇ ਫੈਸਲੇ ਨਾਲ ਚੀਨੀ ਇਲੈਕਟ੍ਰਿਕ ਵਾਹਨਾਂ ‘ਤੇ ਤੁਰੰਤ ਪਾਬੰਦੀ ਨਹੀਂ ਲੱਗਦੀ। ਹਾਲਾਂਕਿ, ਚੀਨੀ ਈਵੀਜ ਉੱਤੇ ਭਾਰੀ ਟੈਕਸ ਲਗਾਇਆ ਆਪਣੀਆਂ ਕਾਰਾਂ ਅਤੇ ਹੋਰ ਵਾਹਨਾਂ ਦੀ ਸਪਲਾਈ ਕਰ ਰਿਹਾ ਹੈ। ਇਹਨਾਂ ਵਿੱਚੋਂ ਬਹੁਤ ਸਾਰੇ ਵਾਹਨ ਲਗਾਤਾਰ ਅਮਰੀਕੀ ਬੁਨਿਆਦੀ ਢਾਂਚੇ ਬਾਰੇ ਜਾਣਕਾਰੀ ਇਕੱਠੀ ਕਰ ਸਕਦੇ ਹਨ। ਡਰਾਈਵਰ ਦੇ ਸਮਾਰਟਫੋਨ ਜਾਂ ਆਸ-ਪਾਸ ਚੱਲ ਰਹੀਆਂ ਕਾਰਾਂ ਰਾਹੀਂ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਅਮਰੀਕੀ ਸਰਕਾਰ ਚੀਨੀ ਵਾਹਨਾਂ ‘ਤੇ 25 ਫੀਸਦੀ ਟੈਰਿਫ ਲਗਾ ਸਕਦੀ ਹੈ।

### ਘਰ ਪਰਤ ਰਹੇ ਰੇਹੜੀ ਵਾਲੇ ਨੂੰ ਤੇਜ ਰਫਤਾਰ ਥਾਰ ਨੇ ਮਾਰੀ ਟੱਕਰ, ਜਖਮੀ ਨੇ ਹਸਪਤਾਲ ਜਾ ਕੇ ਤੋੜਿਆ ਦਮ

ਚੰਡੀਗੜ੍ਹ 5 ਅਕਤੂਬਰ। ਸੈਕਟਰ-43 ਜਿ਼ਲ੍ਹਾ ਅਦਾਲਤ ਦੇ ਨੇੜੇ ਤੇਜ ਰਫਤਾਰ ਥਾਰ ਚਾਲਕ ਇਕ ਰੇਹੜੀ ਚਾਲਕ ਨੂੰ ਟੱਕਰ ਮਾਰ ਕੇ ਫਰਾਰ ਹੋ ਗਿਆ। ਪੁਲਸ ਨੇ ਮੌਕੇ ’ਤੇ ਪਹੁੰਚ ਕੇ ਰੇਹੜੀ ਚਾਲਕ ਨੂੰ ਤੁਰੰਤ ਸੈਕਟਰ-16 ਜਨਰਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ, ਜਿਥੇ ਡਾਕਟਰਾਂ ਵਲੋਂ ਮ੍ਰਿਤਕ ਐਲਾਨ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਸੰਤੋਸ਼ ਸਰੂਪ ਵਾਸੀ ਕਜੇਹੜੀ ਦੇ ਰੂਪ ਵਿਚ ਹੋਈ ਹੈ। ਸੈਕਟਰ-36 ਥਾਣਾ ਪੁਲਸ ਨੇ ਮੌਕੇ ’ਤੇ ਫਰਾਰ ਥਾਰ ਚਾਲਕ ਖਿ਼ਲਾਫ ਲਾਪਰਵਾਹੀ ਨਾਲ ਗੱਡੀ ਚਲਾਉਣ ਅਤੇ ਗੈਰ-ਇਰਾਤਦਨ ਕਤਲ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਸੀ.ਸੀ.ਟੀ.ਵੀ. ਕੈਮਰਿਆਂ ਦੀ ਮਦਦ ਨਾਲ ਫਰਾਰ ਚਾਲਕ ਦੀ ਭਾਲ ਕਰ ਰਹੀ ਹੈ। ਜਾਣਕਾਰੀ ਅਨੁਸਾਰ ਬੀਤੀ ਰਾਤ ਰੇਹੜੀ ਚਾਲਕ ਸੰਤੋਸ਼ ਸਰੂਪ ਆਪਣੇ ਘਰ ਵੱਲ ਜਾ ਰਿਹਾ ਸੀ। ਜਦੋਂ ਉਹ ਸੈਕਟਰ-43 ਜਿ਼ਲਾ ਅਦਾਲਤ ਦੇ ਪਿੱਛੇ ਸੜਕ ’ਤੇ ਪਹੁੰਚਿਆ ਤਾਂ ਤੇਜ ਰਫਤਾਰ ਥਾਰ ਚਾਲਕ ਉਸ ਦੀ ਰੇਹੜੀ ਨੂੰ ਟੱਕਰ ਮਾਰ ਕੇ ਫਰਾਰ ਹੋ ਗਿਆ। ਟੱਕਰ ਵੱਜਣ ਕਾਰਨ ਰੇਹੜੀ ਚਾਲਕ ਗੰਭੀਰ ਜਖਮੀ ਹੋ ਗਿਆ। ਰਾਹਗੀਰਾਂ ਨੇ ਹਾਦਸੇ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ। ਪੁਲਸ ਨੇ ਮੌਕੇ ’ਤੇ ਪਹੁੰਚ ਕੇ ਜਖਮੀ ਹੋਏ ਰੇਹੜੀ ਚਾਲਕ ਨੂੰ ਹਸਪਤਾਲ ਦਾਖਲ ਕਰਵਾਇਆ, ਜਿੱਥੇ ਡਾਕਟਰਾਂ ਨੇ ਜਖਮੀ ਨੂੰ ਮ੍ਰਿਤਕ ਐਲਾਨ ਦਿੱਤਾ। ਸੈਕਟਰ-36 ਥਾਣਾ ਦੀ ਪੁਲਸ ਨੇ ਟੱਕਰ ਮਾਰਨ ਵਾਲੇ ਥਾਰ ਚਾਲਕ ਖਿ਼ਲਾਫ ਮਾਮਲਾ ਦਰਜ ਕਰਕੇ ਮੁਲਜਮ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

### ਪਤਨੀ ਨੂੰ ਸ਼ਰੀਕੇ ‘ਚ ਰਹਿੰਦਾ ਵਿਅਕਤੀ ਕਰਦਾ ਸੀ ਪ੍ਰੇਸ਼ਾਨ

ਬਟਾਲਾ 5 ਅਕਤੂਬਰ। ਪਤਨੀ ਨੂੰ ਤੰਗ ਕਰਨ ਵਾਲੇ ਵਿਅਕਤੀ ਤੋਂ ਦੁਖੀ ਹੋ ਕੇ ਪਤੀ ਵਲੋਂ ਜ਼ਹਿਰੀਲੀ ਦਵਾਈ ਖਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦਾ ਦੁਖਦਾਈ ਸਮਾਚਾਰ ਮਿਲਿਆ ਹੈ। ਜਾਣਕਾਰੀ ਦਿੰਦਿਆਂ ਪੁਲਸ ਚੌਕੀ ਹਰਚੋਵਾਲ ਦੇ ਏ.ਐੱਸ.ਆਈ. ਸਰਵਣ ਸਿੰਘ ਨੇ ਦੱਸਿਆ ਕਿ ਬਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਔਲਖ ਖੁਰਦ ਦੀ ਪਤਨੀ ਅਮਨ ਕੌਰ ਨੂੰ ਉਨ੍ਹਾਂ ਦੇ ਸ਼ਰੀਕੇ ਵਿਚ ਰਹਿੰਦੇ ਵਿਅਕਤੀ ਮੰਗਾ ਪੁੱਤਰ ਅਜੀਤ ਮਸੀਹ ਅਕਸਰ ਤੰਗ ਪ੍ਰੇਸ਼ਾਨ ਕਰਦਾ ਸੀ ਅਤੇ ਅਕਸਰ ਬਿੰਦਰ ਸਿੰਘ ਇਸ ਨੂੰ ਅਜਿਹਾ ਕਰਨ ਤੋਂ ਰੋਕਦਾ ਸੀ । ਜਦੋਂ ਉਕਤ ਵਿਅਕਤੀ ਨਹੀਂ ਹੱਟਿਆ ਤਾਂ ਦੁਖੀ ਹੋ ਕੇ ਅਮਨ ਕੌਰ ਆਪਣੇ ਪੇਕੇ ਘਰ ਚਲੀ ਗਈ, ਜਿਸ ਦੇ ਬਾਅਦ ਬਿੰਦਰ ਸਿੰਘ ਨੇ ਉਕਤ ਵਿਅਕਤੀ ਤੋਂ ਦੁਖੀ ਹੋ ਕੇ ਜ਼ਹਿਰੀਲੀ ਦਵਾਈ ਖਾ ਲਈ, ਜਿਸ ਨਾਲ ਇਸ ਦੀ ਸਿਹਤ ਖਰਾਬ ਹੋ ਗਈ ਤਾਂ ਇਸ ਨੂੰ ਪਰਿਵਾਰ ਵਾਲਿਆਂ ਨੇ ਇਲਾਜ ਲਈ ਸਿਵਲ ਹਸਪਤਾਲ ਵਿਖੇ ਲਿਆਂਦਾ, ਜਿਥੇ ਇਸ ਦੀ ਮੌਤ ਹੋ ਗਈ। ਚੌਕੀ ਇੰਚਾਰਜ ਨੇ ਦੱਸਿਆ ਕਿ ਮ੍ਰਿਤਕ ਬਿੰਦਰ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਦੇ ਬਿਆਨਾਂ ’ਤੇ ਮੰਗਾ ਵਿਰੁੱਧ ਕੇਸ ਦਰਜ ਕਰ ਦਿੱਤਾ ਗਿਆ ਹੈ ਅਤੇ ਮ੍ਰਿਤਕ ਦੀ ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਬਟਾਲਾ ਵਿਖੇ ਭੇਜ ਦਿੱਤੀ ਗਈ ਹੈ।

## ਉਮਰ ਭਰ ਸਾਥ ਦੇਣ ਲਈ ਘਰੋਂ ਭੱਜ ਕੇ ਕਰਾਇਆ ਵਿਆਹ, 25ਵੇਂ ਦਿਨ ਪਤਨੀ ਦਾ ਕਰ ’ਤਾ ਕਤਲ

ਕੋਟਾ 5 ਅਕਤੂਬਰ। ਰਾਜਸਥਾਨ ਦੇ ਝਾਲਾਵਾੜ ਜਿ਼ਲੇ ’ਚ ਇਕ 22 ਸਾਲਾ ਵਿਅਕਤੀ ਨੇ ਘਰੋਂ ਭੱਜ ਕੇ ਵਿਆਹ ਕਰਵਾਉਣ ਤੋਂ 1 ਮਹੀਨੇ ਤੋਂ ਵੀ ਘੱਟ ਸਮੇਂ ਬਾਅਦ ਝਗੜੇ ਨੂੰ ਲੈ ਕੇ ਕਥਿਤ ਤੌਰ ’ਤੇ ਆਪਣੀ ਪਤਨੀ ਦਾ ਤੇਜਧਾਰ ਹਥਿਆਰ ਨਾਲ ਕਤਲ ਕਰ ਦਿੱਤਾ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਡਾਂਗੀਪੁਰਾ ਥਾਣਾ ਖੇਤਰ ਦੇ ਗੋਗਾੜੀ ਪਿੰਡ ਨਿਵਾਸੀ ਰਾਜਾਰਾਮ ਤੰਵਰ ਨੇ ਆਪਣੇ ਸਹੁਰੇ ਨੂੰ ਫੋਨ ਕਰਕੇ ਕਤਲ ਦੀ ਸੂਚਨਾ ਦਿੱਤੀ ਤੇ ਫਰਾਰ ਹੋ ਗਿਆ। ਪੁਲਸ ਨੇ ਦੱਸਿਆ ਕਿ ਰਾਜਾਰਾਮ ਦੀ ਪਿਛਲੇ ਸਾਲ ਪੰਚਪਿਪਲੀ ਪਿੰਡ ਦੀ ਰਹਿਣ ਵਾਲੀ ਸੁਨੀਤਾ ਨਾਲ ਮੰਗਣੀ ਹੋਈ ਸੀ ਪਰ ਸੁਨੀਤਾ ਦੇ ਪਰਿਵਾਰ ਨੇ ਵਿਆਹ ਨੂੰ ਰੱਦ ਕਰ ਦਿੱਤਾ ਸੀ। ਹਾਲਾਂਕਿ ਦੋਵੇਂ ਇਕ-ਦੂਜੇ ਦੇ ਸੰਪਰਕ ’ਚ ਰਹੇ ਤੇ ਘਰੋਂ ਭੱਜ ਕੇ 10 ਫਰਵਰੀ ਨੂੰ ਇਕ ਮੰਦਰ ’ਚ ਵਿਆਹ ਕਰਵਾ ਲਿਆ, ਜਿਸ ਤੋਂ ਬਾਅਦ ਸੁਨੀਤਾ ਦੇ ਪਰਿਵਾਰ ਵਾਲਿਆਂ ਨੇ ਉਨ੍ਹਾਂ ਦੇ ਰਿਸਤੇ ਨੂੰ ਸਵੀਕਾਰ ਕਰ ਲਿਆ। ਡਾਂਗੀਪੁਰਾ ਥਾਣਾ ਇੰਚਾਰਜ (ਐੱਸ. ਐੱਚ. ਓ.) ਸਤਿਆਨਾਰਾਇਣ ਗੋਚਰ ਨੇ ਦੱਸਿਆ ਕਿ ਸੋਮਵਾਰ ਸਾਮ ਕਰੀਬ 5 ਵਜੇ ਨਸ਼ੇ ’ਚ ਧੁੱਤ ਰਾਜਾਰਾਮ ਦਾ ਸੁਨੀਤਾ ਨਾਲ ਝਗੜਾ ਹੋ ਗਿਆ, ਇਸ ਤਕਰਾਰ ਦੌਰਾਨ ਰਾਜਾਰਾਮ ਨੇ ਸੁਨੀਤਾ ਦੇ ਸਿਰ ’ਤੇ ਤੇਜਧਾਰ ਹਥਿਆਰ ਨਾਲ ਵਾਰ ਕੀਤਾ, ਜਿਸ ਕਾਰਨ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਐੱਸ. ਐੱਚ. ਓ. ਨੇ ਦੱਸਿਆ ਕਿ ਸੁਨੀਤਾ ਦਾ ਕਤਲ ਕਰਨ ਤੋਂ ਬਾਅਦ ਰਾਜਾਰਾਮ ਨੇ ਉਸ ਦੇ ਪਿਤਾ ਨੂੰ ਫੋਨ ਕਰਕੇ ਘਟਨਾ ਦੀ ਜਾਣਕਾਰੀ ਦਿੱਤੀ ਤਾਂ ਸੁਨੀਤਾ ਦੇ ਪਿਤਾ ਨੇ ਪੁਲਸ ਨੂੰ ਸੂਚਨਾ ਦਿੱਤੀ। ਐੱਸ. ਐੱਚ. ਓ. ਗੋਚਰ ਨੇ ਦੱਸਿਆ ਕਿ ਰਾਜਾਰਾਮ ਸਰਾਬ ਪੀਣ ਦਾ ਆਦੀ ਸੀ ਤੇ ਵਿਆਹ ਤੋਂ ਬਾਅਦ ਤੋਂ ਹੀ ਉਸ ਦਾ ਪਤਨੀ ਨਾਲ ਝਗੜਾ ਚੱਲ ਰਿਹਾ ਸੀ। ਐੱਸ. ਐੱਚ. ਓ. ਨੇ ਦੱਸਿਆ ਕਿ ਸੁਨੀਤਾ ਦੇ ਪਿਤਾ ਦੀ ਸਿ਼ਕਾਇਤ ਦੇ ਆਧਾਰ ’ਤੇ ਰਾਜਾਰਾਮ ਖਿ਼ਲਾਫ ਕਤਲ ਦਾ ਕੇਸ ਦਰਜ ਕਰਕੇ ਉਸ ਦੀ ਗ੍ਰਿਫਤਾਰੀ ਲਈ ਕੋਸਿ਼ਸਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪੋਸਟਮਾਰਟਮ ਤੋਂ ਬਾਅਦ ਲਾਸ ਸੁਨੀਤਾ



### ਸਰਹੱਦੀ ਖੇਤਰ ‘ਚ ਇਕ ਘਰ ਦੀ ਡਿੱਗੀ ਛੱਤ, ਵਾਲ-ਵਾਲ ਬਚਿਆ ਪਰਿਵਾਰ

ਬਮਿਆਲ/ਦੀਨਾਨਗਰ 5 ਅਕਤੂਬਰ। ਸਰਹੱਦੀ ਖੇਤਰ ਦੇ ਕਸਬਾ ਨਰੋਟ ਜੈਮਲ ਸਿੰਘ ਦੀ ਵਾਰਡ ਨੰ: 2 ‘ਚ ਇਕ ਪਰਿਵਾਰ ਦੇ ਘਰ ਦੇ ਕਮਰੇ ਦੀ ਛੱਤ ਡਿੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਘਟਨਾ ਦੌਰਾਨ ਪਰਿਵਾਰਕ ਮੈਂਬਰ ਉਸ ਸਮੇਂ ਕਮਰੇ ਦੇ ਬਾਹਰ ਚੁੱਲ੍ਹੇ ‘ਤੇ ਚਾਹ ਪੀਣ ਲਈ ਬੈਠੇ ਹੋਏ ਸਨ, ਜਿਸ ਕਾਰਨ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਇਸ ਹਾਦਸੇ ਕਾਰਨ ਕਮਰੇ ‘ਚ ਰੱਖਿਆ ਸਾਰਾ ਸਾਮਾਨ ਬਹੁਤ ਬੁਰੀ ਤਰ੍ਹਾਂ ਨਾਲ ਟੁੱਟ ਗਿਆ। ਜਾਣਕਾਰੀ ਦਿੰਦੇ ਹੋਏ ਨਰੋਟ ਜੈਮਲ ਸਿੰਘ ਵਾਸੀ ਬੋਧਰਾਜ ਨੇ ਦੱਸਿਆ ਕਿ ਪਰਿਵਾਰ ਦੇ ਮੈਂਬਰ ਕੁਝ ਮਿੰਟ ਪਹਿਲਾਂ ਹੀ ਕਮਰੇ ਵਿੱਚੋਂ ਬਾਹਰ ਆਏ ਸਨ ਅਤੇ ਅਚਾਨਕ ਕਮਰੇ ਦੀ ਛੱਤ ਡਿੱਗ ਗਈ ਜਿਸ ਕਾਰਨ ਘਰ ਦਾ ਸਾਰਾ ਕੀਮਤੀ ਸਾਮਾਨ ਬਹੁਤ ਬੁਰੀ ਤਰ੍ਹਾਂ ਨਾਲ ਖਰਾਬ ਹੋ ਗਿਆ ਹੈ। ਬੋਧ ਰਾਜ ਨੇ ਦੱਸਿਆ ਕਿ ਉਹ ਸਬਜ਼ੀ ਦੀ ਰੇਹੜੀ ਲਗਾਕੇ ਆਪਣੇ ਘਰ ਦਾ ਗੁਜਾਰਾ ਚਲਾ ਰਿਹਾ ਹੈ । ਉਨ੍ਹਾਂ ਨੇ ਪ੍ਰਸਾਸਨ ਤੋਂ ਮੰਗ ਕੀਤੀ ਹੈ ਕਿ ਉਸ ਦੀ ਆਰਥਿਕ ਮਦਦ ਕੀਤੀ ਜਾਵੇ, ਤਾਂ ਕਿ ਮੁੜ ਰਹਿਣ ਬਸੇਰਾ ਕਰਨ ਲਈ ਛੱਤ ਪਾ ਕੇ ਰਹਿਣ ਸੱਕਣ।

## ਫਾਹਾ ਲੈ ਕੇ ਇਕ ਵਿਅਕਤੀ ਨੇ ਆਤਮ ਹੱਤਿਆ ਕੀਤੀ, ਪਤਨੀ ਸਮੇਤ ਸਹੁਰੇ ਪਰਿਵਾਰ ਦੇ 6 ਲੋਕ ਨਾਮਜਦ

ਜਲਾਲਾਬਾਦ 5 ਅਕਤੂਬਰ। ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਇਕ ਵਿਅਕਤੀ ਦੇ ਫਾਹਾ ਲੈ ਕੇ ਆਤਮ ਹੱਤਿਆ ਕਰਨ ਦੇ ਸਬੰਧ ਵਿਚ ਪਤਨੀ ਸਮੇਤ ਸਹੁਰੇ ਪਰਿਵਾਰ ਦੇ 6 ਲੋਕਾਂ ’ਤੇ ਪਰਚਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਕੈਲਾਸ਼ ਰਾਣੀ ਪਤਨੀ ਸੁਰਜੀਤ ਸਿੰਘ ਵਾਸੀ ਮੋਹਕਮ ਅਰਾਈਆ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਸਦਾ ਲੜਕਾ ਚਰਨਜੀਤ ਸਿੰਘ 12ਵੀਂ ਪਾਸ ਹੈ ਅਤੇ ਉਸਦਾ ਪਿੰਡ ਟਾਹਲੀਵਾਲਾ ਦੀ ਲੜਕੀ ਕੁਲਵਿੰਦਰ ਕੌਰ ਜੋਕਿ ਵਿਆਹੁਤਾ ਸੀ, ਜਿਸਦਾ ਇਕ ਬੱਚਾ ਵੀ ਹੈ ਅਤੇ ਤਲਾਕਸ਼ੁਦਾ ਹੈ, ਨਾਲ ਸਬੰਧ ਸੀ। ਉਸਦਾ ਲੜਕਾ ਚਰਨਜੀਤ ਸਿੰਘ ਅਤੇ ਕੁਲਵਿੰਦਰ ਕੌਰ ਆਪਸ ਵਿਚ ਗੱਲਬਾਤ ਕਰਦੇ ਸੀ। ਕਰੀਬ 2 ਸਾਲ ਤੋਂ ਲਿਵਿੰਗ ਰਿਲੇਸ਼ਨ ਵਿਚ ਰਹਿੰਦੇ ਸੀ ਅਤੇ ਮਿਤੀ 18-02-2024 ਨੂੰ ਉਸਦੇ ਲੜਕੇ ਚਰਨਜੀਤ ਸਿੰਘ ਨੂੰ ਕੁਲਵਿੰਦਰ ਕੌਰ ਆਪਣੇ ਪੇਕਿਆਂ ਤੇ ਗਈ। ਉਸਦਾ ਲੜਕਾ ਆਪਣੇ ਘਰ ਵਾਪਸ ਆ ਗਿਆ ਸੀ ਜਦਕਿ ਕੁਲਵਿੰਦਰ ਕੌਰ ਆਪਣੇ ਪੇਕਿਆਂ ਦੇ ਰਹਿ ਗਈ। ਉਸ ਦਿਨ ਚਰਨਜੀਤ ਸਿੰਘ ਤੇ ਸਹੁਰੇ ਨੇ ਕੁਲਵਿੰਦਰ ਕੌਰ ਦੀ ਘਰ ਵਾਪਸੀ ਨੂੰ ਲੈ ਕੇ ਝਗੜਾ ਵੀ ਕੀਤਾ ਸੀ ਅਤੇ ਮਿਤੀ 6 ਮਾਰਚ 2024 ਨੂੰ ਉਸਦਾ ਲੜਕਾ ਚਰਨਜੀਤ ਸਿੰਘ ਆਪਣੀ ਘਰਵਾਲੀ ਕੁਲਵਿੰਦਰ ਕੌਰ ਨੂੰ ਲੈਣ ਲਈ ਪਿੰਡ ਟਾਹਲੀਵਾਲਾ ਗਿਆ, ਜਿੱਥੇ ਲੜਕੀ ਕੁਲਵਿੰਦਰ ਕੌਰ ਨੂੰ ਨਾ ਭੇਜਣ ਨੂੰ ਲੈ ਕੇ ਮੰਗਲ ਸਿੰਘ ਵਗੈਰਾ ਨੇ ਉਸਦੇ ਲੜਕੇ ਚਰਨਜੀਤ ਸਿੰਘ ਨਾਲ ਲੜਾਈ ਝਗੜਾ ਕਰਕੇ ਕਿਹਾ ਕਿ ਅਸੀਂ ਲੜਕੀ ਨਹੀਂ ਭੇਜਣੀ ਤੂੰ ਜਿੱਥੇ ਮਰਜੀ ਜਾ ਕੇ ਫਾਹਾ ਲੈ ਕੇ ਮਰ ਜਾ। ਇਸ ’ਤੇ ਮੇਰੇ ਲੜਕੇ ਚਰਨਜੀਤ ਸਿੰਘ ਨੇ ਘਰ ਆ ਕੇ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ। ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਮੁਦੱਈ ਕੈਲਾਸ਼ ਰਾਣੀ ਪਤਨੀ ਸੁਰਜੀਤ ਸਿੰਘ ਵਾਸੀ ਮੋਹਕਮ ਅਰਾਈਆ ਦੇ ਬਿਆਨਾਂ ਦੇ ਅਧਾਰ ’ਤੇ ਕੁਲਵਿੰਦਰ ਕੌਰ ਪੁਤਰੀ ਮੰਗਲ ਸਿੰਘ, ਮੰਗਲ ਸਿੰਘ, ਰਮਨ ਪੁੱਤਰ ਮੰਗਲ ਸਿੰਘ, ਕੈਲਾਸ਼ ਕੌਰ ਪਤਨੀ ਮੰਗਲ ਸਿੰਘ, ਜੋਤੀ ਪੁੱਤਰ ਮੰਗਲ ਸਿੰਘ ਅਤੇ ਕਾਜਲ ਪੁੱਤਰੀ ਮੰਗਲ ਸਿੰਘ ਵਾਸੀਆਨ ਟਾਹਲੀਵਾਲਾ ਦੇ ਖਿ਼ਲਾਫ ਧਾਰਾ 306 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

### ਬਟਾਲਾ ਦੇ ਅਚਲੇਸਵਰ ਮੰਦਰ ਵਿਖੇ ਮਹਾਸਿਵਰਾਤਰੀ ਦੇ ਮੌਕੇ ਭਗਤਾਂ ਦੀਆਂ ਲੱਗੀਆਂ ਰੌਣਕਾਂ

ਬਟਾਲਾ 18 ਅਗਸਤ। ਬਟਾਲਾ ਦੇ ਅਚਲੇਸਵਰ ਮੰਦਰ ਵਿਖੇ ਮਹਾਸਿ਼ਵਰਾਤਰੀ ਦੇ ਮੌਕੇ ਭਗਤਾਂ ਦੀਆਂ ਰੌਣਕਾਂ ਲੱਗੀਆਂ ਹੋਈਆਂ ਹਨ। ਇਸ ਮੌਕੇ ਭਗਤ ਭੋਲੇ ਨਾਥ ਦੀ ਪੂਜਾ ਕਰਨ ਲਈ ਵੱਡੀ ਗਿਣਤੀ ‘ਚ ਸਾਮਲ ਹੋਏ। ਅਚਲੇਸਵਾਰ ਮੰਦਰ ਉਹ ਸਥਾਨ ਹੈ, ਜਿੱਥੇ ਭਗਵਾਨ ਸਿ਼ਵ ਆਪਣੇ ਪਰਿਵਾਰ ਅਤੇ 33 ਕਰੋੜ ਦੇਵੀ-ਦੇਵਤਿਆਂ ਨਾਲ ਆਏ ਸਨ । ਉੱਥੇ ਵੀ ਸਿ਼ਵਰਾਤਰੀ ਦਾ ਦਿਹਾੜਾ ਇਥੇ ਪੂਰੀ ਸਰਧਾ ਨਾਲ ਮਨਾਇਆ ਜਾ ਰਿਹਾ ਹੈ। ਉਥੇ ਹੀ ਖਾਸ ਇਹ ਹੈ ਕਿ ਇਸ ਸਥਾਨ ‘ਤੇ ਗੁਰਦੁਆਰਾ ਸ੍ਰੀ ਅਚਲ ਸਾਹਿਬ ਵੀ ਹੈ

### ਪਿੰਡ ਦੇ ਵਿਕਾਸ ਕਾਰਜਾਂ ਦੀਆਂ ਗ੍ਰਾਂਟਾਂ ‘ਚ ਕਰੋੜਾਂ ਦਾ ਗਬਨ ਕਰਨ ਵਾਲੇ 5 ਪੰਚਾਇਤ ਮੈਂਬਰਾਂ ਦਾ ਪਰਦਾਫਾਸ਼

ਚੰਡੀਗੜ੍ਹ 5 ਅਕਤੂਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਵੀਰਵਾਰ ਨੂੰ ਗੁਰਮੇਜ ਸਿੰਘ ਅਤੇ ਜਵਾਲਾ ਸਿੰਘ (ਦੋਵੇਂ ਸਾਬਕਾ ਸਰਪੰਚ), ਨਿਰਵੈਲ ਸਿੰਘ, ਕਾਬੁਲ ਸਿੰਘ ਅਤੇ ਗੁਰਬੀਰ ਸਿੰਘ (ਦੋਵੇਂ ਸਾਬਕਾ ਮੈਂਬਰ) ਨੂੰ ਗ੍ਰਾਮ ਪੰਚਾਇਤ ਬੇਨਕਾ, ਜ਼ਿਲ੍ਹਾ ਤਰਨਤਾਰਨ ਦੇ ਵਿਕਾਸ ਲਈ ਮਿਲੀ ਸਰਕਾਰੀ ਗਰਾਂਟ ਦੀ ਦੁਰਵਰਤੋਂ ਕਰਨ ਲਈ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸਾਬਕਾ ਪੰਚਾਇਤ ਮੈਂਬਰਾਂ ਖਿਲਾਫ ਇਹ ਕੇਸ ਪਿੰਡ ਬੇਨਕਾ ਦੇ ਵਸਨੀਕ ਸ਼ੁਬੇਗ ਸਿੰਘ ਵੱਲੋਂ ਬਿਊਰੋ ਨੂੰ ਦਰਜ ਕਰਵਾਈ ਸ਼ਿਕਾਇਤ ਦੇ ਅਧਾਰ ’ਤੇ ਦਰਜ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਤੋਂ ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਉਕਤ ਦੋਸ਼ੀਆਂ ਨੇ ਪਿੰਡ ਬੇਨਕਾ ਦੇ ਪੰਚਾਇਤ ਮੈਂਬਰਾਂ ਵਜੋਂ ਆਪਣੇ ਕਾਰਜਕਾਲ ਦੌਰਾਨ ਸਰਕਾਰੀ ਫੰਡਾਂ ਚੋਂ 1,66,95,153 ਰੁਪਏ ਦਾ ਗਬਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਪੰਜਾਂ ਮੁਲਜ਼ਮਾਂ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

### ਵਿਧਾਨਸਭਾ ‘ਚ ਵਿਧਾਇਕਾਂ ਨੇ ਚੁੱਕੀ ਅਫੀਮ ਦੀ ਖੇਤੀ ਦੀ ਮੰਗ

ਚੰਡੀਗੜ੍ਹ 5 ਅਕਤੂਬਰ। ਵਿਧਾਨਸਭਾ ਸੈਸ਼ਨ ‘ਚ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਕੋਲ ਸਵਾਲ ਪੁੱਛਿਆ ਗਿਆ ਕਿ ਸਰਕਾਰ ਸਿੰਥੈਟਿਕ ਡਰੱਗ ਨੂੰ ਠੱਲ੍ਹ ਪਾਉਂਣ ਲਈ ਪੰਜਾਬ ‘ਚ ਪੋਸਤ ਦੀ ਖੇਤੀ ਕਰਨ ਦਾ ਵਿਚਾਰ ਰੱਖਦੀ ਹੈ ਜਾਂ ਨਹੀਂ ਅਤੇ ਜੇਕਰ ਰੱਖਦੀ ਹੈ ਤਾਂ ਕਦੋਂ ਇਸ ਨੂੰ ਸ਼ੁਰੂ ਕਰਨ ਦੀ ਸੰਭਾਵਨਾ ਹੈ ? ਇਸ ਦੌਰਾਨ ਹੱਸਦੇ ਹੋਏ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਕਿਹਾ ਕਿ ਇਸ ਸਵਾਲ ‘ਤੇ ਸਭ ਦੇ ਚਿਹਰੇ ਖੀੜ ਗਏ ਹਨ ਅਤੇ ਮੈਂ ਵੀ ਉਸ ਉਮਰ ਵੱਲ ਜਾ ਰਿਹਾ ਜਿੱਥੇ ਸ਼ਾਇਦ ਲੋੜ ਪੈ ਜਾਂਦੀ ਹੈ। ਇਸ ਤੋਂ ਬਾਅਦ ਸਵਾਲ ਦਾ ਜਵਾਬ ਦਿੰਦਿਆਂ ਮੰਤਰੀ ਨੇ ਕਿਹਾ ਫਿਲਹਾਲ ਸਰਕਾਰ ਦਾ ਇਸ ਦੀ ਖੇਤੀ ਕਰਨ ਦਾ ਕੋਈ ਇਰਾਦਾ ਨਹੀਂ ਹੈ, ਕਿਉਂਕਿ ਇਹ ਵੀ ਇਕ ਨਸ਼ਾ ਹੈ। ਇਸ ਦੌਰਾਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਜਦੋਂ ਤੁਹਾਨੂੰ ਸਮਾਂ ਮਿਲੇ ਤਾਂ ਇਹ ਵੀ ਦੱਸੋ ਕਿ ਪੰਜਾਬ ‘ਚ ਪਹਿਲਾਂ ਅਫੀਮ ਦੇ ਠੇਕੇ ਹੁੰਦੇ ਸੀ

## ਸੋਸ਼ਲ ਮੀਡੀਆ ਦੇ ਆਦੀ ਨੌਜਵਾਨਾਂ ਨੂੰ ਲੈ ਕੇ ਵੱਡਾ ਖੁਲਾਸਾ, 4 ਹਫਤਿਆਂ ’ਚ ਆਦਤ ‘ਤੇ ਇੰਝ ਪਾ ਸਕਦੇ ਹੋ ਕਾਬੂ

ਜਲੰਧਰ 5 ਅਕਤੂਬਰ। ਇਕ ਅਧਿਐਨ ਵਿਚ ਇਸ ਗੱਲ ਨੂੰ ਲੈ ਕੇ ਖੋਜ ਕੀਤੀ ਗਈ ਹੈ ਕਿ ਸੋਸਲ ਮੀਡੀਆ ਨੌਜਵਾਨਾਂ ਦੀ ਮਾਨਸਿਕ ਸਿਹਤ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। 75 ਫੀਸਦੀ ਤੋਂ ਵੱਧ ਨੌਜਵਾਨ ਹਰ ਘੰਟੇ ਆਪਣੇ ਫੋਨ ਵੇਖਦੇ ਹਨ ਅਤੇ ਉਨ੍ਹਾਂ ’ਚੋਂ ਅੱਧੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਆਪਣੇ ਡਿਵਾਈਸਾਂ ਦੇ ਆਦੀ ਹੋ ਗਏ ਹਨ। ਖੋਜੀਆਂ ਦਾ ਕਹਿਣਾ ਹੈ ਕਿ ਸੋਸਲ ਮੀਡੀਆ ਦੀ ਆਦਤ ਨੂੰ 4 ਹਫਤਿਆਂ ’ਚ ਕਾਫੀ ਹੱਦ ਤੱਕ ਕੰਟਰੋਲ ਕੀਤਾ ਜਾ ਸਕਦਾ ਹੈ। ਕਈ ਲੋਕ ਸੋਸਲ ਮੀਡੀਆ ਦੀ ਆਦਤ ਦੀ ਤੁਲਨਾ ਸਿਗਰੇਟ ਨਾਲ ਕਰਦੇ ਹਨ। ਉਹ ਕਹਿੰਦੇ ਹਨ ਕਿ ਸੋਸਲ ਮੀਡੀਆ ’ਤੇ ਕਿੰਨੇ ਲਾਈਕ ਮਿਲੇ ਇਸ ਨੂੰ ਵੇਖਣ ਦੀ ਇੱਛਾ ਇਕ ਨਵੀਂ ਕਿਸਮ ਦੀ ‘ਸਿਗਰਟਨੋਸ਼ੀ ਦੀ ਲਾਲਸਾ’ ਹੈ। ਹੋਰਨਾਂ ਦਾ ਮੰਨਣਾ ਹੈ ਕਿ ਸੋਸਲ ਮੀਡੀਆ ’ਤੇ ਬੇਚੈਨੀ ਨਵੀਆਂ ਤਕਨੀਕਾਂ ਬਾਰੇ ਨੈਤਿਕ ਘਬਰਾਹਟ ਦਾ ਅਗਲਾ ਦੌਰ ਹੈ। ਖੋਜੀਆਂ ਨੇ ਸੋਸਲ ਮੀਡੀਆ ਦੀ ਵਰਤੋਂ ਕਰਨ ਦੇ ਹਵਾਲੇ ਦਿੰਦਿਆਂ ਕਿਹਾ ਹੈ ਕਿ ਉਹ ਟਿਕ-ਟਾਕ ਦੇ 1000 ਫੀਸਦੀ ਆਦੀ ਹਨ। ਕੁਝ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਚੰਗੀ ਤਰ੍ਹਾਂ ਅਹਿਸਾਸ ਹੈ ਕਿ ਇਹ ਉਨ੍ਹਾਂ ਦੇ ਦਿਮਾਗ ’ਤੇ ਕਬਜਾ ਕਰ ਰਿਹਾ ਹੈ ਪਰ ਉਹ ਇਸ ਤੋਂ ਦੂਰ ਨਹੀਂ ਹੋ ਸਕਦੇ ਹਨ। ਬਹੁਤ ਸਾਰੇ ਲੋਕ ਅਜੇ ਵੀ ਆਨਲਾਈਨ ਬਿਤਾਏ ਗਏ ਸਮੇਂ ਨੂੰ ਲੈਕੇ ਅਸਹਿਜ ਮਹਿਸੂਸ ਕਰਦੇ ਹਨ ਅਤੇ ਅਕਸਰ ਹੈਰਾਨ ਹੁੰਦੇ ਹਨ ਕਿ ਕੀ ਉਹ ਆਦੀ ਹਨ? ਸੋਸਲ ਮੀਡੀਆ ਦੀ ਵਰਤੋਂ ’ਤੇ 2010 ਦੇ ਦਹਾਕੇ ਦੇ ਸ਼ੁਰੂਆਤੀ ਅਧਿਐਨ ਸਰੀਰ ’ਤੇ ਪ੍ਰਭਾਵ, ਖਾਣ ਦੀਆਂ ਆਦਤਾਂ ਦੇ ਵਿਕਾਰ ਅਤੇ ਸਮਾਜਿਕ ਤੁਲਨਾ ਦੇ ਨਾਂਹਪੱਖੀ ਪ੍ਰਭਾਵ ਵਿਖਾਉਂਦੇ ਹਨ। ਇਸ ਦੇ ਉਲਟ ਹੋਰ ਅਧਿਐਨ ਸੋਸਲ ਮੀਡੀਆ ਦੇ ਮਾਨਸਿਕ ਸਿਹਤ ਲਾਭਾਂ ਵੱਲ ਇਸਾਰਾ ਕਰਦੇ ਹਨ, ਜਿਸ ਵਿਚ ਸਮਾਜਿਕ ਤੰਦਰੁਸਤੀ, ਮਜਬੂਤ ਦੋਸਤੀ ਅਤੇ ਵੱਖ-ਵੱਖ ਨਜਰੀਆਂ ਦਾ ਸੌਖਾ ਹੋਣਾ ਸ਼ਾਮਲ ਹੈ। ਅਧਿਐਨ ਵਿਚ ਵੱਖ-ਵੱਖ ਕਿਸਮ ਦੀਆਂ ਸੋਸਲ ਮੀਡੀਆ ਆਦਤਾਂ ਵਾਲੇ 500 ਤੋਂ ਵੱਧ ਕਾਲਜ ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਦਿਆਰਥੀਆਂ ਨੇ ਸੋਸਲ ਮੀਡੀਆ ਨਾਲ ਆਪਣੇ ਮੌਜੂਦਾ ਸਬੰਧਾਂ ’ਤੇ



ਵਿਚਾਰ ਕਰਕੇ ਸ਼ੁਰੂਆਤ ਕੀਤੀ ਅਤੇ ਫਿਰ ਉਨ੍ਹਾਂ ਤਬਦੀਲੀਆਂ ਲਈ ਟੀਚਾ ਨਿਰਧਾਰਤ ਕੀਤਾ, ਜੋ ਉਹ ਕਰਨਾ ਚਾਹੁੰਦੇ ਹਨ। ਇਸ ਵਿਚ ਬਿਨਾਂ ਸੋਚੇ-ਸਮਝੇ ‘ਸਕ੍ਰਾਲ’ ਕਰਨ ਵਿਚ ਘੱਟ ਸਮਾਂ ਬਿਤਾਉਣਾ, ਕਿਸੇ ਐਪ ’ਤੇ ਆਪਣੇ ਆਪ ਨੂੰ ਉਤੇਜਿਤ ਨਾ ਕਰਨਾ ਜਾਂ ਬੈੱਡਰੂਮ ਵਿਚ ਫੋਨ ਲੈ ਕੇ ਨਾ ਸੌਣਾ ਸਾਮਲ ਹੋ ਸਕਦਾ ਹੈ। 4 ਹਫਤਿਆਂ ਤੱਕ ਹਿੱਸਾ ਲੈਣ ਵਾਲੇ ਆਪਣੇ ਟੀਚਿਆਂ ਨੂੰ ਹਾਸਲ ਕਰਨ ਦੀ ਕੋਸ਼ਿਸ਼ ਵਿਚ ਮਿਲੀ ਸਫਲਤਾ ਦੀ ਜਾਣਕਾਰੀ ਦਿੰਦੇ ਹਨ। ਉਹ ‘ਜਰਨਲਿੰਗ’ (ਡਾਇਰੀ ਲਿਖਣ) ਅਤੇ ਮਿਆਰੀ ਮਨੋਵਿਗਿਆਨਕ ਸਰਵੇਖਣਾਂ ਰਾਹੀਂ ਆਪਣੀਆਂ ਭਾਵਨਾਵਾਂ ਅਤੇ ਅਨੁਭਵਾਂ ਨੂੰ ਦੱਸਦੇ ਹਨ, ਜੋ ਸੋਸਲ ਮੀਡੀਆ ਦੀ ਆਦਤ ਅਤੇ ਹੋਰ ਮਾਨਸਿਕ ਸਿਹਤ ’ਤੇ ਪੈਣ ਵਾਲੇ ਪ੍ਰਭਾਵਾਂ ਨੂੰ ਦਰਸਾਉਂਦੇ ਹਨ। ਮੁੱਢਲਾ ਸਰਵੇਖਣ ਸੰਕੇਤ ਕਰਦਾ ਹੈ ਕਿ 4 ਹਫਤਿਆਂ ਦੀ ਦਖਲਅੰਦਾਜੀ ਉਨ੍ਹਾਂ ਲੋਕਾਂ ’ਚ ਸੋਸਲ ਮੀਡੀਆ ਦੀ ਆਦਤ ਨੂੰ ਕਾਫੀ ਹੱਦ ਤੱਕ ਘੱਟ ਕਰ ਦਿੰਦੀ ਹੈ, ਜਿਨ੍ਹਾਂ ਨੇ ਸੋਸ਼ਲ ਮੀਡੀਆ ਦੀ ਆਦਤ ਦੇ ਸਮੱਸਿਆ ਵਾਲੇ ਜਾਂ ਕਲੀਨਿਕਲ ਪੱਧਰਾਂ ਤੋਂ ਸ਼ੁਰੂਆਤ ਕੀਤੀ ਸੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਧੀ ਘਰੋਂ ਆਏ ਫੋਨ ਨੇ ਉਡਾਏ ਮਾਪਿਆਂ ਦੇ ਹੋਸ਼, ਜਦੋਂ ਜਾ ਕੇ ਵੇਖਿਆ ਤਾਂ ਨਿਕਲ ਗਈਆਂ ਚੀਕਾਂ

ਫ਼ਤਿਹਗੜ੍ਹ ਸਾਹਿਬ 5 ਅਕਤੂਬਰ। ਪਿੰਡ ਭਮਾਰਸੀ ਵਿਖੇ ਇਕ ਵਿਆਹੁਤਾ ਲੜਕੀ ਵੱਲੋਂ ਆਤਮਹੱਤਿਆ ਕਰ ਲਏ ਜਾਣ ਅਤੇ ਉਸਦੇ ਪਤੀ-ਸੱਸ ਸਹੁਰੇ ਖ਼ਿਲਾਫ ਥਾਣਾ ਸਰਹਿੰਦ ਪੁਲਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਪ੍ਰੀਤਮ ਸਿੰਘ ਪੁੱਤਰ ਜਵਾਲਾ ਸਿੰਘ ਵਾਸੀ ਪਿੰਡ ਜੱਸੜਾ ਨੇ ਦੱਸਿਆ ਕਿ ਉਹ ਖੇਤੀਬਾੜੀ ਕਰਦੇ ਹਨ, ਉਸਦੇ 2 ਲੜਕੇ ਅਤੇ 4 ਲੜਕੀਆਂ ਹਨ, ਸਾਰੇ ਵਿਆਹੇ ਹੋਏ ਹਨ। ਸਭ ਤੋਂ ਛੋਟੀ ਲੜਕੀ ਸੁਮਨਜੀਤ ਕੌਰ ਦਾ ਵਿਆਹ ਜਗਵੀਰ ਸਿੰਘ ਪੁੱਤਰ ਕਰਮਿੰਦਰ ਸਿੰਘ ਵਾਸੀ ਪਿੰਡ ਸੁਹਾਗਹੇੜੀ ਨਾਲ 08-12-2012 ਨੂੰ ਕੀਤਾ ਸੀ। ਮੌਜੂਦਾ ਸਮੇਂ ਜਗਵੀਰ ਸਿੰਘ ਪਿੰਡ ਭਮਾਰਸੀ ਬੁਲੰਦ ਵਿਖੇ ਰਹਿੰਦਾ ਹੈ। ਵਿਆਹ 'ਤੇ 50 ਲੱਖ ਰੁਪਏ ਖਰਚ ਕੀਤੇ ਸੀ। ਵਿਆਹ ਤੋਂ ਬਾਅਦ ਸੁਮਨਜੀਤ ਕੌਰ ਦੇ ਇਕ 10 ਸਾਲਾ ਲੜਕੀ ਜਪਨਜੀਤ ਕੌਰ ਵੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਗਵੀਰ ਸਿੰਘ ਨਸ਼ੇ ਦਾ ਆਦੀ ਹੈ। ਵਿਆਹ ਤੋਂ ਬਾਅਦ ਲੜਕੀ ਦਾ ਪਤੀ ਜਗਵੀਰ ਸਿੰਘ, ਸੱਸ ਚਰਨਜੀਤ ਕੌਰ ਅਤੇ ਸਹੁਰਾ ਕਰਮਿੰਦਰ ਸਿੰਘ ਉਸ ਨੂੰ ਤੰਗ-ਪ੍ਰੇਸ਼ਾਨ ਕਰਦੇ ਸਨ ਅਤੇ ਕੁੱਟਮਾਰ ਕਰਦੇ ਸਨ। ਇਸ ਲਈ ਕਈ ਵਾਰ ਉਹ ਪਿੰਡ ਦੇ ਮੋਹਤਵਰ ਵਿਅਕਤੀਆਂ ਨੂੰ ਨਾਲ ਲੈ ਕੇ ਲੜਕੀ ਦੇ ਸਹੁਰੇ ਘਰ ਜਾਂਦੇ ਅਤੇ ਉਸ ਦੇ ਪਰਿਵਾਰ ਨੂੰ ਸਮਝਾ ਕੇ ਵਾਪਸ ਆ ਜਾਂਦੇ। ਬੀਤੇ ਦਿਨ ਲਗਭਗ 9.30 ਵਜੇ ਸਵੇਰੇ ਸੁਮਨਜੀਤ ਕੌਰ ਨੇ ਫੋਨ ਕੀਤਾ ਅਤੇ ਕਿਹਾ ਕਿ ਉਹ ਆਪਣੇ ਪਤੀ-ਸੱਸ ਤੇ ਸਹੁਰੇ ਤੋਂ ਬਹੁਤ ਪ੍ਰੇਸ਼ਾਨ ਹੈ, ਇਸ ਲਈ ਉਸ ਨੂੰ ਆ ਕੇ ਲੈ ਜਾਵੋ, ਨਹੀਂ ਤਾਂ ਉਸ ਨੇ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਣੀ ਹੈ। ਉਸ ਤੋਂ ਕੁਝ ਦੇਰ ਬਾਅਦ ਜਵਾਈ ਜਗਵੀਰ ਸਿੰਘ ਦਾ ਫੋਨ ਆਇਆ ਕਿ ਸਾਡੇ ਘਰ ਨਾ ਆਉਣਾ, ਮੈਂ ਆਪ ਹੀ ਸਭ ਦੇਖ ਲਵਾਂਗਾ। ਲਗਭਗ 1.30 ਵਜੇ ਪ੍ਰੀਤਮ ਸਿੰਘ, ਜਗਦੀਪ ਸਿੰਘ ਸਾਬਕਾ ਸਰਪੰਚ ਪਿੰਡ ਜੱਸੜਾ, ਦਰਸ਼ਨ ਸਿੰਘ ਬੱਬੀ ਵਾਸੀ ਪਿੰਡ ਸੌਂਟੀ ਸਮੇਤ ਸੁਮਨਜੀਤ ਕੌਰ ਦੇ ਸਹੁਰੇ ਘਰ ਪਹੁੰਚੇ ਤਾਂ ਸੁਮਨਜੀਤ ਕੌਰ ਬੈਂਚ 'ਤੇ ਲੰਮੀ ਪਈ ਸੀ, ਜਿਸ ਦੇ ਗਲ ਵਿਚ ਚੁੰਨੀ ਲਿਪਟੀ ਹੋਈ ਸੀ, ਜਿਸ ਤੋਂ ਲੱਗਦਾ ਸੀ ਕਿ ਸੁਮਨਜੀਤ ਕੌਰ ਨੇ ਸਹੁਰੇ ਪਰਿਵਾਰ ਤੋਂ ਤੰਗ ਹੋ ਕੇ ਆਪਣੀ ਜਾਨ ਦੇ ਦਿੱਤੀ ਹੈ। ਇਸ ਸਬੰਧੀ ਥਾਣਾ ਸਰਹਿੰਦ ਦੇ ਐੱਸ. ਐੱਚ. ਓ. ਗੁਰਦੀਪ ਸਿੰਘ ਨਾਲ ਗੱਲ ਕਰਨ 'ਤੇ ਉਨ੍ਹਾਂ ਦੱਸਿਆ ਕਿ ਪ੍ਰੀਤਮ ਸਿੰਘ ਦੇ ਬਿਆਨਾਂ 'ਤੇ ਸੁਮਨਜੀਤ ਕੌਰ ਦੇ ਪਤੀ ਜਗਵੀਰ ਸਿੰਘ, ਸੱਸ ਚਰਨਜੀਤ ਕੌਰ ਅਤੇ ਸਹੁਰੇ ਕਰਮਿੰਦਰ ਸਿੰਘ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਜਾਂਚ ਕੀਤੀ ਜਾ ਰਹੀ ਹੈ। ਸੁਮਨਜੀਤ ਕੌਰ ਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਲਈ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਦੇ ਡਾਕਟਰਾਂ ਨੂੰ ਬੋਰਡ ਬਣਾਉਣ ਲਈ ਬੇਨਤੀ ਕੀਤੀ ਸੀ ਪਰ ਡਾਕਟਰਾਂ ਨੇ ਪੋਸਟਮਾਰਟਮ ਲਈ ਰਾਜਿੰਦਰਾ ਹਸਪਤਾਲ ਰੈਫਰ ਕਰ ਦਿੱਤਾ। ਸੁਮਨਜੀਤ ਕੌਰ ਦੇ ਪਤੀ ਜਗਵੀਰ ਸਿੰਘ, ਸੱਸ ਚਰਨਜੀਤ ਕੌਰ ਅਤੇ ਸਹੁਰੇ ਕਰਮਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਜਾਂਚ ਸਹਾਇਕ ਥਾਣੇਦਾਰ ਤਿਲਕ ਰਾਜ ਕਰ ਰਹੇ ਹਨ।

## ਟਿਆਲਾ ਨੇੜੇ ਵਾਪਰਿਆ ਭਿਆਨਕ ਸੜਕ ਹਾਦਸਾ, ਮਾਪਿਆਂ ਦੇ ਇਕਲੌਤੇ ਪੁੱਤ ਦੀ ਦਰਦਨਾਕ ਮੌਤ

ਭਵਾਨੀਗੜ੍ਹ 5 ਅਕਤੂਬਰ। ਸ਼ਹਿਰ 'ਚ ਮੋਬਾਈਲ ਸ਼ਾਪ ਚਲਾਉਂਦੇ ਇਕ ਨੌਜਵਾਨ ਦੀ ਬੀਤੀ ਰਾਤ ਪਟਿਆਲਾ ਨੇੜੇ ਵਾਪਰੇ ਭਿਆਨਕ ਸੜਕ ਹਾਦਸੇ 'ਚ ਮੌਤ ਹੋ ਗਈ। ਜਾਣਕਾਰੀ ਅਨੁਸਾਰ 27 ਸਾਲਾ ਨੌਜਵਾਨ ਸ਼ੁਭਮ ਗੋਗੀਆ ਪੁੱਤਰ ਗੋਪਾਲ ਕੁਮਾਰ ਸਥਾਨਕ ਹਸਪਤਾਲ ਰੋਡ 'ਤੇ ਮੋਬਾਈਲਾਂ ਦੀ ਦੁਕਾਨ ਕਰਦਾ ਸੀ। ਪਿਛਲੇ ਸਮੇਂ ਦੌਰਾਨ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਹ ਰਾਜਪੁਰਾ ਸ਼ਹਿਰ ਤੋਂ ਭਵਾਨੀਗੜ੍ਹ ਵਿਖੇ ਆਪਣੇ ਚਾਚੇ ਕੋਲ ਰਹਿਣ ਲੱਗ ਪਿਆ ਸੀ। ਬੀਤੀ ਦੇਰ ਰਾਤ ਜਦੋਂ ਸ਼ੁਭਮ ਆਪਣੇ ਮੋਟਰਸਾਈਕਲ ਰਾਹੀਂ ਰਾਜਪੁਰਾ ਸ਼ਹਿਰ ਤੋਂ ਭਵਾਨੀਗੜ੍ਹ ਵੱਲ ਆ ਰਿਹਾ ਸੀ ਤਾਂ ਉਸ ਦਾ ਮੋਟਰਸਾਈਕਲ ਪਟਿਆਲਾ-ਰਾਜਪੁਰਾ ਬਾਈਪਾਸ 'ਤੇ ਇਕ ਟਰੱਕ ਨਾਲ ਟਕਰਾ ਗਿਆ ਤੇ ਇਸ ਭਿਆਨਕ ਸੜਕ ਹਾਦਸੇ 'ਚ ਸ਼ੁਭਮ ਦੀ ਦਰਦਨਾਕ ਮੌਤ ਹੋ ਗਈ। ਐਤਵਾਰ ਨੂੰ ਘਟਨਾ ਸਬੰਧੀ ਪਤਾ ਲੱਗਦਿਆਂ ਹੀ ਸ਼ਹਿਰ ਦੇ ਦੁਕਾਨਦਾਰਾਂ ਵਿਚ ਸੋਗ ਫੈਲ ਗਿਆ। ਮ੍ਰਿਤਕ ਨੌਜਵਾਨ ਆਪਣੇ ਮਾਪਿਆਂ ਦਾ ਇਕਲੌਤਾ ਪੁੱਤ ਸੀ ਤੇ ਫਿਲਹਾਲ ਕੁਆਰਾ ਸੀ।

# ਹੋਟਲ 'ਚ ਕੁੜੀ ਨਾਲ ਜਬਰ-ਜਿਨਾਹ ਕਰਨ ਸਮੇਤ ਬਲੈਕਮੇਲ ਕਰਨ ਦੇ ਦੋਸ 'ਚ ਮਾਮਲਾ ਦਰਜ,

ਜੀਰਕਪੁਰ 5 ਅਕਤੂਬਰ। ਕਾਲਕਾ ਪੁਲਸ ਨੇ ਇੱਕ ਕੁੜੀ ਨਾਲ ਜਬਰ-ਜ਼ਿਨਾਹ ਕਰਨ ਅਤੇ ਅਸਲੀਲ ਤਸਵੀਰਾਂ ਖਿੱਚ ਕੇ ਉਸ ਨੂੰ ਬਲੈਕਮੇਲ ਕਰਨ ਸਮੇਤ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ ਵਿੱਚ ਜੀਰਕਪੁਰ ਥਾਣੇ ਵਿੱਚ ਇੱਕ ਨੌਜਵਾਨ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਮੁਲਜਮ ਦੀ ਪਛਾਣ ਪ੍ਰਿੰਸ ਧਵਨ ਵਾਸੀ ਜੀਰਕਪੁਰ ਵਜੋਂ ਹੋਈ ਹੈ, ਜੋ ਫਿਲਹਾਲ ਫਰਾਰ ਹੈ। ਉਸ ਨੂੰ ਫੜ੍ਹਨ ਲਈ ਪੁਲਸ ਨੇ ਕਾਰਵਾਈ ਸੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੇ ਬਿਆਨ 'ਚ ਕੁੜੀ ਨੇ ਦੱਸਿਆ ਕਿ ਦੋਸੀ ਦਾ ਉਸ ਦੇ ਘਰ ਆਉਣਾ-ਜਾਣਾ ਸੀ। ਮੁਲਜਮਾਂ ਨੇ ਮੇਰੇ ਨਾਲ ਜਾਣ-ਪਛਾਣ ਕੀਤੀ ਅਤੇ ਮੈਨੂੰ ਕੱਪੜੇ ਦਿਵਾਉਣ ਦੇ ਬਹਾਨੇ ਮੋਹਾਲੀ ਲੈ ਆਏ। ਇਸ ਤੋਂ ਬਾਅਦ ਉਹ ਉਸ ਨੂੰ ਜੀਰਕਪੁਰ ਦੇ ਬਲਟਾਣਾ 'ਚ ਇਕ ਹੋਟਲ ਵਿਚ ਲੈ ਗਿਆ ਅਤੇ ਉਸ ਨੂੰ ਸਰੀਰਕ ਸਬੰਧ ਬਣਾਉਣ ਲਈ ਕਿਹਾ। ਜਦੋਂ ਪੀੜਤਾ ਨੇ ਵਿਰੋਧ ਕੀਤਾ ਤਾਂ ਦੋਸੀ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਜਬਰਦਸਤੀ ਸਰੀਰਕ ਸਬੰਧ ਬਣਾਏ ਅਤੇ ਉਸ ਦੀਆਂ ਅਸਲੀਲ ਤਸਵੀਰਾਂ ਆਪਣੇ ਮੋਬਾਇਲ 'ਚ ਲੈ ਲਈਆਂ। ਇਸ ਤੋਂ ਬਾਅਦ ਉਸ ਨੇ ਉਸ ਨੂੰ ਬਲੈਕਮੇਲ ਕਰਨਾ ਸੁਰੂ ਕਰ ਦਿੱਤਾ ਅਤੇ ਧਮਕੀ ਦਿੱਤੀ ਕਿ ਜੇਕਰ ਉਸ ਨੇ ਇਸ ਬਾਰੇ ਕਿਸੇ ਨੂੰ ਦੱਸਿਆ ਤਾਂ ਉਸ ਦੇ ਮਾਤਾ-ਪਿਤਾ ਨੂੰ ਜਾਨੋਂ ਮਾਰ ਦੇਵੇਗਾ। ਇਸ ਕਾਰਨ ਉਹ ਬਹੁਤ ਡਰੀ ਹੋਈ ਸੀ ਅਤੇ ਇਸ ਬਾਰੇ ਕਿਸੇ ਨੂੰ ਵੀ ਨਹੀਂ ਦੱਸਿਆ। ਪੀੜਤਾ ਨੇ ਦੱਸਿਆ ਕਿ ਫੋਟੋ ਵਾਇਰਲ ਕਰਨ ਦਾ ਡਰਾਵਾ ਦਿਖਾ ਕੇ ਦੋਸੀ ਨੇ ਉਸ ਨੂੰ 2 ਵਾਰ ਉਸੇ ਹੋਟਲ 'ਚ ਬੁਲਾਇਆ ਅਤੇ ਉਸ ਨਾਲ ਜਬਰਦਸਤੀ ਸਰੀਰਕ ਸਬੰਧ ਬਣਾਏ। ਪੀੜਤਾ ਨੇ ਆਪਣੇ ਬਿਆਨਾਂ ਵਿੱਚ ਦੱਸਿਆ ਕਿ ਅਕਤੂਬਰ 2022 ਵਿੱਚ ਉਸਦਾ ਵਿਆਹ ਹੋਇਆ ਸੀ।

ਇਸ ਤੋਂ ਬਾਅਦ ਵੀ ਉਕਤ ਦੋਸੀ ਉਸ ਨੂੰ ਪਰੇਸ਼ਾਨ ਕਰ ਰਿਹਾ ਸੀ, ਜਿਸ ਤੋਂ ਬਾਅਦ ਉਸ ਦੇ ਪਰਿਵਾਰ ਦੇ ਸਹਿਯੋਗ ਨਾਲ ਉਕਤ ਦੋਸੀ ਖ਼ਿਲਾਫ ਥਾਣਾ ਕਾਲਕਾ ਦਰਜ ਕੀਤਾ ਹੈ। ਮੁਲਜਮ ਦੀ ਪਛਾਣ ਪ੍ਰਿੰਸ ਧਵਨ ਵਾਸੀ ਜੀਰਕਪੁਰ ਵਜੋਂ ਹੋਈ ਹੈ, ਜੋ ਫਿਲਹਾਲ ਫਰਾਰ ਹੈ। ਉਸ ਨੂੰ ਫੜ੍ਹਨ ਲਈ ਪੁਲਸ ਨੇ ਕਾਰਵਾਈ ਸੁਰੂ ਕਰ ਦਿੱਤੀ'ਚ ਕਾਰਵਾਈ ਕੀਤੀ ਗਈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਜੀਰਕਪੁਰ ਦੇ ਤਫਤੀਸੀ ਅਫਸਰ ਨੇ ਦੱਸਿਆ ਕਿ ਕਾਲਕਾ ਪੁਲਸ ਨੇ ਮਾਮਲਾ ਜੀਰਕਪੁਰ ਨਾਲ ਸਬੰਧਿਤ ਹੋਣ ਕਾਰਨ ਸਾਡੇ ਕੋਲ ਜੀਰੋ ਐੱਫ. ਆਈ. ਆਰ. ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਾਂਚ ਸੁਰੂ ਕਰ ਦਿੱਤੀ ਗਈ ਹੈ ਅਤੇ ਜਲਦ ਹੀ ਦੋਸੀਆਂ ਨੂੰ ਕਾਬੂ ਕਰ ਲਿਆ ਜਾਵੇਗਾ।

## ਮੋਬਾਈਲ ਖੋਹਣ ਵਾਲੇ ਲੁਟੇਰੇ ਨੂੰ ਫੜਨ ਲਈ ਔਰਤ ਨੇ ਚਲਦੀ ਟਰੇਨ 'ਚੋਂ ਮਾਰੀ ਛਾਲ

ਕੋਲਕਾਤਾ, 5 ਅਕਤੂਬਰ। ਪੱਛਮੀ ਬੰਗਾਲ ਦੇ ਦੱਖਣੀ 24 ਪਰਗਨਾ ਜ਼ਿਲੇ ਵਿੱਚ ਮੋਬਾਈਲ ਫੋਨ ਖੋਹ ਕੇ ਭੱਜ ਰਹੇ ਲੁਟੇਰੇ ਨੂੰ ਫੜਨ ਲਈ ਇੱਕ ਔਰਤ ਨੇ ਚੱਲਦੀ ਰੇਲ ਗੱਡੀ 'ਚੋਂ ਛਾਲ ਮਾਰ ਦਿੱਤੀ ਜਿਸ ਕਾਰਨ ਉਹ ਜਖਮੀ ਹੋ ਗਈ। ਪੁਲਸ ਨੇ ਦੱਸਿਆ ਕਿ ਇੱਕ ਨਰਸ ਕਾਂਗਸੰਗ ਉਪ-ਜ਼ਿਲਾ ਹਸਪਤਾਲ ਵਿੱਚ ਆਪਣੀ ਡਿਊਟੀ ਪੂਰੀ ਕਰਨ ਤੋਂ ਬਾਅਦ ਵੀਰਵਾਰ ਸਾਮ ਟ੍ਰੇਨ ਰਾਹੀਂ ਆਪਣੇ ਘਰ ਲਈ ਸਟੇਸ਼ਨ 'ਤੇ ਪੁੱਜੀ। ਜਦੋਂ ਉਹ ਮਤਲਾ ਹਾਲਟ ਸਟੇਸਨ ਨੇੜੇ ਕੈਕਸਿੰਗ-ਸਿਆਲਦਾਹ ਰੇਲ ਗੱਡੀ 'ਤੇ ਚੜ੍ਹੀ ਤਾਂ ਇੱਕ ਲੁਟੇਰੇ ਨੇ ਉਸ ਦਾ ਮੋਬਾਈਲ ਫੋਨ ਖੋਹ ਲਿਆ ਅਤੇ ਰੇਲ ਗੱਡੀ ਤੋਂ ਛਾਲ ਮਾਰ ਦਿੱਤੀ। ਉਸ ਨੂੰ ਫੜਨ ਲਈ ਨਰਸ ਨੇ ਵੀ ਚਲਦੀ ਟ੍ਰੇਨ 'ਚੋਂ ਛਾਲ ਮਾਰ ਦਿੱਤੀ। ਸੂਚਨਾ ਮਿਲਣ 'ਤੇ ਸਰਕਾਰੀ ਰੇਲਵੇ ਪੁਲਸ (ਜੀ. ਆਰ. ਪੀ.) ਮੌਕੇ 'ਤੇ ਪਹੁੰਚੀ ਅਤੇ ਨਰਸ ਨੂੰ ਕਾਨਸੰਗ ਉਪ-ਜ਼ਿਲਾ ਹਸਪਤਾਲ ਲੈ ਗਈ। ਪੁਲਸ ਲੁਟੇਰੇ ਦੀ ਭਾਲ ਕਰ ਰਹੀ ਹੈ।

## ਕੈਦੀ ਅਤੇ ਹਵਾਲਾਤੀ ਤੋਂ ਦੋ ਮੋਬਾਇਲ ਤੇ ਇਕ ਬੈਟਰੀ ਬਰਾਮਦ

ਫਿਰੋਜ਼ਪੁਰ 5 ਅਕਤੂਬਰ। ਫਿਰੋਜ਼ਪੁਰ ਕੇਂਦਰੀ ਜੇਲ੍ਹ 'ਚ ਤਲਾਸ਼ੀ ਮੁਹਿੰਮ ਦੌਰਾਨ ਜੇਲ੍ਹ ਸਟਾਫ ਨੇ 2 ਹੋਰ ਮੋਬਾਇਲ ਅਤੇ ਇਕ ਲਾਵਾਰਿਸ ਮੋਬਾਇਲ ਦੀ ਬੈਟਰੀ ਬਰਾਮਦ ਕੀਤੀ ਹੈ, ਜਿਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਜੇਲ੍ਹ ਦੇ ਸਹਾਇਕ ਸੁਪਰਡੈਂਟ ਸ਼ਿਵਚੰਦ ਵਲੋਂ ਭੇਜੇ ਗਏ ਲਿਖਤੀ ਪੱਤਰ ਦੇ ਆਧਾਰ 'ਤੇ ਕੈਦੀ ਸੁਰਜੀਤ ਸਿੰਘ, ਹਵਾਲਾਤੀ ਜਸਦੀਪ ਸਿੰਘ ਉਰਫ ਜਗਦੀਪ ਸਿੰਘ ਉਰਫ ਜੱਸਾ ਅਤੇ ਇਕ ਅਣਪਛਾਤੇ ਵਿਅਕਤੀ ਖ਼ਿਲਾਫ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਟੀ ਦੇ ਏ. ਐੱਸ. ਆਈ. ਗੁਰਮੇਲ ਸਿੰਘ ਨੇ ਦੱਸਿਆ ਕਿ ਜੇਲ੍ਹ ਪ੍ਰਸ਼ਾਸਨ ਵਲੋਂ ਭੇਜੇ ਲਿਖਤੀ ਪੱਤਰ 'ਚ ਦੱਸਿਆ ਗਿਆ ਹੈ ਕਿ ਜਦੋਂ ਜੇਲ੍ਹ ਸਟਾਫ ਵਲੋਂ ਚੈਕਿੰਗ ਕੀਤੀ ਗਈ ਤਾਂ ਹਵਾਲਾਤੀ ਜਸਦੀਪ ਸਿੰਘ ਤੋਂ ਸਿਮ ਕਾਰਡ ਅਤੇ ਬੈਟਰੀ ਸਮੇਤ ਸੈਮਸੰਗ ਕੀਪੈਡ ਮੋਬਾਇਲ ਅਤੇ ਕੈਦੀ ਸੁਰਜੀਤ ਸਿੰਘ ਪਾਸੋਂ ਇਕ ਸੈਮਸੰਗ ਕੀਪੈਡ ਮੋਬਾਇਲ ਸਮੇਤ ਸਿਮ ਕਾਰਡ ਅਤੇ ਬੈਟਰੀ ਬਰਾਮਦ ਹੋਈ ਅਤੇ ਇਕ ਮੋਬਾਇਲ ਦੀ ਬੈਟਰੀ ਲਾਵਾਰਿਸ ਹਾਲਤ ਵਿਚ ਮਿਲੀ।

# ਗਾਜੀਪੁਰ 'ਚ ਚੱਲ ਰਿਹਾ ਸੀ ਨਾਜਾਇਜ ਨਸ਼ਾ ਛੁਡਾਊ ਕੇਂਦਰ, ਥਾਣਾ ਮਕਸੂਦਾਂ ਤੇ ਦੀ ਟੀਮ ਨੇ ਛਾਪਾ ਮਾਰ 57 ਬੰਦੀ ਛੁਡਵਾਏ

ਜਲੰਧਰ 5 ਅਕਤੂਬਰ। ਥਾਣਾ ਮਕਸੂਦਾਂ ਅਤੇ ਸੀ. ਆਈ. ਏ. ਦਿਹਾਤੀ ਦੀ ਸਾਂਝੀ ਟੀਮ ਨੇ ਪਿੰਡ ਗਾਜੀਪੁਰ ਵਿਚ ਨਾਜਾਇਜ ਢੰਗ ਨਾਲ ਚੱਲ ਰਹੇ ਨਸ਼ਾ ਛੁਡਾਊ ਕੇਂਦਰ 'ਤੇ ਛਾਪੇਮਾਰੀ ਕਰਕੇ ਬੰਦੀ ਨੌਜਵਾਨਾਂ ਨੂੰ ਛੁਡਵਾਇਆ ਅਤੇ ਉਥੋਂ ਨਸ਼ੇ ਵਾਲੀਆਂ ਗੋਲੀਆਂ ਅਤੇ ਟੀਕੇ ਬਰਾਮਦ ਕੀਤੇ। ਦਿਹਾਤੀ ਦੇ ਐੱਸ. ਐੱਸ. ਪੀ. ਮੁਖਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਨਾਜਾਇਜ ਢੰਗ ਨਾਲ ਚੱਲ ਰਹੇ ਨਸ਼ਾ ਛੁਡਾਊ ਕੇਂਦਰ ਖ਼ਿਲਾਫ ਮੁਹਿੰਮ ਚਲਾਈ ਗਈ। ਇਸ ਕਾਰਵਾਈ ਵਿਚ ਥਾਣਾ ਮਕਸੂਦਾਂ ਦੇ ਐੱਸ. ਐੱਚ. ਓ. ਸੁਖਪਾਲ ਸਿੰਘ ਅਤੇ ਸੀ. ਆਈ. ਏ. ਦਿਹਾਤੀ ਦੇ ਇੰਚਾਰਜ ਸਿਕੰਦਰ ਸਿੰਘ ਨੇ ਪੁਲਸ ਕਰਮਚਾਰੀਆਂ ਅਤੇ ਦਿਹਾਤੀ ਦੇ ਡੀ. ਐੱਸ. ਪੀ. ਇਨਵੈਸਟੀਗੇਸ਼ਨ ਅਤੇ ਸਿਵਲ ਹਸਪਤਾਲ ਜਲੰਧਰ ਦੀ ਟੀਮ ਅਤੇ ਡਰੱਗ ਅਫਸਰ ਨਾਲ ਨਸ਼ਾ ਛੁਡਾਊ ਕੇਂਦਰ 'ਤੇ



ਛਾਪੇਮਾਰੀ ਕਰਦੇ ਹੋਏ 57 ਬੰਦੀ ਬਣਾਏ ਨੌਜਵਾਨਾਂ ਨੂੰ ਛੁਡਵਾਇਆ। ਇਸ ਨਾਜਾਇਜ ਕੇਂਦਰ ਨੂੰ ਪਰਵਿੰਦਰ ਸਿੰਘ ਬਸਰਾ ਉਰਫ ਅਮਨ ਬਸਰਾ ਨਿਵਾਸੀ ਫਗਵਾੜਾ ਅਤੇ ਵਿਸ਼ਾਲ ਸ਼ਰਮਾ ਨਿਵਾਸੀ ਤਲਵੰਡੀ ਚੌਧਰੀਆਂ ਚਲਾ ਰਹੇ ਸਨ। ਛਾਪੇਮਾਰੀ ਦੌਰਾਨ ਕੇਂਦਰ ਵਿਚ ਕੋਈ ਵੀ ਖਿੜਕੀ ਅਤੇ ਹਵਾ ਦੇ ਆਉਣ-ਜਾਣ ਦਾ ਕੋਈ ਸਾਧਨ ਨਹੀਂ ਸੀ। ਇਸ ਆਪ੍ਰੇਸ਼ਨ ਵਿਚ 57 ਬੰਦੀ ਨੌਜਵਾਨਾਂ ਨੂੰ ਛੁਡਾ ਕੇ ਐਂਬੂਲੈਂਸ ਜਰੀਏ ਸਿਵਲ ਹਸਪਤਾਲ ਭਿਜਵਾਇਆ ਗਿਆ। ਐੱਸ. ਐੱਸ. ਪੀ. ਮੁਖਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਇਸ ਨਾਜਾਇਜ ਨਸ਼ਾ ਛੁਡਾਊ ਕੇਂਦਰ ਵਿਚ ਪੁਲਸ ਅਤੇ ਡਰੱਗ ਟੀਮ ਵੱਲੋਂ ਛਾਪਾ ਮਾਰ ਕੇ ਤਲਾਸ਼ੀ ਲਈ ਗਈ। ਇਸ ਦੌਰਾਨ ਉਥੋਂ 86 ਨਸ਼ੇ ਵਾਲੀਆਂ ਗੋਲੀਆਂ, 2 ਨਸ਼ੇ ਦੇ ਟੀਕੇ ਅਤੇ ਹੋਰ ਸਮੱਗਰੀ ਬਰਾਮਦ ਹੋਈ। ਪੁਲਸ ਨੇ ਥਾਣਾ ਮਕਸੂਦਾਂ ਵਿਚ ਮੁਲਜਮਾਂ ਖ਼ਿਲਾਫ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ ਅਤੇ ਨਸ਼ਾ ਛੁਡਾਊ ਕੇਂਦਰ ਨੂੰ ਚਲਾਉਣ ਵਾਲੇ ਮੁਲਜਮਾਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਲੋਕਾਂ ਦਾ ਕਹਿਣਾ ਹੈ ਕਿ ਕੁਝ ਸਮਾਂ ਪਹਿਲਾਂ ਇਸ ਨਾਜਾਇਜ ਨਸ਼ਾ ਛੁਡਾਊ ਕੇਂਦਰ ਦੀ ਬਾਹਰਲੀ ਕੰਧ 'ਤੇ ਪੁਨਰ ਆਵਾਸ ਨਾਂ ਦੇ ਕੇਂਦਰ ਦਾ ਬੋਰਡ ਲੱਗਾ ਹੋਇਆ ਸੀ ਪਰ ਬਾਅਦ ਵਿਚ ਇਸਨੂੰ ਹਟਾ ਦਿੱਤਾ ਗਿਆ। ਪਿੰਡ ਗਾਜੀਪੁਰ ਵਿਚ ਸਥਿਤ ਨਾਜਾਇਜ ਨਸ਼ਾ ਛੁਡਾਊ ਕੇਂਦਰ ਵਿਚ ਹਰੇਕ ਵਿਅਕਤੀ ਤੋਂ ਨਸ਼ਾ ਛੁਡਵਾਉਣ ਦੇ ਨਾਂ 'ਤੇ 15 ਤੋਂ 20 ਹਜਾਰ ਰੁਪਏ ਪ੍ਰਤੀ ਮਹੀਨਾ ਲੈਂਦੇ ਸਨ। ਨਾਜਾਇਜ ਨਸ਼ਾ ਛੁਡਾਊ ਕੇਂਦਰ ਚਲਾਉਣ ਵਾਲੇ ਵਿਅਕਤੀ ਲਗਾਤਾਰ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਸਨ। ਜੇਕਰ ਪੁਲਸ ਸਮੇਂ 'ਤੇ ਕਾਰਵਾਈ ਨਾ ਕਰਦੀ ਤਾਂ ਕਈ ਨੌਜਵਾਨਾਂ ਦੀ ਜਾਨ ਜਾ ਸਕਦੀ ਸੀ। ਸੂਤਰਾਂ ਦੀ ਮੰਨੀਏ ਤਾਂ ਪੁਲਸ ਪ੍ਰਸ਼ਾਸਨ ਇਹ ਪਤਾ ਲਾਉਣ ਵਿਚ ਲੱਗਾ ਹੋਇਆ ਹੈ ਕਿ ਇਹ ਨਾਜਾਇਜ ਧੰਦਾ ਕਿਸ ਦੀ ਸ਼ਹਿ 'ਤੇ ਚੱਲ ਰਿਹਾ ਸੀ? ਸੂਤਰਾਂ ਦੀ ਮੰਨੀਏ ਤਾਂ ਪਿੰਡ ਗਾਜੀਪੁਰ ਸਥਿਤ ਉਕਤ ਨਾਜਾਇਜ ਨਸ਼ਾ ਛੁਡਾਊ ਕੇਂਦਰ ਵਿਚ ਨਸ਼ੇ ਨੂੰ ਦਵਾਈ ਦੇ ਕੇ ਛੁਡਵਾਇਆ ਜਾਂਦਾ ਸੀ। ਕਾਫੀ ਸਮਾਂ ਪਹਿਲਾਂ ਪੁਲਸ ਨੂੰ ਸੂਚਨਾ ਦਿੱਤੀ ਸੀ ਕਿ ਇਹ ਨਸ਼ਾ ਛੁਡਾਊ ਕੇਂਦਰ ਕਥਿਤ ਰੂਪ ਨਾਲ ਚੱਲ ਰਿਹਾ ਹੈ ਪਰ ਪੁਲਸ ਨੇ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ। ਇਸ ਨਸ਼ਾ ਛੁਡਾਊ ਕੇਂਦਰ ਵਿਚ ਕਈ ਪੁਲਸ ਕਰਮਚਾਰੀ ਵੀ ਆਪਣਾ ਇਲਾਜ ਕਰਵਾ ਚੁੱਕੇ ਹਨ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਪੁਲਸ ਨੂੰ ਉਦੋਂ ਪਤਾ ਨਹੀਂ ਲੱਗਾ ਕਿ ਉਨ੍ਹਾਂ ਦਾ ਸਟਾਫ ਇਸ ਨਾਜਾਇਜ ਨਸ਼ਾ ਛੁਡਾਊ ਕੇਂਦਰ ਵਿਚ ਇਲਾਜ ਕਰਵਾ ਰਿਹਾ ਹੈ। ਸੂਤਰਾਂ ਅਨੁਸਾਰ ਇਸ ਨਾਜਾਇਜ ਨਸ਼ਾ ਛੁਡਾਊ ਕੇਂਦਰ ਦੀਆਂ ਸ਼ਿਕਾਇਤਾਂ ਕਾਫੀ ਸਮਾਂ ਪਹਿਲਾਂ ਪਿੰਡ ਗਾਜੀਪੁਰ ਦੀ ਪਿਛਲੀ ਪੰਚਾਇਤ ਨੇ ਸਿਵਲ ਸਰਜਨ ਅਤੇ ਹੋਰ ਵਿਭਾਗਾਂ ਨੂੰ ਕੀਤੀਆਂ ਸਨ ਪਰ ਕਾਫੀ ਸਮੇਂ ਤੱਕ ਇਹ ਨਾਜਾਇਜ ਧੰਦਾ ਕਰਨ ਵਾਲਿਆਂ ਖਿਲਾਫ ਕੋਈ ਕਾਰਵਾਈ ਨਹੀਂ ਹੋਈ ਸੀ।

# ਮਾਸੂਮ ਦਿਲਰੋਜ ਦੀ ਕਾਤਲ ਔਰਤ ਦਾ ਪਤੀ ਗ੍ਰਿਫਤਾਰ, ਨਸ਼ੇ ਲਈ ਕਰਦਾ ਸੀ ਚੋਰੀਆਂ

ਲੁਧਿਆਣਾ 5 ਅਕਤੂਬਰ। ਲੁਧਿਆਣਾ ਦੇ ਸ਼ਿਮਲਾਪੁਰੀ ਇਲਾਕੇ 'ਚ ਸਾਲ ਮਾਸੂਮ ਦਿਲਰੋਜ ਦਾ ਬੇਰਹਿਮੀ ਨਾਲ ਕਤਲ ਕਰਨ ਵਾਲੀ ਗੁਆਂਢਣ ਔਰਤ ਦੇ ਪਤੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਮੁਲਜਮ ਨਸ਼ੇ ਦਾ ਆਦੀ ਸੀ ਅਤੇ ਨਸ਼ੇ ਦੇ ਲਈ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦਾ ਸੀ। ਥਾਣਾ ਕੋਤਵਾਲੀ ਦੀ ਪੁਲਸ ਨੇ ਲੱਕੜ ਬਾਜ਼ਾਰ ਕੋਲੋਂ ਮੁਲਜਮ ਅਰੁਣ ਕੁਮਾਰ ਨੂੰ ਕਾਬੂ ਕੀਤਾ ਹੈ। ਪੁਲਸ ਨੂੰ ਮੁਲਜ਼ਮ ਤੋਂ 1 ਮੋਟਰਸਾਈਕਲ ਅਤੇ 16 ਪੀਸ ਸੂਟ ਬਰਾਮਦ ਹੋਏ ਹਨ। ਮੁਖੀ ਸੰਜੀਵ ਕਪੂਰ ਨੇ ਦੱਸਿਆ ਕਿ ਮੁਲਜ਼ਮ ਨਸ਼ਾਪੂਰਤੀ ਲਈ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦਾ ਹੈ।



ਮੁਲਜ਼ਮ ਨੇ ਬੀਤੇ ਦਿਨ ਲੱਕੜ ਬਾਜ਼ਾਰ ਕੋਲ ਇਕ ਦੁਕਾਨ ਤੋਂ ਸਾਮਾਨ ਚੋਰੀ ਕੀਤਾ ਸੀ, ਜਿਸ ਤੋਂ ਬਾਅਦ ਪੁਲਸ ਨੇ ਸੂਚਨਾ ਦੇ ਆਧਾਰ 'ਤੇ ਮੁਲਜਮ ਨੂੰ ਦਬੋਚ ਲਿਆ। ਮੁਲਜ਼ਮ ਤੋਂ ਚੋਰੀ ਦਾ 1 ਮੋਟਰਸਾਈਕਲ ਅਤੇ 16 ਪੀਸ ਸੂਟ ਦੇ ਬਰਾਮਦ ਹੋਏ ਹਨ। ਪੁਲਸ ਨੇ ਮੁਲਜ਼ਮ ਦੇ ਖ਼ਿਲਾਫ ਕੇਸ ਦਰਜ ਕਰ ਲਿਆ ਹੈ, ਜਿਸ ਨੂੰ ਅਦਾਲਤ ਸਾਹਮਣੇ ਪੇਸ਼ ਕਰ ਕੇ ਰਿਮਾਂਡ ਹਾਸਲ ਕੀਤਾ ਹੈ। ਮੁਲਜ਼ਮ ਅਕਤੂਬਰ 2022 'ਚ ਜੇਲ੍ਹ ਤੋਂ ਛੁੱਟ ਕੇ ਆਇਆ ਹੈ। ਮੁਲਜ਼ਮ 'ਤੇ ਚੋਰੀ ਅਤੇ ਨਸ਼ਾ ਤਸਕਰੀ ਦੇ ਕੁੱਲ 4 ਕੇਸ ਦਰਜ ਹਨ। ਦੱਸਣਯੋਗ ਹੈ ਕਿ ਮਾਸੂਮ ਦਿਲਰੋਜ ਦੀ ਕਾਤਲ ਅਤੇ ਮੁਲਜਮ ਦੀ ਪਤਨੀ ਪਹਿਲਾਂ ਹੀ ਜੇਲ੍ਹ 'ਚ ਬੰਦ ਹੈ। ਉਸ ਨੇ 28 ਨਵੰਬਰ, 2021 ਨੂੰ ਦਿਲਰੋਜ ਨੂੰ ਆਪਣੇ ਝਾਂਸੇ 'ਚ ਲੈ ਕੇ ਜ਼ਿੰਦਾ ਦਫਨਾ ਦਿੱਤਾ ਸੀ, ਜਿਸ ਤੋਂ ਬਾਅਦ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ।

## ਸਰਹੱਦ ਪਾਰ : ਹੱਸਦੇ-ਵਸਦੇ ਪਰਿਵਾਰ ਦੀਆਂ ਉਜੜੀਆਂ ਖੁਸ਼ੀਆਂ, ਸਿਲੰਡਰ ਦੀ ਗੈਸ ਲੀਕ ਹੋਣ ਕਾਰਨ ਜਿਉਂਦੇ ਸੜੇ ਭੈਣ-ਭਰਾ

ਗੁਰਦਾਸਪੁਰ/ਪਾਕਿਸਤਾਨ 5 ਅਕਤੂਬਰ। ਪਾਕਿਸਤਾਨ ਦੇ ਸ਼ਹਿਰ ਟੈਕਸਲਾ ਦੇ ਮੁਹੱਲਾ ਸਾਦਿਕਾਬਾਦ 'ਚ ਘਰੇਲੂ ਗੈਸ ਸਿਲੰਡਰ ਤੋਂ ਗੈਸ



ਲੀਕ ਹੋਣ ਨਾਲ ਅੱਗ ਲੱਗਣ ਨਾਲ ਦੋ ਛੋਟੇ ਬੱਚੇ ਭੈਣ- ਭਰਾ ਦੀ ਸੜ ਕੇ ਸੁਆਹ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਦਕਿ ਬੱਚਿਆਂ ਦਾ ਦਾਦਾ, ਮਾਂ-ਪਿਓ ਨੇ ਘਰ ਤੋਂ ਭੱਜ ਕੇ ਜਾਨ ਤਾਂ ਬਚਾ ਲਈ ਪਰ ਉਹ ਵੀ ਬੁਰੀਂ ਤਰ੍ਹਾਂ ਝੁਲਸ ਗਏ। ਸੂਤਰਾਂ ਮੁਤਾਬਕ ਮੁਰਾਦ ਖਾਨ ਦੀ ਪਤਨੀ ਅੱਜ ਸਵੇਰੇ ਖਾਣਾ ਬਣਾਉਣ ਲੱਗੀ ਤਾਂ ਅਚਾਨਕ ਗੈਸ ਲੀਕ ਹੋਣ ਨਾਲ ਘਰ 'ਚ ਅੱਗ ਲੱਗ ਗਈ। ਅੱਗ ਲੱਗਣ ਕਾਰਨ ਮੁਰਾਦ ਖਾਨ ਸਮੇਤ ਉਸ ਦੀ ਪਤਨੀ ਸਮਾ ਅਤੇ ਦਾਦਾ ਹੈਯਤ ਖਾਨ ਘਰ ਤੋਂ ਨਿਕਲਣ 'ਚ ਸਫਲ ਹੋ ਗਏ ਪਰ ਸੁਦਾਮ ਖਾਨ (4) ਅਤੇ ਓਵੈਸ ਖਾਨ (5) ਸਾਲ ਜੋ ਇਕ ਕਮਰੇ ਵਿਚ ਸੋ ਰਹੇ ਸੀ, ਉਹ ਅੱਗ ਕਾਰਨ ਸੜ ਕੇ ਸੁਆਹ ਹੋ ਗਏ।

# ਪਿਆਰ 'ਚ ਮਿਲਿਆ ਧੋਖਾ ਤਾਂ ਕੁੜੀ ਨੇ ਇੰਝ ਲਿਆ ਆਪਣੇ ਪ੍ਰੇਮੀ ਤੋਂ ਬਦਲਾ, ਕਹਾਣੀ ਜਾਣ ਕੇ ਉੱਡ ਜਾਣਗੇ ਹੋਸ਼

ਛੱਤੀਸਗੜ੍ਹ 5 ਅਕਤੂਬਰ। ਛੱਤੀਸਗੜ੍ਹ ਦੇ ਬਸਤਰ ਜ਼ਿਲ੍ਹੇ ਦੇ ਛੋਟੇ ਆਮਾਬਾਲ ਪਿੰਡ 'ਚ ਇਕ ਵਿਆਹ ਸਮਾਗਮ ਦੌਰਾਨ ਲਾੜੇ ਅਤੇ ਲਾੜੀ 'ਤੇ ਤੇਜਾਬ ਨਾਲ ਹਮਲਾ ( ) ਕਰਨ ਦੇ ਮਾਮਲੇ 'ਚ ਪੁਲਸ ਨੇ ਘਟਨਾ ਦੇ 4 ਦਿਨਾਂ ਬਾਅਦ ਇਕ ਦੋਸ਼ੀ ਕੁੜੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਕੁੜੀ ਕੋਈ ਹੋਰ ਨਹੀਂ ਸਗੋਂ ਲਾੜੇ ਦੀ ਪ੍ਰੇਮਿਕਾ ਹੈ, ਜਿਸਨੇ ਬਦਲੇ ਦੀ ਭਾਵਨਾ ਨਾਲ ਆਪਣੇ ਪ੍ਰੇਮੀ 'ਤੇ ਤੇਜਾਬ ਸੁੱਟਣ ਆਈ ਸੀ ਪਰ ਇਸਦੀ ਚਪੇਟ 'ਚ ਲਾੜੇ ਅਤੇ ਲਾੜੇ ਸਣੇ 12 ਲੋਕ ਆ ਗਏ ਸਨ। ਮੁਖਬਿਰ ਤੋਂ ਮਿਲੀ ਸੂਚਨਾ 'ਤੇ ਪੁਲਸ ਨੇ ਪੂਰੀ ਜਾਂਚ-ਪੜਤਾਲ ਕਰਕੇ ਦੋਸ਼ੀ ਕੁੜੀ ਨੂੰ ਪਿੰਡ 'ਚੋਂ ਹੀ ਗ੍ਰਿਫਤਾਰ ਕਰ ਲਿਆ ਹੈ। ਕੁੜੀ ਨੇ ਪੁਲਸ ਦੇ ਸਾਹਮਣੇ ਤੇਜਾਬੀ ਹਮਲੇ ਦੀ ਗੱਲ ਕਬੂਲ ਵੀ ਕਰ ਲਈ ਹੈ। ਕੁੜੀ ਨੇ ਪੁਲਸ ਨੂੰ ਦੱਸਿਆ ਕਿ ਲਾੜੇ ਦੇ ਨਾਲ ਉਸਦਾ ਪਿਛਲੇ 7 ਸਾਲਾਂ ਤੋਂ ਪ੍ਰੇਮ ਪ੍ਰਸੰਗ ਸੀ। ਲਾੜਾ ਬਿਨਾਂ ਉਸਨੂੰ ਦੱਸੇ ਕਿਸੇ ਹੋਰ ਕੁੜੀ ਨਾਲ ਵਿਆਹ ਕਰ ਰਿਹਾ ਸੀ, ਬਸ ਇਸੇ ਗੱਲ ਤੋਂ ਨਾਰਾਜ ਹੋ ਕੇ ਕੁੜੀ ਨੇ ਆਪਣੇ ਪ੍ਰੇਮੀ ਤੋਂ ਬਦਲਾ ਲੈਣਾ ਚਾਹਿਆ ਅਤੇ ਮਿਰਚਾਂ ਦੀ ਖੇਤੀ 'ਚ ਇਸਤੇਮਾਲ ਕੀਤੇ ਜਾਣ ਵਾਲੇ ਤੇਜਾਬ ਨੂੰ ਇਕ ਡੱਬੇ 'ਚ ਭਰ ਕੇ ਵਿਆਹ ਸਮਾਗਮ 'ਚ ਪਹੁੰਚੀ। ਇੱਥੇ ਉਸਨੇ ਬਿਜਲੀ ਗੁਲ ਹੋਣ ਕਾਰਨ ਇਸਦਾ ਫਾਇਦਾ ਚੁੱਕ ਕੇ ਲਾੜੇ 'ਤੇ ਤੇਜਾਬ ਸੁੱਟਿਆ ਪਰ ਇਸ ਤੇਜਾਬ ਦੀ ਚਪੇਟ 'ਚ ਆਉਣ ਨਾਲ ਲਾੜੇ ਅਤੇ ਲਾੜੀ ਸਮੇਤ 12 ਲੋਕ ਵੀ ਝੁਲਸ ਗਏ। ਫਿਲਹਾਲ ਪੁਲਸ ਦੋਸ਼ੀ ਕੁੜੀ ਨੂੰ ਨੂੰ ਪਿੰਡ 'ਚੋਂ ਹੀ ਗ੍ਰਿਫਤਾਰ ਕਰ ਲਿਆ ਹੈ। ਕੁੜੀ ਨੇ ਪੁਲਸ ਦੇ ਸਾਹਮਣੇ ਤੇਜਾਬੀ ਹਮਲੇ ਦੀ ਗੱਲ ਕਬੂਲ ਵੀ ਕਰ ਲਈ ਹੈ। ਕੁੜੀ ਨੇ ਪੁਲਸ ਨੂੰ ਦੱਸਿਆ ਕਿ ਲਾੜੇ ਦੇ ਨਾਲ ਉਸਦਾ ਪਿਛਲੇ 7 ਸਾਲਾਂ ਤੋਂ ਪ੍ਰੇਮ ਪ੍ਰਸੰਗ ਸੀ। ਲਾੜਾ ਬਿਨਾਂ ਉਸਨੂੰ ਦੱਸੇ ਕਿਸੇ ਹੋਰ ਕੁੜੀ ਨਾਲ ਵਿਆਹ ਕਰ ਰਿਹਾ ਸੀ, ਬਸ ਇਸੇ ਗੱਲ ਤੋਂ ਨਾਰਾਜ ਹੋ ਕੇ ਕੁੜੀ ਨੇ ਆਪਣੇ ਪ੍ਰੇਮੀ ਤੋਂ ਬਦਲਾ ਲੈਣਾ ਚਾਹਿਆ ਅਤੇ ਮਿਰਚਾਂ ਦੀ ਖੇਤੀ 'ਚ ਇਸਤੇਮਾਲਗ੍ਰਿਫਤਾਰ ਕਰਕੇ ਜੇਲ੍ਹ ਭੇਜਣ ਦੀ ਤਿਆਰੀ ਕਰ ਰਹੀ ਹੈ। ਬਸਤਰ ਦੀ ਏ.ਐੱਸ.ਪੀ. ਨਿਵੇਦਿਤਾ ਪਾਲ ਨੇ ਦੱਸਿਆ ਕਿ ਬੀਤੀ 19 ਅਪ੍ਰੈਲ ਨੂੰ ਭਾਨਪੁਰੀ ਥਾਣਾ ਖੇਤਰ ਬਦਲਾ ਲੈਣਾ ਚਾਹਿਆ ਅਤੇ ਮਿਰਚਾਂ ਦੀ ਖੇਤੀ 'ਚ ਇਸਤੇਮਾਲ ਕੀਤੇ ਜਾਣ ਵਾਲੇ ਤੇਜਾਬ ਨੂੰ ਇਕ ਡੱਬੇ 'ਚ ਭਰ ਕੇ ਵਿਆਹ ਸਮਾਗਮ 'ਚ ਪਹੁੰਚੀ। ਇੱਥੇ ਉਸਨੇ ਬਿਜਲੀ ਗੁਲ ਹੋਣ ਕਾਰਨ ਇਸਦਾ ਫਾਇਦਾ ਚੁੱਕ ਕੇ ਲਾੜੇ 'ਤੇ ਤੇਜਾਬ ਸੁੱਟਿਆ ਪਰ ਇਸ ਤੇਜਾਬ ਦੀ ਚਪੇਟ 'ਚ ਆਉਣ ਨਾਲ ਲਾੜੇ ਅਤੇ ਲਾੜੀ ਸਮੇਤ 12 ਲੋਕ ਵੀ ਝੁਲਸ ਗਏ। ਫਿਲਹਾਲ ਪੁਲਸ ਦੋਸ਼ੀ ਕੁੜੀ ਨੂੰ ਨੂੰ ਪਿੰਡ 'ਚੋਂ ਹੀਦੇ ਛੋਟੇ ਆਮਾਪਾਲ ਪਿੰਡ ਦੇ ਹਿਰਲਾਭਾਟਾ 'ਚ ਚੱਲ ਰਹੇ ਇਕ ਵਿਆਹ ਸਮਾਗਮ 'ਚ ਕਿਸੇ ਨੇ ਬਿਜਲੀ ਗੁਲ ਹੋਣ ਦਾ ਫਾਇਦਾ ਚੁੱਕ ਕੇ ਲਾੜੇ ਅਤੇ ਲਾੜੀ 'ਤੇ ਤੇਜਾਬ ਸੁੱਟ ਦਿੱਤਾ ਸੀ। ਇਸ ਵਿਚ ਲਾੜੇ-ਲਾੜੀ ਅਤੇ ਇੱਥੇ ਖੜ੍ਹੇ ਹੋਰ 12 ਲੋਕ ਝੁਲਸ ਗਏ ਸਨ। ਸਾਰਿਆਂ ਨੂੰ ਸ਼ਹਿਰ ਦੇ ਮਹਾਰਾਣੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਇਸ ਤੋਂ ਬਾਅਦ ਲਾੜੀ ਦੇ ਪਰਿਵਾਰ ਵਾਲਿਆਂ ਦੀ ਰਿਪੋਰਟ 'ਤੇ ਲਗਾਤਾਰ ਪੁਲਸ ਤੇਜਾਬੀ ਹਮਲੇ ਦੀ ਜਾਂਚ ਕਰ ਰਹੀ ਸੀ।

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਕੀ ਹੈ ਹਿਪਨੋਟਿਜ਼ਮ

ਹਿਪਨੋਟਿਜ਼ਮ ਮਾਨਸਿਕ ਰੋਗਾਂ ਲਈ ਕਾਫ਼ੀ ਹੱਦ ਤਕ ਲਾਹੇਵੰਦ ਮੰਨੀ ਜਾਣ ਵਾਲੀ ਪ੍ਰਕਿਰਿਆ ਹੈ ਪਰ ਇਸ ਨੂੰ ਇਲਾਜ ਲਈ ਵਰਤੇ ਜਾਣ ਵਾਲੇ ਮਾਹਿਰਾਂ ਦੀ ਘਾਟ ਹੋਣ ਕਰ ਕੇ ਇਸ ਕਲਾ ਦੀ ਜਾਣਕਾਰੀ ਬਹੁਤ ਘੱਟ ਲੋਕਾਂ ਨੂੰ ਹੈ, ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਜੇ ਹਿਪਨੋਟਿਜ਼ਮ ਸੱਚਮੁਚ ਮਾਨਸਿਕ ਰੋਗਾਂ ਅਤੇ ਕਈ ਹੋਰ ਦਿਮਾਗ਼ੀ ਸਿਸਟਮ ਲਈ ਲਾਹੇਵੰਦ ਹੈ ਤਾਂ ਫਿਰ ਇਸ ਦੀ ਜਾਣਕਾਰੀ ਘੱਟ ਲੋਕਾਂ ਨੂੰ ਕਿਉਂ? ਹਿਪਨੋਟਿਜ਼ਮ ਸਾਇੰਸ ਦੀ ਸਰਾਹੁਣਯੋਗ ਪ੍ਰਕਿਰਿਆ ਹੈ। ਇਸ ਵਿਚ ਮੁਹਾਰਤ ਹਾਸਲ ਕਰਨ ਲਈ ਕਾਫ਼ੀ ਅਭਿਆਸ ਅਤੇ ਬੜੀ ਸੂਝ-ਬੂਝ ਦੀ ਲੋੜ ਹੈ ਪਰ ਇਸ ਪ੍ਰਣਾਲੀ ਵਿਚ ਲੋਕਾਂ ਦਾ ਰੁਝਾਨ ਘੱਟ ਹੀ ਜਾਪਦਾ ਹੈ। ਜਿਸ ਕਰ ਕੇ ਲੋਕਾਂ ਨੂੰ ਇਸ ਬਾਰੇ ਏਨਾ ਪਤਾ ਨਹੀਂ ਚਲਦਾ ਜਿੰਨਾ ਚਾਹੀਦਾ ਹੈ। ਜੋ ਇਨਸਾਨ ਇਸ ਕਲਾ ਵਿਚ ਮੁਹਾਰਤ ਹਾਸਲ ਕਰਦਾ ਹੈ ਕਾਫ਼ੀ ਗਿਆਨਵਾਨ ਮੰਨਿਆ ਜਾਂਦਾ ਹੈ। ਕਿਉਂਕਿ ਬਿਨਾਂ ਦਵਾਈਆ ਮਾਨਸਿਕ ਰੋਗਾਂ ਦਾ ਇਲਾਜ ਕਰਨਾ ਇਕ ਜਾਦੂ ਦੀ ਤਰ੍ਹਾਂ ਹੈ। ਹਿਪਨੋਟਿਜ਼ਮ ਦੇ ਮਤਲਬ ਸੰਮੋਹਨ ਦੀ ਨੀਂਦ ਹੈ, ਇਸ ਪ੍ਰਕਿਰਿਆ ਵਿਚ ਇਨਸਾਨ ਸੰਮੋਹਕ ਨੀਂਦ ਵਿਚ ਜਾਂਦਾ ਹੈ। ਭਾਵ ਨਾ ਸੌਣ ਦੀ ਹਾਲਤ ਵਿਚ ਹੁੰਦਾ ਹੈ ਤੇ ਨਾ ਜਾਗਦਾ ਹੁੰਦਾ ਹੈ। ਮਰੀਜ਼ ਜਾਂ ਲੋੜਵੰਦ ਨੂੰ ਇਸ ਸਥਿਤੀ ਤਕ ਲੈ ਕੇ ਜਾਣ ਲਈ ਮੌਕੇ ਅਨੁਸਾਰ ਵੱਖ-ਵੱਖ ਆਦੇਸ਼ ਦੇ ਕੇ ਹਿਪਨੋਟਾਈਜ਼ ਕੀਤਾ ਜਾਂਦਾ ਹੈ। ਜਿਵੇਂ ਸ਼ੁਰੂ ਵਿਚ ਨਜ਼ਰ ਕਿਸੇ ਖ਼ਾਸ (ਪੁਆਇੰਟ) ਚੀਜ਼ 'ਤੇ ਟਿਕਾਉਣ ਲਈ ਕਿਹਾ ਜਾਂਦਾ ਹੈ। ਉਸ ਦਰਮਿਆਨ ਵੱਖ-ਵੱਖ ਫੀਲਿੰਗ ਮਰੀਜ਼ ਨੂੰ ਦਿੱਤੀਆਂ ਜਾਂਦੀਆਂ ਹਨ।

ਮਾਹਿਰ ਫੀਲਿੰਗ ਰਾਹੀਂ ਮਰੀਜ਼/ਲੋੜਵੰਦ ਦੀਆਂ ਪਲਕਾਂ ਭਾਰੀ ਹੋਣ, ਨੀਂਦ ਮਹਿਸੂਸ ਹੋਣ ਆਦਿ ਉਹ ਸਾਰੀਆਂ ਗੱਲਾਂ ਕਰਦਾ ਹੈ, ਜਿਸ ਨਾਲ ਮਰੀਜ਼ ਪੂਰੀ ਤਰ੍ਹਾਂ ਸੰਮੋਹਨ ਨੀਂਦ (ਹਿਪਨੋਟਿਜ਼ਮ) ਵਿਚ ਚਲਿਆ ਜਾਂਦਾ ਹੈ। ਉਸ ਤੋਂ ਬਾਅਦ ਮਾਹਿਰ ਜੋ ਆਦੇਸ਼ ਦਿੰਦਾ ਹੈ ਰੋਗੀ ਪਾਲਣਾ ਕਰਦਾ ਹੈ।

ਜ਼ਿਆਦਾਤਰ ਇਸ ਤਰ੍ਹਾਂ ਦੇ ਮਾਨਸਿਕ ਰੋਗੀ ਹੁੰਦੇ ਹਨ, ਜੋ ਡਰ, ਵਹਿਮ, ਘਰ ਵਾਲਿਆਂ ਨੂੰ ਫ਼ਜ਼ੂਲ ਤੰਗ ਕਰਨਾ, ਗਾਲ੍ਹਾਂ ਕੱਢਦੇ ਹਨ। ਇਹ ਇਕ ਮਾਨਸਿਕ ਬਿਮਾਰੀ ਹੈ ਜਿਸ ਦਾ ਨਾਂ 'ਮਕੈਜੋਫੇਨੀਆ' ਹੈ। ਜਿਸ ਦੇ ਡਾਕਟਰੀ ਇਲਾਜ ਦੀ ਥਾਂ ਲੋਕ ਬਾਬਿਆਂ, ਧਾਗੇ, ਤਵੀਤ, ਟੂਣੇ ਆਦਿ ਵਿਚ ਫਸੇ ਰਹਿੰਦੇ ਹਨ। ਉਹ ਤਾਂ ਖ਼ੁਦ ਮਾਨਸਿਕ ਰੋਗੀ ਹੁੰਦੇ ਹਨ। ਹਿਪਨੋਟਿਜ਼ਮ ਬਾਰੇ ਗੱਲ ਕਰੀਏ ਇਸ ਨੂੰ ਤੁਸੀਂ ਕਈ ਵਾਰ ਜ਼ਰੂਰ ਖ਼ੁਦ ਵੇਖ ਚੁੱਕੇ ਹੋਵੋਗੇ ਪਰ ਜਾਣਕਾਰੀ ਨਾ ਹੋਣ ਕਰ ਕੇ ਮਹਿਸੂਸ ਨਹੀਂ ਕੀਤਾ ਹਵੇਗਾ ਅਤੇ ਇਸ ਨੂੰ ਜਾਦੂ ਸਮਝ ਬੈਠੇ। ਮਦਾਰੀ ਆਪਣੀ ਖੇਡ ਕਰਨ ਸਾਡੇ ਪਿੰਡਾਂ, ਸ਼ਹਿਰਾਂ, ਮੁਹੱਲਿਆਂ ਵਿਚ ਆਉਂਦਾ ਹੈ। ਉਹ ਸਾਡੇ ਵਿਚੋਂ ਹੀ ਇਕ ਵਿਅਕਤੀ ਨੂੰ ਜਿਸ ਨੂੰ ਉਹ ਜਾਣਦਾ ਨਹੀਂ ਹੁੰਦਾ, ਨੂੰ ਆਪਣੇ ਖੇਡ ਦਾ ਹਿੱਸਾ ਬਣਾਉਂਦਾ। ਉਸ ਨਾਲ ਮਜ਼ਾਕ ਕਰਦਾ, ਮਜ਼ਾਕ-ਗੱਲਾਂ ਵਿਚ ਉਸ ਵਿਅਕਤੀ 'ਤੇ ਏਨਾ ਪ੍ਰਭਾਵ ਛੱਡਦਾ ਉਹ ਉਸ ਨੂੰ ਕਹਿੰਦਾ ਕਿ ਤੇਰਾ ਫਲਾਣਾ ਅੰਗ ਮੈਂ ਗ਼ਾਇਬ ਕਰ ਦਿੱਤਾ ਵਿਅਕਤੀ ਮਹਿਸੂਸ ਕਰਨ 'ਤੇ ਰੌਲਾ ਪਾਉਂਦਾ ਕਿ ਮੈਨੂੰ ਠੀਕ ਕਰੋ। ਉਸ ਵਿਅਕਤੀ ਦੇ ਹਾਵ-ਭਾਵ ਵੇਖ ਕੇ ਸਾਫ਼ ਅੰਦਾਜ਼ਾ ਲਗਦਾ ਉਹ ਸੱਚ-ਮੁਚ ਪੂਰਾ ਘਬਰਾਇਆ ਹੁੰਦਾ ਤੇ ਮਦਾਰੀ ਦੀ ਗੱਲ ਨੂੰ ਸੱਚ ਸਮਝਦਾ। ਜਦ ਕਿ ਇਹ ਮੁਮਕਿਨ ਨਹੀਂ ਅਤੇ ਐਸਾ ਕੁਝ ਹੋਇਆ ਨਹੀ ਹੁੰਦਾ। ਲੋਕ ਇਸ ਨੂੰ ਜਾਦੂ ਸਮਝ ਲੈਂਦੇ ਨੇ ਅਸਲ ਵਿਚ ਹੈ ਇਕ ਸਾਇੰਸ। ਇਹ ਉਦਾਹਰਨ ਹਿਪਨੋਟਿਜ਼ਮ ਨੂੰ ਸਮਝਣ ਲਈ ਕਾਫ਼ੀ ਹੈ। ਬਹੁਤਿਆਂ ਨੇ ਵੇਖਿਆ ਤੇ ਕੁਝ ਕੁ ਨੇ ਮਹਿਸੂਸ ਵੀ ਕੀਤਾ ਹੋਣਾ ਹੈ ਅਤੇ ਸਮਝ ਗਏ ਹੋਣਗੇ ਹਿਪਨੋਟਿਜ਼ਮ ਕਿਵੇਂ ਅਸਰ ਕਰਦਾ ਹੈ।

**ਹਿਪਨੋਟਿਜ਼ਮ ਸਾਇੰਸ ਦੀ ਸਲਾਹੁਣਯੋਗ ਪ੍ਰਕਿਰਿਆ ਹੈ। ਇਸ 'ਚ ਮੁਹਾਰਤ ਹਾਸਲ ਕਰਨ ਲਈ ਅਭਿਆਸ ਦੀ ਲੋੜ ਹੈ...**

ਇਸੇ ਤਰ੍ਹਾਂ ਮਾਹਿਰ ਮਾਨਸਿਕ ਰੋਗੀ ਨੂੰ ਹਿਪਨੋਟਿਜ਼ਮ ਕਰ ਕੇ ਪੁੱਛਦਾ ਹੈ ਕਿ ਤੂੰ ਇਸ ਤਰ੍ਹਾਂ ਕਿਉਂ ਕਰਦੀ ਹੈ ਜਾਂ ਕਰਦਾ ਹੈਂ। ਜਦੋਂ ਮਾਹਿਰ ਵੱਲੋਂ ਪ੍ਰਕਿਰਿਆ ਰਾਹੀ ਪੁੱਛਿਆ ਜਾਂਦਾ ਹੈ, ਸਭ ਸੱਚ-ਸੱਚ ਬੋਲ ਦਿੰਦੇ ਹਨ ਕਿਉਂਕਿ ਉਹ ਸੰਮੋਹਕ ਨੀਂਦ (ਹਿਪਨੋਟਿਜ਼ਮ) ਵਿਚ ਹੁੰਦੇ ਹਨ।

• ਜੁਝਾਰ ਹਰੀਗੜ੍ਹ 'ਖੁਸ਼ਦਿਲ'
ਮੋਬਾ:- 94172-10015, 97818-10074



# ਇਸ ਤਰ੍ਹਾਂ ਦੀ ਡਾਇਟ ਨਾਲ ਮੋਟਾਪਾ ਹੋਵੇਗਾ ਘੱਟ

ਮੋਟਾਪਾ ਹਰ ਇਕ ਬਿਮਾਰੀ ਦਾ ਕਾਰਨ ਮੰਨਿਆ ਜਾਂਦਾ ਹੈ। ਇਸ ਤੋਂ ਬਚਣ ਲਈ ਲੋਕ ਡਾਈਟਿੰਗ ਦਾ ਸਹਾਰਾ ਲੈਂਦੇ ਹਨ। ਕੁਝ ਲੋਕ ਤਾਂ ਡਾਈਟਿੰਗ ਦੇ ਨਾਂ 'ਤੇ ਖਾਣਾ ਬਹੁਤ ਘਟ ਕਰ ਦਿੰਦੇ ਹਨ। ਜਿਸ ਨਾਲ ਭਾਰ ਘਟ ਹੋਣਾ ਤਾਂ ਦੂਰ ਸਰੀਰ 'ਚ ਕਮਜ਼ੋਰੀ ਜ਼ਿਆਦਾ ਆ ਜਾਂਦੀ ਹੈ। ਡਾਈਟਿੰਗ ਕਰਨਾ ਚਾਹੁੰਦੇ ਹੋ ਤਾਂ ਇਕ ਦਮ ਨਾਲ ਖਾਣਾ ਛੱਡਣ ਦੀ ਬਜਾਏ ਡਾਈਟ ਚਾਰਟ ਦਾ ਸਹਾਰਾ ਲਵੋ। ਹੌਲੀ-ਹੌਲੀ ਇਸ 'ਚ ਕੈਲੋਰੀਜ਼ ਫ਼ੂਡ ਸ਼ਾਮਲ ਕਰੋ। ਕਸਰਤ ਦੇ ਨਾਲ-ਨਾਲ ਵਧੀਆ ਡਾਈਟ ਦਾ ਹੋਣਾ ਵੀ ਜ਼ਰੂਰੀ ਹੈ। ਇਸ ਤਰ੍ਹਾਂ ਬਣਾਓ ਫ਼ੂਡ ਚਾਰਟ।



## ਸਵੇਰ ਸਮੇਂ

ਸਵੇਰੇ ਉੱਠਦੇ ਹੀ ਖ਼ਾਲੀ ਪੇਟ ਰਹਿਣ ਨਾਲ ਗੈਸ ਦੀ ਪਰੇਸ਼ਾਨੀ ਹੋ ਸਕਦੀ ਹੈ। ਜ਼ਿਆਦਾ ਦੇਰ ਭੁੱਖੇ ਰਹਿਣਾ 'ਤੇ ਫਿਰ ਇਕ ਦਮ ਪੇਟ ਭਰ ਕੇ ਖਾਣ ਨਾਲ ਵੀ ਭਾਰ ਵਧਣ ਲੱਗਦਾ ਹੈ। ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਕੁਝ ਨਾ ਕੁਝ ਖਾਣਾ ਚਾਹੀਦਾ ਹੈ।

## ਨਾਸ਼ਤਾ

ਨਾਸ਼ਤਾ ਕਰਨਾ ਬਹੁਤ ਜ਼ਰੂਰੀ ਹੈ। ਜੇ ਤੁਸੀਂ ਸਵੇਰੇ ਕੁਝ ਨਹੀਂ ਖਾਂਦੇ ਤਾਂ ਸਾਰਾ ਦਿਨ ਸੁਸਤੀ ਪਈ ਰਹੇਗੀ। ਇਕ ਨਾਸ਼ਤਾ ਹਮੇਸ਼ਾ 8-9 ਵਜੇ ਖਾਣਾ ਚਾਹੀਦਾ ਹੈ। ਇਸ 'ਚ ਤੁਸੀ 1 ਕੱਪ ਦੁੱਧ 'ਚ 1 ਚਮਚ ਚੀਨੀ ਤੇ 2 ਚਮਚ ਔਟਸ ਪਾ ਕੇ ਖਾਉ। ਬਰੇਕਫਾਸਟ ਦੇ 2 ਘੰਟੇ ਬਾਅਦ 1 ਕੱਪ ਗ੍ਰੀਨ ਟੀ ਤੇ 1 ਫਲ ਖਾਓ।

## ਦੁਪਹਿਰ ਦਾ ਖਾਣਾ

ਦੁਪਹਿਰ ਨੂੰ ਇਕ ਕਟੋਰੀ ਸਬਜ਼ੀ, 1 ਕਟੋਰੀ ਦਹੀਂ, 1 ਰੋਟੀ ਤੇ ਸਲਾਦ ਖਾਉ। ਖਾਣੇ 'ਚ ਦੇਸੀ ਘਿਓ ਦਾ ਸੇਵਨ ਘੱਟ ਕਰੋ।

## ਸ਼ਾਮ ਦੀ ਚਾਹ

ਸ਼ਾਮ ਨੂੰ ਭੁੱਖ ਤੰਗ ਕਰੇ ਤਾਂ 1 ਕੱਪ ਚਾਹ ਦੇ ਨਾਲ ਕੁਝ ਹਲਕਾ ਜਿਹਾ ਖਾ ਲਵੋ।

## ਸ਼ਾਮ ਨੂੰ ਸਨੈਕਸ

ਸ਼ਾਮ ਦੇ ਸਮੇਂ ਹਲਕਾ ਫੁਲਕਾ ਖਾਣਾ ਚਾਹੀਦਾ ਹੈ। ਇਸ ਸਮੇਂ ਬਿਨਾਂ ਮੱਖਣ ਦੇ ਵੈਜੀਟੇਬਲ ਸੂਪ ਪੀ ਸਕਦੇ ਹੋ। ਇਸ ਤੋਂ ਬਾਅਦ ਕਸਰਤ ਕਰੋ।

## ਰਾਤ ਦਾ ਖਾਣਾ

ਰਾਤ ਨੂੰ ਇਕ ਰੋਟੀ, ਅੱਧੀ ਕਟੋਰੀ ਦਾਲ, ਅੱਧੀ ਕਟੋਰੀ ਦਾਲ ਖਾਓ। ਇਸ ਦੇ ਨਾਲ ਹੀ ਪੂਰਾ ਦਿਨ 8-10 ਗਿਲਾਸ ਪਾਣੀ ਪੀਣ ਨਾਲ ਭਾਰ ਘੱਟ ਜਾਵੇਗਾ। •

## ਪਾਚਣ ਸ਼ਕਤੀ ਕਰੋ ਮਜ਼ਬੂਤ

**ਅੱਜਕੱਲ੍ਹ** ਆਪਣੀ ਸਿਹਤ ਨੂੰ ਲੈ ਕੇ ਹਰ ਕੋਈ ਪਰੇਸ਼ਾਨ ਰਹਿੰਦਾ ਹੈ। ਆਏ ਦਿਨ ਪੇਟ ਨਾਲ ਜੁੜੀ ਕੋਈ ਨਾ ਕੋਈ ਪਰੇਸ਼ਾਨੀ ਆਮ ਹੀ ਸੁਣਨ 'ਚ ਆਉਂਦੀ ਹੈ ਤੇ ਸਿਹਤ ਨਾਲ ਜੁੜੀਆਂ ਹੋਰ ਵੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਪਰੇਸ਼ਾਨੀਆਂ ਤੋਂ ਛੁਟਕਾਰਾ ਪਾਉਣਾ ਹੈ ਤਾਂ ਪਾਚਨ ਸ਼ਕਤੀ ਨੂੰ ਮਜ਼ਬੂਤ ਬਣਾਉਣਾ ਬਹੁਤ ਜ਼ਰੂਰੀ ਹੈ।

**ਧਨੀਆਂ** :- ਰੋਜ਼ ਖ਼ਾਲੀ ਪੇਟ ਥੋੜ੍ਹਾ ਜਿਹਾ ਧਨੀਆਂ ਖਾਣ ਨਾਲ ਪੇਟ ਦੀ ਸਮੱਸਿਆ ਦੂਰ ਹੋ ਜਾਵੇਗੀ।

**ਸੌਂਫ਼ ਤੇ ਮਿਸ਼ਰੀ** :- ਖਾਣਾ ਖਾਣ ਤੋਂ ਬਾਅਦ ਸੌਂਫ਼ ਦੇ ਨਾਲ ਮਿਸ਼ਰੀ ਖਾਣਾ ਫ਼ਾਇਦੇਮੰਦ ਹੈ।

**ਵੱਡੀ ਇਲਾਇਚੀ ਤੇ ਸ਼ਹਿਦ** :- ਹਰ ਰੋਜ਼ ਸਵੇਰੇ ਦੇ ਸਮੇਂ ਚੁਟਕੀ ਇਲਾਇਚੀ ਦੇ ਪਾਊਡਰ 'ਚ ਸ਼ਹਿਦ ਮਿਲਾ ਕੇ ਖਾਣ ਨਾਲ ਪਾਚਣ ਸ਼ਕਤੀ ਠੀਕ ਹੋ ਜਾਵੇਗੀ। ਠੀਕ ਹੋਣ ਤੋਂ ਬਾਅਦ ਇਸ ਨੂੰ ਨਾ ਖਾਓ।

**ਨਿੰਬੂ ਤੇ ਜੈਫਲ** :- ਡਾਈਜੇਸ਼ਨ ਦੀ ਸਮੱਸਿਆ ਹੈ ਤਾਂ ਨਿੰਬੂ ਦੇ ਰਸ 'ਚ ਜੈਫਲ ਨੂੰ ਮਿਲਾ ਕੇ ਪੀਓ।



ਡਾ: ਰਿਪੁਦਮਨ ਸਿੰਘ
ਮੋਬਾਈਲ 9815200134




# ਡਾਊਨ ਸਿੰਡਰੋਮ

ਡਾਊਨ ਸਿੰਡਰੋਮ ਇਕ ਜੱਦੀ-ਪੁਸ਼ਤੀ ਜਾਂ ਕਰੋਮੋਸੋਮ ਜਨਿਤ ਵਿਕਾਰ ਹੈ ਅਤੇ ਇਹ ਇਕ ਜੀਵਨ ਤਕ ਰਹਿਣ ਵਾਲੀ ਹਾਲਤ ਹੈ। ਜੋ ਸਰੀਰ ਵਿਚ ਕਰੋਮੋਸੋਸ ਦਾ ਇਕ ਫਾਲਤੂ ਜੋੜਾ ਬਣਨ ਤੋਂ ਹੁੰਦੀ ਹੈ। ਸਾਧਾਰਨ ਰੂਪ ਤੋਂ ਬੱਚੇ 46 ਕਰੋਮੋਸੋਮ ਦੇ ਨਾਲ ਪੈਦਾ ਹੁੰਦੇ ਹਨ। 23 ਕਰੋਮੋਸੋਮ ਦਾ ਇਕ ਸੈਟ ਬੱਚਾ ਆਪਣੇ ਪਿਤਾ ਤੋਂ ਅਤੇ 23 ਕਰੋਮੋਸੋਮ ਦਾ ਇਕ ਸੈਟ ਉਹ ਆਪਣੀ ਮਾਂ ਤੋਂ ਲੈਂਦਾ ਹੈ। ਡਾਊਨ ਸਿੰਡਰੋਮ ਤੋਂ ਪੀੜ੍ਹਿਤ ਬੱਚਾ ਵਿਚ ਇਕ ਫਾਲਤੂ 21ਵਾਂ ਕਰੋਮੋਸੋਮ ਆ ਜਾਂਦਾ ਹੈ ਜਿਸ ਦੇ ਨਾਲ ਉਸ ਦੇ ਸਰੀਰ ਵਿਚ ਕਰੋਮੋਸੋਸ ਦੀ ਗਿਣਤੀ ਵਧ ਕੇ 47 ਹੋ ਜਾਂਦੀ ਹੈ। ਇਹ ਆਨੁਵੰਸ਼ਿਕ ਤਬਦੀਲੀ ਸਰੀਰਕ ਵਿਕਾਸ ਅਤੇ ਮਸਤਸ਼ਕ ਦੇ ਵਿਕਾਸ ਦੀ ਰਫ਼ਤਾਰ ਨੂੰ ਮੱਧਮ ਕਰ ਦਿੰਦੀ ਹੈ ਅਤੇ ਬੱਚਾ ਵਿਚ ਮੱਧਮ ਤੋਂ ਔਸਤ ਬੌਧਿਕ ਵਿਕਲਾਂਗਤਾ ਦਾ ਕਾਰਨ ਬਣਦੀ ਹੈ। ਆਮ ਭਾਸ਼ਾ ਵਿਚ ਇਸ ਵਿਕਾਰ ਵਾਲੇ ਬੱਚਿਆਂ ਨੂੰ ਮੰਗੋਲ ਬੱਚੇ ਵੀ ਕਿਹਾ ਜਾਂਦਾ ਹੈ। ਡਾਊਨ ਸਿੰਡਰੋਮ ਦੇ ਚਿੰਨ੍ਹ ਅਤੇ ਇਸ ਰੋਗ ਦੀ ਗੰਭੀਰਤਾ ਬੱਚੇ ਵਿਚ ਵੱਖ ਵੱਖ ਹੋ ਸਕਦੀ ਹੈ। ਕੁਝ ਬੱਚੇ ਕਾਫ਼ੀ ਤੰਦਰੁਸਤ ਹੋ ਸਕਦੇ ਹਨ। ਜਦੋਂ ਕਿ ਕੁਝ ਨੂੰ ਸਰੀਰਕ ਅਤੇ ਬੌਧਿਕ ਵਿਕਾਸ ਨਾਲ ਜੁੜੀਆਂ ਗੰਭੀਰ ਸਮੱਸਿਆਵਾਂ ਹੋ ਸਕਦੀਆਂ ਹਨ। ਡਾਊਨ ਸਿੰਡਰੋਮ ਨਾਲ ਪੀੜ੍ਹਿਤ ਬੱਚਿਆਂ ਵਿਚ ਵਿਕਾਸ ਦੇਰੀ ਨਾਲ ਹੁੰਦਾ ਹੈ ਅਤੇ ਸਾਧਾਰਨ ਸਰੀਰਕ ਵਿਕਾਸ ਵਾਲੇ ਬੱਚਿਆਂ ਦੀ ਆਸ਼ਾ ਡਾਊਨ ਸਿੰਡਰੋਮ ਵਾਲੇ ਬੱਚਿਆਂ ਵਿਚ ਵਿਕਾਸ ਕਾਫ਼ੀ ਦੇਰ ਨਾਲ ਹੋ ਪਾਉਂਦਾ ਹੈ।

## ਸਾਧਾਰਨ ਨਿਸ਼ਾਨੀਆਂ

ਚਪਟਾ ਚਿਹਰਾ, ਖ਼ਾਸ ਕਰ ਕੇ ਨੱਕ ਦੀ ਚਪਟੀ ਨੋਕ, ਅੰਦਰ ਦੇ ਵੱਲ ਝੁਕੀ ਹੋਈ ਅੱਖ, ਛੋਟੀ ਗਰਦਨ ਅਤੇ ਛੋਟੇ ਕੰਨ, ਮੂੰਹ ਤੋਂ ਬਾਹਰ ਨਿਕਲਦੀ ਰਹਿਣ ਵਾਲੀ ਜੀਭ, ਮਾਸਪੇਸ਼ੀਆਂ ਵਿਚ ਕਮਜ਼ੋਰੀ, ਢਿੱਲੇ ਜੋੜ ਅਤੇ ਬਹੁਤ ਜ਼ਿਆਦਾ ਲਚਕੀਲਾਪਨ, ਚੌੜੇ, ਛੋਟੇ ਹੱਥ, ਹਥੇਲੀ ਵਿਚ ਇਕ ਲਕੀਰ, ਟਾਕਰੇ 'ਤੇ ਛੋਟੀ ਉਂਗਲੀਆਂ, ਛੋਟੇ ਹੱਥ ਅਤੇ ਪੈਰ, ਛੋਟਾ ਕੱਦ, ਅੱਖ ਦੀ ਪੁਤਲੀ ਵਿਚ ਛੋਟੇ ਸਫੈਦ ਧੱਬੇ ਆਦਿ ਕੁਝ ਨਿਸ਼ਾਨੀਆਂ ਵਿਖਾਈ ਦਿੰਦੀਆ ਹਨ।

## ਕਾਰਨ

ਡਾਊਨ ਸਿੰਡਰੋਮ ਸਰੀਰ ਵਿਚ ਕਰੋਮੋਸੋਸ ਦੀ ਗ਼ੈਰ ਮਾਮੂਲੀ ਗਿਣਤੀ ਦੀ ਵਜ੍ਹਾ ਕਾਰਨ ਹੁੰਦਾ ਹੈ। ਪਹਿਲਾਂ ਗੱਲ ਕਰ ਚੁੱਕੇ ਹਾਂ ਕਿ ਸਾਧਾਰਨ ਤੌਰ 'ਤੇ ਵਿਅਕਤੀ ਦੇ ਸਰੀਰ ਵਿਚ 46 ਕਰੋਮੋਸੋਮ ਹੁੰਦੇ ਹਨ ਪਰ ਡਾਊਨ ਸਿੰਡਰੋਮ ਤੋਂ ਪੀੜਤ ਵਿਅਕਤੀ ਵਿਚ 47 ਕਰੋਮੋਸੋਮ ਆ ਜਾਂਦੇ ਹਨ। ਕਰੋਮੋਸੋਮ ਦਾ ਇਕ ਫਾਲਤੂ ਜੋੜਾ ਸਰੀਰ ਅਤੇ ਦਿਮਾਗ਼ ਦੇ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ।

## ਕਿਸਮਾਂ

**ਟਰਾਇਸੋਮੀ 21** : ਇਹ ਸਰੀਰ ਵਿਚ ਕਰੋਮੋਸੋਮ ਦੀ ਫਾਲਤੂ ਗਣਿਤੀ ਨੂੰ ਪਰਿਭਾਸ਼ਿਤ ਕਰਨ ਵਾਲੀ ਚਿਕਿਤਸਾ ਟਰਮ ਹੈ। ਇਹ ਪਾਇਆ ਗਿਆ ਹੈ ਕਿ ਡਾਊਨ ਸਿੰਡਰੋਮ ਦੇ 96ਫ਼ੀਸਦੀ ਮਾਮਲੇ, ਵਿਅਕਤੀ ਦੀ ਸਾਰੀਆਂ ਕੋਸ਼ਿਕਾਵਾਂ ਵਿਚ ਕਰੋਮੋਸੋਮ 21 ਦੀ ਇਸ ਵਾਧੂ ਗਿਣਤੀ ਦੀ ਵਜ੍ਹਾ ਤੋਂ ਹੁੰਦੀਆਂ ਹਨ।

**ਮੋਜੇਕ ਡਾਊਨ ਸਿੰਡਰੋਮ** : ਇਹ ਵਿਕਾਰ ਦੀ ਇਕ ਅਨੋਖੀ ਕਿਸਮ ਹੈ ਜਿਸ ਵਿਚ ਸਿਰਫ਼ ਕੁਝ ਕੋਸ਼ਿਕਾਵਾਂ ਵਿਚ ਹੀ ਕਰੋਮੋਸੋਮ 21 ਪਾਉਂਦਾ ਹੈ। ਫਰਟੀਲਾਈਜ਼ੇਸ਼ਨ ਦੇ ਬਾਅਦ ਹੋਣ ਵਾਲੇ ਕੋਸ਼ਿਕਾ ਵਿਭਾਜਨ ਵਿਚ ਕੁਝ ਸਾਧਾਰਨ ਕੋਸ਼ਿਕਾਵਾਂ ਨਿਰਮਿਤ ਹੁੰਦੀਆਂ ਹਨ ਤਾਂ ਕੁਝ ਗ਼ੈਰ ਮਾਮੂਲੀ ਕੋਸ਼ਿਕਾਵਾਂ।

**ਟਰਾਂਸਲੋਕੇਸ਼ਨ ਡਾਊਨ ਸਿੰਡਰੋਮ** : ਇਸ ਵਿਕਾਰ ਵਿਚ ਕਰੋਮੋਸੋਮ 21 ਦਾ ਇਕ ਹਿੱਸਾ ਟੁੱਟ ਕੇ ਹੋਰ ਕਰੋਮੋਸੋਮ ਨਾਲ ਜੁੜ ਜਾਂਦਾ ਹੈ ਭਾਵ ਉੱਥੇ ਸਥਾਪਤ ਹੋ ਜਾਂਦਾ ਹੈ। ਇਹ ਉਹ ਇਕੱਲਾ ਵਿਕਾਰ ਹੈ ਜੋ ਮਾਤਾ ਜਾਂ ਪਿਤਾ ਤੋਂ ਬੱਚੇ ਵਿਚ ਆ ਸਕਦਾ ਹੈ। ਇੱਥੇ ਮਾਂ ਜਾਂ ਪਿਤਾ ਇਸ ਆਨੁਵਾਂਸ਼ਿਕ ਸਮੱਗਰੀ ਦੇ ਵਾਹਕ ਹੁੰਦੇ ਹਨ ਪਰ ਉਹ ਸਾਧਾਰਨ ਅਤੇ ਤੰਦਰੁਸਤ ਹੁੰਦੇ ਹਨ। ਉਹ ਇਸ ਆਨੁਵਾਂਸ਼ਿਕ ਹਾਲਤ ਨੂੰ ਆਪਣੇ ਬੱਚਿਆਂ 'ਚ ਦੇ ਸਕਦੇ ਹਨ ਜਿਸ ਦੇ ਨਾਲ ਡਾਊਨ ਸਿੰਡਰੋਮ ਹੋ ਸਕਦਾ ਹੈ। ਇਸ ਫਾਲਤੂ ਆਨੁਵਾਂਸ਼ਿਕ ਸਮੱਗਰੀ ਨੂੰ ਭੇਜਣ ਦੀ ਸੰਭਾਵਨਾ ਇਸ ਗੱਲ ਉੱਤੇ ਵੀ ਨਿਰਭਰ ਕਰਦੀ ਹੈ ਕਿ ਮਾਤਾ ਜਾਂ ਪਿਤਾ ਵਿੱਚੋਂ ਕੌਣ ਇਸ ਪੁਨਰ ਵਿੰਨਿਸਤ ਕਰੋਮੋਸੋਮ 21 ਦਾ ਵਾਹਕ ਹੈ। ਜੇ ਪਿਤਾ ਵਾਹਕ ਹੈ ਤਾਂ ਜੋਖ਼ਮ ਕਰੀਬ 3 ਫ਼ੀਸਦੀ ਦਾ ਰਹਿੰਦਾ ਹੈ। ਜੇ ਮਾਂ ਵਾਹਕ ਹੈ ਤਾਂ ਜੋਖ਼ਮ 10 ਤੋਂ 15 ਫ਼ੀਸਦੀ ਦਾ ਰਹਿੰਦਾ ਹੈ।

## ਮੁਸ਼ਕਿਲਾਂ

ਡਾਊਨ ਸਿੰਡਰੋਮ ਵਾਲੇ ਕੁਝ ਬੱਚਿਆਂ ਵਿਚ ਜਨਮ ਤੋਂ ਜੁੜੀ ਕੁਝ ਖ਼ਾਸ ਵਿਕ੍ਰਿਤੀਆਂ ਜਾਂ ਚਿਕਿਤਸਾ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਲਈ ਹਮੇਸ਼ਾ ਡਾਕਟਰ ਅਤੇ ਮਾਹਰ ਇਸ ਮਾਮਲਿਆਂ ਉੱਤੇ ਬੱਚਿਆਂ ਦੀ ਨਿਗਰਾਨੀ ਕਰਦੇ ਹਨ ਅਤੇ ਜ਼ਰੂਰੀ ਉਪਚਾਰ ਉਪਲੱਬਧ ਕਰਾਉਂਦੇ ਹਨ।

ਡਾਊਨ ਸਿੰਡਰੋਮ ਵਿਚ ਸੁਣਨ ਦੀ ਸਮਰੱਥਾ ਨਾ ਰਹਿਣਾ, ਕੰਨਾਂ ਦਾ ਸੰਕਰਮਣ, ਚਸ਼ਮਾ ਲਗਾਉਣ ਦੀ ਜ਼ਰੂਰਤ ਜਾਂ ਮੋਤੀਆਬਿੰਦ ਵਰਗੀ ਅੱਖ ਦੀ ਤਕਲੀਫ਼, ਜਨਮ ਦੇ ਸਮੇਂ ਦਿਲ ਵਿਚ ਕੁਝ ਵਿਕਾਰ, ਥਾਇਰਾਇਡ, ਅੰਤੜਾਂ ਵਿਚ ਅਵਰੋਧ ਜਿਸ ਵਿਚ ਸਰਜਰੀ ਦੀ ਜ਼ਰੂਰਤ ਪੈਂਦੀ ਹੈ, ਅਨੀਮੀਆ ਯਾਨੀ ਰਕਤਕਸ਼ੀਣਤਾ, ਜਨਮ ਦੇ ਸਮੇਂ ਜਾਂ ਸ਼ੁਰੂਆਤੀ ਬਚਪਨ ਦੇ ਦੌਰਾਨ ਲੂਕੀਮੀਆ (ਅਧਿਸ਼ਵੇਤ ਰਕਤਤਾ), ਮੋਟਾਪਾ ਆਦਿ।

## ਪ੍ਰਬੰਧਨ

ਡਾਊਨ ਸਿੰਡਰੋਮ ਇਕ ਜੀਵਨ ਪਰਿਆਤ ਦੀ ਹਾਲਤ ਹੈ। ਸ਼ੁਰੂਆਤੀ ਹਸਤੱਕਖੇਪ, ਉਪਚਾਰ ਜਾਂ ਥੇਰੇਪੀ ਨਾਲ ਬੱਚੇ ਦੇ ਜੀਵਨ ਦੀ ਗੁਣਵੱਤਾ ਵਿਚ ਬਿਹਤਰ ਸੁਧਾਰ ਲਿਆਇਆ ਜਾ ਸਕਦਾ ਹੈ। ਇਲਾਜ ਕੇਂਦਰਿਤ ਹੁੰਦਾ ਹੈ, ਨੇਮੀ ਮੈਡੀਕਲ ਚੇਕਅੱਪ ਅਤੇ ਹਸਤੱਕਖੇਪ ਪ੍ਰੋਗਰਾਮਾਂ ਦੇ ਇਸਤੇਮਾਲ ਉੱਤੇ ਜਿਨ੍ਹਾਂ ਤੋਂ ਬੱਚੇ ਦੇ ਸਰੀਰਕ ਅਤੇ ਬੌਧਿਕ ਵਿਕਾਸ ਵਿਚ ਮਦਦ ਮਿਲੇ।

ਡਾਊਨ ਸਿੰਡਰੋਮ ਵਾਲੇ ਬੱਚਿਆਂ ਦੇ ਸੁਣਨ ਅਤੇ ਦੇਖਣ ਦੀ ਸਮਰੱਥਾ ਦਾ ਨੇਮੀ ਚੇਕਅੱਪ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਬੱਚਿਆਂ ਵਿਚ ਸੁਣਨ ਅਤੇ ਦੇਖਣ ਦੀ ਸਮੱਸਿਆ ਉਨ੍ਹਾਂ ਦੇ ਜੀਵਨ ਵਿਚ ਕਿਸੇ ਵੀ ਵਕਤ ਆ ਸਕਦੀ ਹੈ।

**ਸ਼ੁਰੂਆਤੀ ਦਖ਼ਲਅੰਦਾਜ਼ੀ** : ਇਸ ਵਿਚ ਮਿਲੇ ਜੁਲੇ ਰੂਪ ਤੋਂ ਉਹ ਪ੍ਰੋਗਰਾਮ ਹੁੰਦੇ ਹਨ ਜੋ ਸੰਵੇਦੀ, ਮੋਟਰ ਅਤੇ ਸੰਗਿਆਨਾਤਮਕ ਕਰਿਆਕਲਾਪਾਂ ਨੂੰ ਉੱਦੀਪਤ ਕਰਦੇ ਹਨ ਜਾਂ ਉਨ੍ਹਾਂ ਵਿਚ ਸੁਧਾਰ ਕਰਦੇ ਹਨ। ਵਿਸ਼ੇਸ਼ ਸਿਖਿਅਕਾਂ ਦੀ ਟੀਮ, ਬਾਲਰੋਗ ਮਾਹਰ, ਫਿਜੀਯੋਥੇਰੇਪਿਸਟ, ਆਕਿਉਪੇਸ਼ਨਲ ਥੇਰੇਪਿਸਟ ਅਤੇ ਸਪੀਚ ਥੇਰੇਪਿਸਟ ਇਸ ਪ੍ਰੋਗਰਾਮ ਦੇ ਸੰਚਾਲਨ ਵਿਚ ਇਕੱਠੇ ਕੰਮ ਕਰਦੇ ਹਨ। ਉਹ ਬੱਚਿਆਂ ਦੀ ਭਾਸ਼ਾ ਅਤੇ ਉਨ੍ਹਾਂ ਦੇ ਸਮਾਜਿਕ ਅਤੇ ਆਤਮ ਨਿਰਭਰ ਕੌਸ਼ਲਾਂ ਦੇ ਵਿਕਾਸ ਲਈ ਵੀ ਕੰਮ ਕਰਦੇ ਹਨ। ਇਨ੍ਹਾਂ ਸਾਰੇ ਕਾਰਨਾਂ ਤੋਂ ਬੱਚਿਆਂ ਦਾ ਖ਼ਾਸ ਧਿਆਨ ਰੱਖਿਆ ਜਾਣਾ ਚਾਹੀਦਾ ਹੈ।

## ਰੋਕਥਾਮ

ਡਾਊਨ ਸਿੰਡਰੋਮ ਨੂੰ ਰੋਕਿਆ ਨਹੀਂ ਜਾ ਸਕਦਾ ਹੈ ਪਰ ਜੇ ਤੁਹਾਨੂੰ ਡਾਊਨ ਸਿੰਡਰੋਮ ਵਾਲੇ ਬੱਚਾ ਨੂੰ ਜਨਮ ਦੇਣ ਦੀ ਸੰਦੇਹ ਦੇ ਦਾਇਰੇ ਵਿਚ ਆਉਂਦੇ ਹੋ ਜਾਂ ਤੁਸੀਂ ਇਸ ਵਿਕਾਰ ਤੋਂ ਪੀੜ੍ਹਿਤ ਬੱਚੇ ਦੇ ਮਾਤੇ ਜਾਂ ਪਿਤਾ ਹੋ ਤਾਂ ਦੂਜਾ ਬੱਚਾ ਪੈਦਾ ਕਰਨ ਦੀ ਯੋਜਨਾ ਬਣਾਉਣ ਤੋਂ ਪਹਿਲਾਂ ਤੁਹਾਨੂੰ ਕਿਸੇ ਆਨੁਵਾਂਸ਼ਿਕ ਕਾਊਂਸਲਰ ਨੂੰ ਮਿਲਣਾ ਪੈ ਸਕਦਾ ਹੈ। ਕਾਊਂਸਲਰ ਡਾਊਨ ਸਿੰਡਰੋਮ ਵਾਲੇ ਬੱਚੇ ਦੀ ਜਨਮ ਦੀ ਸੰਦੇਹ ਨੂੰ ਸਮਝਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ ਅਤੇ ਇਸ ਹਾਲਾਤ ਨਾਲ ਨਿੱਬੜਨ ਲਈ ਕੀ ਕੀਤਾ ਜਾ ਸਕਦਾ ਹੈ। ਇਸ ਵਿਚ ਵੀ ਮਦਦ ਕਰ ਸਕਦੇ ਹਨ। ਉਹ ਜਨਮ ਪੂਰਵ ਪਰੀਕਸ਼ਣਾਂ ਅਤੇ ਉਨ੍ਹਾਂ ਦੇ ਨਤੀਜੀਆਂ ਦੇ ਬਾਰੇ ਵਿਚ ਵੀ ਸਮਝਾ ਸਕਦੇ ਹੋ।

## ਪੀੜਤ ਦੀ ਦੇਖਭਾਲ

ਮਾਤਾ ਪਿਤਾ ਜਾਂ ਅਭਿਭਾਵਕ ਨੂੰ ਜਦੋ ਪਤਾ ਚੱਲਦਾ ਹੈ ਕਿ ਉਨ੍ਹਾਂ ਦਾ ਬੱਚਾ ਡਾਊਨ ਸਿੰਡਰੋਮ ਦਾ ਸ਼ਿਕਾਰ ਹੈ ਤਾਂ ਉਹ ਬਹੁਤ ਦੁੱਖੀ ਅਤੇ ਵਿਆਕੁਲ ਹੋ ਜਾਂਦੇ ਹਨ। ਉਨ੍ਹਾਂ ਨੂੰ ਇਸ ਹਾਲਤ 'ਚ ਸਵੀਕਾਰ ਕਰਨ ਵਿਚ ਸਮਾਂ ਲੱਗ ਜਾਂਦਾ ਹੈ ਪਰ ਹੌਲੀ-ਹੌਲੀ ਉਨ੍ਹਾਂ ਵਿਚ ਬੱਚਿਆਂ ਦੀ ਦੇਖਭਾਲ ਨੂੰ ਲੈ ਕੇ ਅਤੇ ਉਨ੍ਹਾਂ ਨੂੰ ਕਿਰਿਆਸ਼ੀਲ ਅਤੇ ਉਤਪਾਦਕ ਜੀਵਨ ਬਤੀਤ ਕਰਨ ਵਿਚ ਮਦਦ ਕਰਨ ਦੀ ਸਮਰੱਥਾ ਅਤੇ ਉਦੇਸ਼ ਦੀ ਭਾਵਨਾ ਆਉਂਦੀ ਜਾਂਦੀ ਹੈ। ਇਹ ਬੁੱਧੀਮਤਾ ਅਤੇ ਚੰਗੀ ਜਾਣਕਾਰੀ ਕਿਸੇ ਆਮ ਆਦਮੀ ਦੀ ਸਮਝ ਤੋਂ ਪਰੇ ਹੁੰਦੀ ਹੈ। ਉਨ੍ਹਾਂ ਦਾ ਅਗਲਾ ਕੰਮ ਹੁੰਦਾ ਹੈ ਆਪਣੇ ਪਿਆਰੇ ਬੱਚੇ ਲਈ ਸਭ ਤੋਂ ਉੱਤਮ ਸੰਭਵ ਹਸਤੱਕਖੇਪ ਅਤੇ ਇਲਾਜ ਉਪਲੱਬਧ ਕਰਵਾਉਣਾ।

ਭਰੋਸੇ ਯੋਗ ਪੇਸ਼ੇਵਰਾਂ ਦੀ ਟੀਮ ਦੀ ਤਲਾਸ਼ ਕਰ ਉਪਚਾਰ ਦੇ ਤਰੀਕੇ ਦਾ ਫ਼ੈਸਲਾ ਕਰੋ ਟੀਮ ਦੀ ਸਹਾਇਤਾ ਵਿਚ ਸ਼ਾਮਿਲ ਹੋਵੋ ਤਾਂ ਕਿ ਤੁਸੀ ਇਸ ਗਤੀਵਿਧੀ ਨੂੰ ਘਰ ਉੱਤੇ ਵੀ ਜਾਰੀ ਰੱਖ ਸਕੋਗੇ। ਇਸੇ ਤਰ੍ਹਾਂ ਦੀ ਸਮੱਸਿਆ ਨਾਲ ਜੂਝ ਰਹੇ ਕਈ ਹੋਰ ਪਰਿਵਾਰਾਂ ਨਾਲ ਮਿਲੋ। ਇਕ ਸਹਾਇਤਾ ਸਮੂਹ ਵਿਚ ਸ਼ਾਮਲ ਹੋਵੋ ਅਤੇ ਡਾਊਨ ਸਿੰਡਰੋਮ ਵਾਲੇ ਬੱਚਿਆਂ ਦੇ ਮਾਤਾ ਪਿਤਾ ਨਾਲ ਜੁੜੋ। ਪਰਿਵਾਰ ਅਤੇ ਦੋਸਤ, ਸਮਝਦਾਰੀ ਅਤੇ ਸਹਾਇਤਾ ਦੇ ਸਰੋਤ ਹੋ ਸਕਦੇ ਹਨ। ਡਾਊਨ ਸਿੰਡਰੋਮ ਵਾਲੇ ਸਾਰੇ ਬੱਚੇ ਅਜ਼ਾਦ ਰੂਪ ਨਾਲ ਆਪਣੇ ਰੋਜ਼ਾਨਾ ਦੇ ਕੰਮ ਆਪਣੇ ਆਪ ਕਰਨਾ ਸਿੱਖ ਜਾਂਦੇ ਹਨ, ਉਹ ਮੁੱਖਧਾਰਾ ਦੇ ਸਕੂਲਾਂ ਵਿਚ ਜਾਂਦੇ ਹਨ। ਪੜ੍ਹਦੇ ਅਤੇ ਲਿਖਦੇ ਹਨ, ਨੌਕਰੀਆਂ ਕਰਦੇ ਹਨ। ਸਧਾਰਨ ਰੂਪ ਨਾਲ ਡਾਊਨ ਸਿੰਡਰੋਮ ਤੋਂ ਪੀੜ੍ਹਿਤ ਬੱਚਿਆਂ ਵਿਚ ਔਸਤ ਨਾਲੋਂ ਜ਼ਿਆਦਾ ਬੁੱਧੀਮਤਾ ਰਹਿੰਦੀ ਹੈ ਅਤੇ ਉਹ ਕੁਝ ਵਿਸ਼ੇਸ਼ ਪ੍ਰਤੀਭਾਵਾਂ ਨਾਲ ਲੈਸ ਅਤੇ ਕੌਸ਼ਲਸੰਪੰਨ ਹੁੰਦੇ ਹਨ।

ਕੁਝ ਗੱਲਾਂ ਜੀਵਾਂ ਦੇ ਹੱਥ ਹੁੰਦੀਆਂ ਹੀ ਨਹੀਂ ਬਸ ਲੋੜ ਹੈ ਤਾਂ ਸੰਮਰਪਿਤ ਕਰਨ ਦੀ, ਵਿਗਿਆਨ ਦਾ ਕੰਮ ਹੈ ਜੀਵਨ ਦੀਆਂ ਕਮੀਆਂ ਨੂੰ ਲੱਭਣਾ ਤੇ ਉਨ੍ਹਾਂ ਦਾ ਨਿਦਾਨ ਕਰਨਾ ਤੇ ਇਸ ਨੂੰ ਭੁਲ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ। •

# ਸਿਹਤ ਲਈ ਫ਼ਾਇਦੇਮੰਦ ਹਨ ਕੇਲੇ ਤੇ ਨਿੰਬੂ ਦੇ ਛਿਲਕੇ

ਕੇਲਾ ਇਕ ਇਸ ਤਰ੍ਹਾਂ ਦਾ ਫਲ ਹੈ ਜੋ ਵੱਡਿਆਂ ਤੋਂ ਲੈ ਕੇ ਛੋਟਿਆਂ ਤਕ ਪਸੰਦ ਹੈ। ਇਹ ਸਿਹਤ ਲਈ ਫ਼ਾਇਦੇਮੰਦ ਹੁੰਦਾ ਹੈ। ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕੇਲਾ ਖਾਣ ਤੋਂ ਬਾਅਦ ਅਸੀਂ ਛਿਲਕੇ ਨੂੰ ਸੁੱਟ ਦਿੰਦੇ ਹਾਂ ਪਰ ਇਸ ਛਿਲਕੇ ਚ ਕੇਲੇ ਤੋਂ ਵੀ ਜ਼ਿਆਦਾ ਗੁਣ ਹੁੰਦੇ ਹਨ। ਕੇਲੇ ਦੇ ਛਿਲਕੇ 'ਚ ਕਾਰਬਨ ਹਾਈਡ੍ਰੇਟ, ਮੈਗਨੀਸ਼ਿਅਮ, ਪੋਟੈਸ਼ਿਅਮ, ਵਿਟਾਮਿਨ ਬੀ6 ਤੇ ਬੀ12 ਭਰਪੂਰ ਮਾਤਰਾ 'ਚ ਪਾਈ ਜਾਂਦੀ ਹੈ ਜੋ ਸਰੀਰ ਦੇ ਲਈ ਬਹੁਤ ਜ਼ਰੂਰੀ ਹਨ। ਕੇਲੇ ਦੇ ਛਿਲਕੇ ਦਾ ਇਸਤੇਮਾਲ ਕਰ ਕੇ ਸਰੀਰ ਨਾਲ ਜੁੜੀਆਂ ਕਈ ਸਮੱਸਿਆਵਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

## ਸਿਰ ਦਰਦ

ਕਈ ਵਾਰ ਸਿਰ 'ਚ ਦਰਦ ਹੁੰਦਾ ਹੈ ਜਿਸ ਨੂੰ ਸਹਿਣ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਉਸ ਸਮੇਂ ਕਿਸੇ ਦਵਾਈ ਦੀ ਜਗ੍ਹਾ 'ਤੇ ਕੇਲੇ ਦੇ ਛਿਲਕੇ ਨੂੰ ਪੀਸ ਕੇ ਉਸ ਦਾ ਪੇਸਟ ਬਣਾਉ ਤੇ ਸਿਰ 'ਤੇ ਲਗਾ ਲਵੋ। 15 ਮਿੰਟ ਬਾਅਦ ਇਸ ਨੂੰ ਪਾਣੀ ਨਾਲ ਸਾਫ਼ ਕਰ ਲਵੋ ਇਸ ਨਾਲ ਸਿਰ ਦੀ ਦਰਦ ਠੀਕ ਹੋ ਸਕਦੀ ਹੈ।

## ਚਮਕਦਾਰ ਦੰਦ

ਦੰਦਾਂ ਦੇ ਪੀਲੇਪਨ ਨੂੰ ਦੂਰ ਕਰਨ ਲਈ ਕੇਲੇ ਦੇ ਛਿਲਕੇ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਕੇਲੇ ਦੇ ਛਿਲਕੇ ਨੂੰ ਰੋਜ਼ ਦੰਦਾਂ 'ਤੇ ਰਗੜਨ ਨਾਲ ਦੰਦਾਂ ਦਾ ਪੀਲਾਪਨ ਦੂਰ ਹੋ ਸਕਦਾ ਹੈ ਤੇ ਇਸ ਨਾਲ ਦੰਦ ਮਜ਼ਬੂਤ ਵੀ ਹੋ ਸਕਦੇ ਹਨ।

## ਝੁਰੜੀਆਂ

ਵੱਧ ਦੀ ਉਮਰ ਦੇ ਨਾਲ ਹੀ ਚਿਹਰੇ 'ਤੇ ਝੁਰੜੀਆਂ ਪੈ ਜਾਂਦੀਆਂ ਹਨ ਜਿਸ ਕਰ ਕੇ ਪੂਰਾ ਮੂੰਹ ਖ਼ਰਾਬ ਲੱਗਣਾ ਸ਼ੁਰੂ ਹੋ ਜਾਂਦਾ ਹੈ ਤੇ ਕੇਲੇ ਦੇ ਛਿਲਕੇ ਨੂੰ ਪੀਸ ਕੇ ਉਸ 'ਚ ਆਂਡੇ ਦਾ ਪੀਲਾ ਭਾਗ ਮਿਲਾ ਕੇ ਪੈਕ ਤਿਆਰ ਕਰੋ ਤੇ ਚਿਹਰੇ ਉੱਪਰ ਲਗਾਉ। ਸੁਕਣ ਤੋਂ ਬਾਅਦ ਚਿਹਰੇ ਨੂੰ ਥੋਹ ਲਵੋ। ਹਫ਼ਤੇ 'ਚ ਦੋ ਵਾਰ ਲਗਾਉਣ ਨਾਲ ਝੁਰੜੀਆਂ ਠੀਕ ਹੋ ਸਕਦੀਆਂ ਹਨ ਤੇ ਚਿਹਰੇ 'ਤੇ ਨਿਖ਼ਾਰ ਆ ਜਾਵੇਗਾ।

## ਜਲਨ

ਸਰੀਰ ਦੇ ਕਿਸੇ ਵੀ ਹਿੱਸੇ 'ਤੇ ਜਲਨ ਹੋਵੇ ਤਾਂ ਬਿਨਾ ਕਿਸੇ ਹੋਰ ਨੁਸਖ਼ੇ ਦੇ ਕੇਲੇ ਦੇ ਛਿਲਕੇ ਨੂੰ ਪੀਸ ਕੇ ਲਗਾਉਣ ਨਾਲ ਆਰਾਮ ਮਿਲ ਸਕਦਾ ਹੈ। ਇਸ ਤੋਂ ਇਲਾਵਾ ਕਿਸੇ ਵੀ ਕੀੜੇ ਦੇ ਕੱਟਣ ਨਾਲ ਜਾਂ ਗਰਮ ਬਰਤਨ ਲੱਗਣ ਨਾਲ ਵੀ ਜਲਨ ਹੋਣੀ ਸ਼ੁਰੂ ਹੋ ਜਾਂਦੀ ਹੈ ਜਿਸ ਜਗ੍ਹਾ 'ਤੇ ਜਲਨ ਹੋ ਰਹੀ ਹੈ ਉਸ ਜਗ੍ਹਾ 'ਤੇ ਕੇਲੇ ਦਾ ਛਿਲਕੇ ਨੂੰ ਰਗੜਨ ਨਾਲ ਤੁਹਾਨੂੰ ਆਰਾਮ ਮਿਲੇਗਾ। •

## ਦੂਰ ਹੋਵੇਗਾ ਗੋਡਿਆਂ ਦਾ ਦਰਦ

ਅੱਜ ਕੱਲ੍ਹ ਹਰ ਕਿਸੇ ਨੂੰ ਗੋਡਿਆਂ ਦੇ ਦਰਦ ਦੀ ਸਮੱਸਿਆ ਰਹਿੰਦੀ ਹੈ। ਗੋਡਿਆਂ ਦੇ ਦਰਦ ਦੀ ਸਮੱਸਿਆ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਆ ਰਹੀ ਹੈ। ਇਸ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਜ਼ਿਆਦਾਤਰ ਲੋਕ ਦਵਾਈਆਂ ਦਾ ਇਸਤੇਮਾਲ ਕਰਦੇ ਹਨ ਸਿਹਤ ਨੂੰ ਹੋਰ ਜ਼ਿਆਦਾ ਨੁਕਸਾਨ ਹੋ ਜਾਂਦਾ ਹੈ। ਅੱਜ ਅਸੀਂ ਤੁਹਾਨੂੰ ਘਰੇਲੂ ਨੁਸਖੇ ਦੱਸਾਂਗੇ ਜਿਸ ਨਾਲ ਤੁਹਾਡੀ ਸਿਹਤ ਵੀ ਠੀਕ ਹੋ ਜਾਵੇਗੀ ਤੇ ਦਰਦ ਤੋਂ ਵੀ ਛੁਟਕਾਰਾ ਮਿਲ ਜਾਵੇਗਾ।

### ਤਰੀਕਾ

- ਇਸ ਦਰਦ ਤੋਂ ਛੁਟਕਾਰਾ ਪਾਉਣ ਲਈ ਇਕ ਰੋਲ ਕੀਤੀ ਹੋਈ ਪੱਟੀ ਲਵੋ, 2 ਚਮਚ ਨਾਰੀਅਲ ਤੇਲ ਤੇ ਤਿੰਨ ਨਿੰਬੂ ਲੈ ਲਵੋ।
- ਇਕ ਨਿੰਬੂ ਨੂੰ ਕਦੂਕੱਸ ਜਾਂ ਦੂਸਰੇ ਨਿੰਬੂ ਦੇ ਛਿਲਕੇ ਨੂੰ ਉਤਾਰ ਕੇ ਇਕ ਕੰਟੇਨਰ 'ਚ ਰੱਖ ਲਵੋ।
- ਹੁਣ ਇਸ 'ਚ ਨਾਰੀਅਲ ਤੇਲ ਮਿਲਾਕੇ ਇਸ ਨੂੰ ਦੋ ਦਿਨ ਤਕ ਬੰਦ ਰੱਖੋ।
- ਦੋ ਦਿਨਾਂ ਬਾਅਦ ਇਸ ਨੂੰ ਖੋਲਣ ਤੋਂ ਬਾਅਦ ਪੱਟੀ 'ਤੇ ਰੱਖ ਕੇ ਉਸ ਪੱਟੀ ਨੂੰ ਗੋਡਿਆਂ 'ਤੇ ਬੰਨ ਲਵੋ ਤੇ ਪੂਰੀ ਰਾਤ ਇਸ ਪੱਟੀ ਨੂੰ ਉਸ ਦਰਦ ਵਾਲੇ ਹਿੱਸੇ 'ਤੇ ਲਗਾਉ। ਇਸ ਤਰ੍ਹਾਂ ਲਗਾਉਣ ਨਾਲ ਤੁਹਾਡਾ ਦਰਦ ਠੀਕ ਹੋ ਸਕਦਾ ਹੈ।
- ਰੋਜ਼ ਇਸ ਤਰ੍ਹਾਂ ਲਗਾਉਣ ਨਾਲ ਤੁਸੀ ਇਸ ਦਰਦ ਤੋਂ ਛੁਟਕਾਰਾ ਪਾ ਸਕਦੇ ਹੋ।
- ਜੇ ਇਸ ਤੋਂ ਇਲਾਵਾ ਗੋਡਿਆਂ 'ਤੇ ਸੋਜ ਪਈ ਹੈ ਤਾਂ ਇਸ ਤਰ੍ਹਾਂ ਨਿੰਬੂ ਲਗਾਉਣ ਨਾਲ ਸੋਜ ਵੀ ਠੀਕ ਹੋ ਸਕਦੀ ਹੈ। •




# ਰੋਕਥਾਮ ਦੇ ਉਪਾਅ

ਡਾ. ਰਵਿੰਦਰ ਕੁਮਾਰ ਜਸਵਾਲ

ਡੇਂਗੂ ਮੱਛਰ ਦੁਆਰਾ ਫੈਲਾਇਆ ਜਾਣ ਵਾਲਾ ਵਾਇਰਲ ਰੋਗ ਹੈ ਜੋ ਮੁੱਖ ਤੌਰ 'ਤੇ ਮਾਦਾ ਏਡਿਜ਼ ਅਜਾਇਟੀ (Aedes aegypti) ਤੇ ਕੁਝ ਹੱਦ ਤਕ ਏਡਿਜ਼ ਐਲਬੋਪਿਕਟਸ (Aedes albopictus) ਦੁਆਰਾ ਫੈਲਾਇਆ ਜਾਂਦਾ ਹੈ। ਇਹ ਮੱਛਰ ਚਿਕਨਗੁਨੀਆ, ਪੀਲੀਆ ਅਤੇ ਜ਼ੀਕਾ ਬੁਖ਼ਾਰ ਦਾ ਸੰਚਾਰ ਵੀ ਕਰਦਾ ਹੈ। ਡੇਂਗੂ ਜ਼ਿਆਦਾਤਰ ਗਰਮ ਇਲਾਕਿਆਂ ਵਿਚ ਪਾਇਆ ਜਾਂਦਾ ਹੈ। ਡੇਂਗੂ ਦਾ ਫ਼ੈਲਾਅ ਅਨਿਯਮਿਤ ਬਾਰਿਸ਼, ਤਾਪਮਾਨ 'ਚ ਸਥਾਨਕ ਪਰਿਵਰਤਨ ਤੇ ਗ਼ੈਰ ਯੋਜਨਾਬੱਧ ਤੇਜ਼ੀ ਨਾਲ ਸ਼ਹਿਰੀਕਰਨ ਨਾਲ ਪ੍ਰਭਾਵਿਤ ਹੁੰਦਾ ਹੈ। ਸਿਹਤ ਸੇਵਾਵਾਂ ਦੇ ਡਾਇਰੈਕਟੋਰੇਟ ਜਨਰਲ ਅਨੁਸਾਰ ਭਾਰਤ ਵਿਚ ਹਰ ਸਾਲ ਡੇਂਗੂ ਦੇ ਪ੍ਰਭਾਵ ਦੀਆਂ ਘਟਨਾਵਾਂ ਵਧ ਰਹੀਆਂ ਹਨ। ਪੰਜਾਬ ਵਿਚ ਵੀ ਡੇਂਗੂ ਦਾ ਪ੍ਰਭਾਵ ਵਧ ਰਿਹਾ ਹੈ। ਹਾਲਾਂਕਿ ਕੇਂਦਰੀ ਤੇ ਸੂਬਾਈ ਏਜੰਸੀਆਂ ਦੁਆਰਾ ਕਾਰਜ ਪ੍ਰਬੰਧਨ ਨਾਲ ਡੇਂਗੂ ਕਾਰਨ ਮੌਤ ਦੀ ਦਰ 0.4 ਤੋਂ 0.2 ਫ਼ੀਸਦੀ ਰਹਿ ਗਈ ਹੈ। ਡੇਂਗੂ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਬਿਮਾਰੀ ਦੇ ਲੱਛਣਾਂ, ਇਲਾਜ ਤੇ ਬਚਾਅ ਬਾਰੇ ਜਾਗਰੂਕਤਾ ਦਾ ਹੋਣਾ ਲਾਜ਼ਮੀ ਹੈ :

## ਇਲਾਜ

ਡੇਂਗੂ ਦੇ ਇਲਾਜ ਲਈ ਕੋਈ ਖ਼ਾਸ ਦਵਾਈ ਨਹੀਂ ਹੈ। ਐਸਿਟਾਮਿਨੋਫਿਨ (Acetaminophen) ਦਵਾਈ ਦੀ ਵਰਤੋਂ ਦਰਦ ਤੋਂ ਆਰਾਮ ਲਈ ਕੀਤੀ ਜਾਂਦੀ ਹੈ। ਮਰੀਜ਼ ਨੂੰ ਬਿਮਾਰੀ ਦੌਰਾਨ ਆਰਾਮ ਕਰਨਾ ਚਾਹੀਦਾ ਹੈ। ਜ਼ਿਆਦਾ ਮਾਤਰਾ 'ਚ ਤਰਲ ਪਦਾਰਥ ਲੈਣੇ ਚਾਹੀਦੇ ਹਨ ਅਤੇ ਡਾਕਟਰ ਦੀ ਸਲਾਹ ਅਨੁਸਾਰ ਇਲਾਜ ਕਰਵਾਉਣਾ ਚਾਹੀਦਾ ਹੈ। ਜੇ ਮਰੀਜ਼ ਨੂੰ ਬੁਖ਼ਾਰ ਤੋਂ ਬਾਅਦ ਪਹਿਲੇ 24 ਘੰਟਿਆਂ ਦੌਰਾਨ ਵਧੇਰੇ ਬੇਚੈਨੀ ਮਹਿਸੂਸ ਹੁੰਦੀ ਹੈ ਤਾਂ ਬਿਮਾਰੀ ਦੀਆਂ ਜਟਿਲਤਾਵਾਂ ਦੀ ਜਾਂਚ ਕਰਨ ਲਈ ਤੁਰੰਤ ਹਸਪਤਾਲ ਲਿਜਾਣਾ ਚਾਹੀਦਾ ਹੈ। ਬੁਖ਼ਾਰ ਅਤੇ ਮਾਸਪੇਸ਼ੀਆਂ ਦੇ ਦਰਦ (Myalgia) ਦੇ ਨਾਲ ਡੇਂਗੂ ਦਾ ਤਿੱਖਾ ਪ੍ਰਭਾਵ ਇਕ ਤੋਂ ਦੋ ਹਫ਼ਤਿਆਂ ਤਕ ਰਹਿੰਦਾ ਹੈ ਅਤੇ ਪੂਰੀ ਰਿਕਵਰੀ ਵਿਚ ਕਈ ਹਫ਼ਤੇ ਲੱਗ ਜਾਂਦੇ ਹਨ।

## ਟੀਕਾਕਰਨ

ਸੇਨੋਫ਼ੀ ਪਾਸਚਰ ਦੁਆਰਾ ਡੇਂਗੂ ਦਾ ਪਹਿਲਾ ਟੀਕਾ 'ਡੈਂਗੇਵਸੀਆ' (Dengvaxia) ਕਈ ਦੇਸ਼ਾਂ ਵਿਚ ਸਥਾਨਕ (Endemic) ਖੇਤਰਾਂ ਵਿਚ 9 ਤੋਂ 45 ਸਾਲ ਦੀ ਉਮਰ ਵਾਲੇ ਵਿਅਕਤੀਆਂ 'ਚ ਵਰਤੋਂ ਲਈ ਰਜਿਸਟਰ ਕੀਤਾ ਗਿਆ ਹੈ। ਵਿਸ਼ਵ ਸਿਹਤ ਸੰਸਥਾ (ਡਬਲਿਊਐੱਚਓ) ਅਨੁਸਾਰ ਡੇਂਗੂ ਵੈਕਸੀਨ (Immunization)ਦੀ ਵਰਤੋਂ ਬਿਮਾਰੀ ਦੇ ਵੱਡੇ ਫੈਲਅ ਵੇਲੇ ਹੀ ਕਰਨੀ ਚਾਹੀਦੀ ਹੈ।

### ਲੱਛਣ

*ਤੇਜ਼ ਬੁਖ਼ਾਰ (104 ਡਿਗਰੀ ਫਰਨਹੀਟ), ਤੇਜ਼ ਸਿਰ ਦਰਦ, ਅੱਖਾਂ ਦੀਆਂ ਪੁਤਲੀਆਂ 'ਚ ਦਰਦ, ਮਾਸਪੇਸ਼ੀਆਂ ਤੇ ਜੋੜਾਂ ਦਾ ਦਰਦ, ਉਲਟੀਆਂ, ਸੁੱਜੀਆਂ ਹੋਈਆਂ ਗ੍ਰੰਥੀਆਂ ਜਾਂ ਧੱਫੜ ਇਸ ਦੇ ਮੁੱਖ ਲੱਛਣ ਹਨ। ਖ਼ੂਨ ਵਿਚ ਪਲਾਜ਼ਮਾ ਦਾ ਪੱਧਰ ਘਟ ਜਾਂਦਾ ਹੈ, ਸਾਹ ਲੈਣ ਵਿਚ ਪਰੇਸ਼ਾਨੀ ਹੁੰਦੀ ਹੈ, ਉਲਟੀ ਨਾਲ ਖ਼ੂਨ ਆਉਣਾ ਜਾਂ ਅੰਗਾਂ ਦਾ ਕੰਮ ਨਾ ਕਰਨਾ ਗੰਭੀਰ ਡੇਂਗੂ ਕਾਰਨ ਹੋ ਸਕਦਾ ਹੈ। ਇਸ ਨਾਲ ਪੇਟ ਵਿਚ ਦਰਦ, ਨਿਰੰਤਰ ਉਲਟੀਆਂ, ਸਾਹ ਦਾ ਤੇਜ਼ ਚੱਲਣਾ, ਥਕਾਵਟ, ਬੇਚੈਨੀ ਹੋ ਸਕਦੀ ਹੈ। ਖ਼ੂਨ ਦਾ ਜ਼ਿਆਦਾ ਵਹਾਅ ਜਾਨਲੇਵਾ ਹੋ ਸਕਦਾ ਹੈ। ਜਟਿਲਤਾ ਤੇ ਮੌਤ ਦੇ ਜੋਖਮ ਤੋਂ ਬਚਣ ਲਈ ਸਹੀ ਡਾਕਟਰੀ ਦੇਖਭਾਲ ਦੀ ਲੋੜ ਹੁੰਦੀ ਹੈ।*

## ਰੋਕਥਾਮ

ਮੌਜੂਦਾ ਸਮੇਂ ਡੇਂਗੂ ਵਾਇਰਸ ਦੇ ਸੰਚਾਰ ਨੂੰ ਰੋਕਣ ਦਾ ਮੁੱਖ ਤਰੀਕਾ ਮੱਛਰ ਨੂੰ ਕਾਬੂ ਕਰਨਾ ਹੈ। ਮੱਛਰਾਂ ਦੀ ਰੋਕਥਾਮ ਲਈ ਵਾਤਾਵਰਨ ਪ੍ਰਬੰਧ ਕਰਨੇ ਜ਼ਰੂਰੀ ਹਨ। ਠੋਸ ਰਹਿੰਦ-ਖੂੰਹਦ ਨੂੰ ਠੀਕ ਤਰੀਕੇ ਨਾਲ ਢਕ ਕੇ ਰੱਖੋ ਜਾਂ ਆਪਣੇ ਘਰਾਂ ਨੇੜੇ ਇਨ੍ਹਾਂ ਨੂੰ ਜਮ੍ਹਾਂ ਨਾ ਹੋਣ ਦੇਵੋ। ਘਰੇਲੂ ਵਰਤੇ ਵਾਲੇ ਪਾਣੀ ਨੂੰ ਸਟੋਰ ਕਰਨ ਵਾਲੇ ਕੰਟੇਨਰਾਂ ਨੂੰ ਹਫ਼ਤੇ ਵਿਚ ਇਕ ਵਾਰ ਖ਼ਾਲੀ ਕਰ ਕੇ ਉਨ੍ਹਾਂ ਦੀ ਸਫ਼ਾਈ ਕਰੋ। ਬਾਹਰੀ ਕੰਟੇਨਰਾਂ ਵਿਚ ਪਾਣੀ ਦੀ ਸਟੋਰੇਜ ਲਈ ਢੁਕਵੇਂ ਕੀਟਨਾਸ਼ਕ ਦੀ ਵਰਤੋਂ ਕਰੋ ਜੇ ਤੁਸੀਂ ਇਨ੍ਹਾਂ ਗੱਲਾਂ ਦਾ ਧਿਆਨ ਨਹੀਂ ਰੱਖਦੇ ਤਾਂ ਤੁਹਾਨੂੰ ਇਸ ਤਰ੍ਹਾਂ ਦੀਆ ਬਿਮਾਰੀਆਂ ਦਾ ਸਾਹਮਣਾ ਕਰਨਾ ਪਵੇਗਾ। • 98789-41620



ਡਾ. ਸੋਨਾਲੀ ਸ਼ਰਮਾ

# ਮਿੱਠੇ ਪਿੱਛੇ ਲੁਕਿਆ ਕੌੜਾ ਸੱਚ

ਅਸੀਂ ਸਾਰਿਆਂ ਨੇ ਮੂੰਹ 'ਚ ਘੁਲਦੀ ਮਿਠਾਸ ਦਾ ਭਰਪੂਰ ਮਜ਼ਾ ਲਿਆ ਹੈ ਤੇ ਹਮੇਸ਼ਾ ਲੈਂਦੇ ਵੀ ਹਾਂ। ਮਿੱਠੇ ਦਾ ਨਾਂ ਸੁਣਦਿਆਂ ਹੀ ਸਾਡੇ ਮੂੰਹ ਵਿਚ ਪਾਣੀ ਕਿਉਂ ਆ ਜਾਂਦਾ ਹੈ? ਇਹ ਤਾਂ ਆਉਣਾ ਹੀ ਸੀ ਇਸ ਦੇ ਲਈ ਦੋਸ਼ੀ ਮਿੱਠਾ ਨਹੀ ਹੈ, ਨਾ ਹੀ ਤੁਸੀਂ ਹੋ। ਜਦੋਂ ਅਸੀਂ ਦੁਨੀਆ 'ਚ ਆਉਂਦੇ ਹਾਂ ਤਾਂ ਸਭ ਤੋਂ ਪਹਿਲਾਂ ਸਵਾਦ ਜੋ ਅਸੀਂ ਚਖਦੇ ਹਾਂ ਉਹ ਮਿੱਠਾ ਹੀ ਹੁੰਦਾ ਹੈ। ਇਸੇ ਕਾਰਨ ਮਿੱਠੇ ਨਾਲ ਸਾਡਾ ਅਨਿਖੜਵਾਂ ਪਿਆਰ ਹੋ ਜਾਂਦਾ ਹੈ। ਮਿੱਠਾ ਖਾਣ ਨਾਲ ਮਿਲਣ ਵਾਲਾ ਸੁੱਖ ਸਾਡੀ ਜ਼ਿੰਦਗੀ ਦਾ ਅਨਿਖੜਵਾਂ ਹਿੱਸਾ ਬਣ ਜਾਂਦਾ ਹੈ।

## ਲੋੜ ਤੋਂ ਵੱਧ ਜ਼ਹਿਰ ਹੈ- ਮਿੱਠਾ

ਮਿੱਠਾ ਜਾਂ ਸ਼ੂਗਰ ਤੁਰੰਤ ਤਾਕਤ ਜਾਂ ਊਰਜਾ ਦਾ ਸਭ ਤੋਂ ਵੱਡਾ ਸਾਧਨ ਹੈ ਜੋ ਗਲੂਕੋਜ਼ ਬਣ ਕੇ ਸਾਡੀਆਂ ਨਾੜਾਂ 'ਚ ਪਹੁੰਚਦਾ ਹੈ। ਤੁਸੀਂ ਤਿਉਹਾਰਾਂ ਦੇ ਦਿਨਾਂ ਦਾ ਆਨੰਦ ਕਦੀ ਵੀ ਨਹੀਂ ਸੀ ਮਾਣ ਸਕਦੇ ਜੇ ਉਸ ਵਿਚ ਮਿੱਠਾ ਜਾਂ ਸ਼ੂਗਰ ਨਾ ਹੁੰਦੀ। ਸ਼ੂਗਰ ਤੁਹਾਡੇ ਮੂਡ ਨੂੰ ਤੁਰੰਤ ਠੀਕ ਕਰ ਦਿੰਦੀ ਹੈ ਤੇ ਆਨੰਦ ਦਿੰਦੀ ਹੈ। ਸਰੀਰ ਨੂੰ ਤੁਰੰਤ ਤਾਕਤ ਦੇ ਕੇ ਇਹ ਸਾਡੀ ਮਾਨਸਿਕ ਸਮਰਥਾ ਨੂੰ ਵੀ ਵਧਾਉਂਦੀ ਹੈ ਪਰ ਜਿਵੇਂ ਕਹਿੰਦੇ ਹਨ ਕਿ 'ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ', ਇਸੇ ਤਰ੍ਹਾਂ ਵਧੇਰੇ ਮਾਤਰਾ ਵਿਚ ਸ਼ੂਗਰ ਦੇ ਵੀ ਬਹੁਤ ਖ਼ਤਰਨਾਕ ਨਤੀਜੇ ਨਿਕਲਦੇ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਇਕ ਬਾਲਗ ਆਦਮੀ ਨੂੰ 150 ਕੈਲੋਰੀਜ਼ ਸ਼ੂਗਰ ਹਰ ਰੋਜ਼ ਲੈਣੀ ਚਾਹੀਦੀ ਹੈ, ਜੋ ਲਗਪਗ 37.5 ਗ੍ਰਾਮ ਜਾਂ 9 ਚਮਚ ਬਣਦੇ ਹਨ ਅਤੇ ਇਕ ਬਾਲਗ ਔਰਤ ਨੂੰ ਲਗਭਗ 100 ਕੈਲੋਰੀਜ਼ ਸ਼ੂਗਰ ਰੋਜ਼ਾਨਾ ਲੈਣੀ ਚਾਹੀਦੀ ਹੈ, ਜੋ 25 ਗ੍ਰਾਮ ਜਾਂ 6 ਚਮਚ ਬਣਦੀ ਹੈ ਪਰ, ਅੱਜਕਲ੍ਹ ਅਸੀਂ ਰੋਜ਼ਾਨਾ 25 ਤੋਂ 30 ਚਮਚ ਸ਼ੂਗਰ ਲੈ ਰਹੇ ਹਾਂ। ਤੁਹਾਨੂੰ ਇਹ ਸੁਣ ਕੇ ਹੈਰਾਨੀ ਤਾਂ ਹੁੰਦੀ ਹੋਵੇਗੀ ਪਰ ਇਹ ਸੱਚ ਹੈ। ਲੋੜ ਤੋਂ ਵਧ ਮਿੱਠਾ ਸਾਡੇ ਸਰੀਰ ਲਈ ਜ਼ਹਿਰ ਦਾ ਕੰਮ ਕਰਦਾ ਹੈ ਅਤੇ ਕਈ ਗੰਭੀਰ ਸਮੱਸਿਆਵਾਂ ਖੜੀਆਂ ਕਰ ਸਕਦਾ ਹੈ।

## ਉਚਿਤ ਮਾਤਰਾ

ਪ੍ਰਸਿੱਧ ਨਿਊਟ੍ਰੀਸ਼ੀਅਨ ਡਾ. ਡੇਵਿਸ ਰੂਬੇਨ ਅਨੁਸਾਰ ਅਸੀਂ ਸਫ਼ੈਦ ਰੰਗ ਦੀ ਜੋ ਰਿਫਾਇੰਡ ਸ਼ੂਗਰ ਖਾਂਦੇ ਹਾਂ ਉਹ ਭੋਜਨ ਦੀ ਸ਼੍ਰੇਣੀ 'ਚ ਨਹੀਂ ਆਉਂਦੀ। ਅਸੀਂ ਆਪਣੇ ਰੋਜ਼ਾਨਾ ਜੀਵਨ 'ਚ ਮਿੱਠੇ ਦਾ ਜੋ ਇਸਤੇਮਾਲ ਕਰਦੇ ਹਾਂ ਉਹ ਪੌਦਿਆਂ ਤੋਂ ਕੱਢਿਆ ਗਿਆ ਨਿਰੋਲ ਰਸਾਇਣ ਹੁੰਦਾ ਹੈ। ਇਸ ਨੂੰ ਕੋਕੀਨ ਦਾ ਸ਼ੁੱਧ ਰੂਪ ਵੀ ਕਹਿ ਸਕਦੇ ਹਾਂ। ਇਸੇ ਲਈ ਸਾਨੂੰ ਇਸ ਦੀ ਆਦਤ ਹੋ ਜਾਂਦੀ ਹੈ। ਅਜੋਕੀ ਜੀਵਨ ਸ਼ੈਲੀ 'ਚ ਸ਼ੂਗਰ ਤੋਂ ਬਚਣਾ ਬਹੁਤ ਔਖਾ ਹੈ। ਅੱਜ ਜੋ ਵੀ ਅਸੀ ਖਾਂਦੇ ਹਾਂ, ਹਰ ਦੂਸਰੀ ਚੀਜ਼ 'ਚ ਸ਼ੂਗਰ ਹੁੰਦੀ ਹੈ। ਸਾਫਟ ਡਰਿੰਕ ਤੋਂ ਲੈ ਕੇ ਫਲਾਂ, ਦਵਾਈਆਂ ਆਦਿ ਕਿਸੇ ਵੀ ਚੀਜ਼ ਦਾ ਨਾਂ ਲੈ ਲਓ, ਇਸ 'ਚ ਸ਼ੂਗਰ ਦੀ ਕੁਝ ਨਾ ਕੁਝ ਮਾਤਰਾ ਜ਼ਰੂਰ ਮੌਜੂਦ ਹੁੰਦੀ ਹੈ। ਸ਼ੂਗਰ ਤੋਂ ਮੁਕੰਮਲ ਪਰਹੇਜ਼ ਸੰਭਵ ਨਹੀਂ ਹੈ ਪਰ ਉਚਿਤ ਮਾਤਰਾ ਤੇ ਸਹੀ ਰੂਪ 'ਚ ਸ਼ੂਗਰ ਦੀ ਚੋਣ ਅਸੀਂ ਕਰ ਸਕਦੇ ਹਾਂ।

## ਬਿਮਾਰੀਆਂ ਨੂੰ ਸੱਦਾ

ਪ੍ਰਸ਼ਨ ਇਹ ਉੱਠਦਾ ਹੈ ਕਿ ਜੋ ਵਧੇਰੇ ਮਾਤਰਾ ਵਿਚ ਅਸੀਂ ਜੋ ਸ਼ੁਗਰ ਲਈ ਹੈ, ਉਸ ਦਾ ਕੀ ਬਣਦਾ ਹੈ? ਸ਼ੂਗਰ ਆਮ ਤੌਰ 'ਤੇ ਦੋ ਕਿਸਮ ਦੀ ਹੁੰਦੀ ਹੈ। ਚੰਗੀ ਸ਼ੂਗਰ ਤੇ ਮਾੜੀ ਸ਼ੂਗਰ। ਚੰਗੀ ਸ਼ੂਗਰ ਫਲਾਂ ਤੋਂ ਮਿਲਦੀ ਹੈ, ਜੋ ਸ਼ੂਗਰ ਦਾ ਕੁਦਰਤੀ ਸਾਧਨ ਹਨ ਪਰ ਸਵਾਦ ਅਤੇ ਮੂੰਹ 'ਚ ਪਾਣੀ ਲਿਆਉਣ ਵਾਲੀਆਂ ਮਠਿਆਈਆਂ, ਪੇਸਟਰੀਜ਼, ਚਾਕਲੇਟ, ਰੈਡੀਮੇਡ ਜੂਸ ਆਦਿ ਦੇ ਰੂਪ 'ਚ ਜੋ ਸ਼ੂਗਰ ਅਸੀਂ ਖਾ ਰਹੇ ਹਾਂ ਉਹ ਸੱਚਮੁੱਚ ਜ਼ਹਿਰ ਹੈ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਦੁਨੀਆ ਭਰ 'ਚ ਹਰ ਸਾਲ ਲਗਪਗ 1,84,000 ਲੋਕਾਂ ਦੀ ਮੌਤ ਜ਼ਿਆਦਾ ਸ਼ੂਗਰ ਦੀ ਵਰਤੋਂ ਕਾਰਨ ਹੁੰਦੀ ਹੈ। ਜੋ ਫਾਸਟ ਫ਼ੂਡ ਅਸੀਂ ਬਹੁਤ ਸਵਾਦ ਲੈ-ਲੈ ਕੇ ਖਾਂਦੇ ਹਾਂ ਉਹ ਸਾਨੂੰ ਹੌਲੀ-ਹੌਲੀ ਖ਼ਤਮ ਕਰ ਰਹੇ ਹਨ। ਸਵਾਦੀ ਭੋਜਨ ਦਰਅਸਲ ਸਾਨੂੰ ਤੰਦਰੁਸਤ ਨਹੀਂ ਰੱਖ ਰਿਹਾ। ਸ਼ੂਗਰ ਨਾਲ ਨਾ ਸਿਰਫ਼ ਸਾਡਾ ਜਿਗਰ ਖ਼ਰਾਬ ਹੁੰਦਾ ਹੈ ਬਲਕਿ ਇਸ ਨਾਲ ਮੋਟਾਪਾ ਵੀ ਆਉਂਦਾ ਹੈ। ਹਾਜ਼ਮੇ 'ਤੇ ਅਸਰ ਕਰ ਕੇ ਸ਼ੂਗਰ ਸਾਡੇ ਸ਼ਰੀਰ 'ਚ ਯੂਰਿਕ ਐਸਿਡ ਦਾ ਪੱਧਰ ਵਧਾ ਦਿੰਦੀ ਹੈ ਤੇ ਇਸ ਦਾ ਸਿੱਧਾ ਅਸਰ ਸਾਡੇ ਗੁਰਦਿਆਂ ਉੱਪਰ ਪੈਂਦਾ ਹੈ। ਇਸ ਲਈ ਇਸ ਮਿੱਠੇ ਦੇ ਨੁਕਸਾਨ ਜ਼ਿਆਦਾ ਅਤੇ ਲਾਭ ਘੱਟ ਹਨ। ਇਸ ਕਰ ਕੇ ਮਿੱਠੇ ਦੀ ਘੱਟ ਵਰਤੋਂ ਕਰਨੀ ਚਾਹੀਦੀ ਹੈ।

## ਦੂਜੇ ਬਦਲ

ਮਿੱਠੇ ਦਾ ਤਿਆਗ ਕਰਨਾ ਹਮੇਸ਼ਾ ਵਧੀਆ ਮੰਨਿਆ ਜਾਂਦਾ ਹੈ ਪਰ ਅਸੀਂ ਇਸ ਦੇ ਇੰਨੇ ਆਦੀ ਹੋ ਚੁੱਕੇ ਹੁੰਦੇ ਹਾਂ ਕਿ ਇਸ ਨੂੰ ਛੱਡਣਾ ਮੁਸ਼ਕਿਲ ਲਗਦਾ ਹੈ। ਸਭ ਤੋਂ ਪਹਿਲਾਂ ਮਜ਼ਬੂਤ ਇਰਾਦੇ ਦੀ ਲੋੜ ਹੁੰਦੀ ਹੈ, ਜਿਸ ਨਾਲ ਅਸੀਂ ਖ਼ੁਦ 'ਤੇ ਕਾਬੂ ਰੱਖ ਸਕਦੇ ਹਾਂ। ਜੇ ਕੋਈ ਵਿਅਕਤੀ ਆਪਣੀ ਜ਼ਿੰਦਗੀ 'ਚੋਂ ਸ਼ੂਗਰ ਨੂੰ ਬਿਲਕੁਲ ਕੱਢ ਦਿੰਦਾ ਹੈ ਤਾਂ ਇਹ ਉਸ ਦੀ ਬਹੁਤ ਵੱਡੀ ਉਪਲਬਧੀ ਹੋਵੇਗੀ ਪਰ ਇਸ ਦੇ ਸਾਈਡ-ਇਫੈਕਟ ਵੀ ਹੋ ਸਕਦੇ ਹਨ। ਸ਼ੂਗਰ ਛੱਡਣ ਦਾ ਸਭ ਤੋਂ ਵਧੀਆ ਢੰਗ ਹੁੰਦਾ ਹੈ ਹੌਲੀ-ਹੌਲੀ ਇਸ ਦੀ ਮਾਤਰਾ ਨੂੰ ਘਟਾਉਣਾ। ਇਸ ਤਰ੍ਹਾਂ ਸਰੀਰ ਨੂੰ ਐਡਜਸਟ ਹੋਣ ਲਈ ਸਮਾਂ ਮਿਲ ਜਾਂਦਾ ਹੈ ਅਤੇ ਸਿਰਦਰਦ, ਜੀ ਘਬਰਾਉਣ ਵਰਗੀਆਂ ਅਲਾਮਤਾਂ ਤੋਂ ਬਚਿਆ ਜਾ ਸਕਦਾ ਹੈ। ਜੇ ਫਿਰ ਵੀ ਮਿੱਠਾ ਖਾਣ ਦਾ ਮੋਹ ਨਹੀਂ ਤਿਆਗਿਆ ਜਾ ਰਿਹਾ ਤਾਂ ਹੋਰ ਵੀ ਬਹੁਤ ਸਾਰੇ ਬਦਲ ਮੌਜੂਦ ਹਨ। ਸ਼ਹਿਦ, ਗੁੜ, ਸ਼ੱਕਰ, ਨਾਰੀਅਲ ਦੀ ਖੰਡ, ਖਜੂਰਾਂ ਦੀ ਖੰਡ ਅਤੇ ਸਟੀਵਿਆ ਦੇ ਨਾਲ-ਨਾਲ ਮਾਰਕੀਟ ਵਿਚ ਮਿੱਠੇ ਦੇ ਹੋਰ ਬਹੁਤ ਸਾਰੇ ਬਦਲ ਮੌਜੂਦ ਹਨ। ਇਹ ਮਿੱਠਾ ਖਾ ਕੇ ਵੀ ਤੁਸੀਂ ਸਿਹਤਮੰਦ ਰਹਿ ਸਕਦੇ ਹੋ। ਅੱਗੇ ਵਧੋ! ਸ਼ੁਰੂਆਤ ਅੱਜ ਹੀ ਕਰੋ। ਆਪਣੇ ਸਰੀਰ ਨੂੰ ਬਨਾਵਟੀ ਮਿੱਠੇ ਤੋਂ ਮੁਕਤ ਕਰੋ ਤੇ ਇਕ ਵਧੀਆ ਜ਼ਿੰਦਗੀ ਗੁਜ਼ਾਰੋ। ਇਹ ਜ਼ਿੰਦਗੀ ਅਨਮੋਲ ਹੈ ਇਸ ਨੂੰ ਵਧੀਆ ਢੰਗ ਨਾਲ ਬਤੀਤ ਕਰੋ। •

# ਮੁੱਖ ਮੰਤਰੀ ਦਾ ਸੁਪਨਾ, ਹਰ ਖੇਤ ਤੱਕ ਪਾਣੀ ਪਹੁੰਚਾਉਣਾ: ਬਰਿੰਦਰ ਕੁਮਾਰ ਗੋਇਲ

## ਜਲ ਸਰੋਤ ਮੰਤਰੀ ਨੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਨੂੰ ਸਮੇਂ ਦੀ ਲੋੜ ਦੱਸਿਆ

**ਚੰਡੀਗੜ੍ਹ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸੁਪਨਾ ਸੂਬੇ ਦੇ ਹਰ ਖੇਤ ਤੱਕ ਪਾਣੀ ਦੀ ਪਹੁੰਚ ਨੂੰ ਯਕੀਨੀ ਬਣਾਉਣਾ ਹੈ ਅਤੇ ਇਸ ਸਬੰਧ ਵਿੱਚ ਜਲ ਸਰੋਤ ਵਿਭਾਗ ਦੀ ਭੂਮਿਕਾ ਬਹੁਤ ਮਹੱਤਵ ਰੱਖਦੀ ਹੈ।

ਜਲ ਸਰੋਤ ਵਿਭਾਗ ਦੀ ਪਲੇਠੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਨਵੀਆਂ ਨੀਤੀਆਂ ਦਾ ਖਰੜਾ ਤਿਆਰ ਕਰਨ ਸਮੇਂ ਲੋਕਾਂ ਦੀ ਭਲਾਈ ਨੂੰ ਸਭ ਤੋਂ ਵੱਧ ਤਰਜੀਹ ਦੇਣ ਲਈ ਕਿਹਾ। ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿ ਧਰਤੀ ਹੇਠਲੇ ਪਾਣੀ ਦੀ ਸੰਭਾਲ ਕਰਨਾ ਸਮੇਂ ਦੀ ਲੋੜ ਹੈ, ਕੈਬਨਿਟ ਮੰਤਰੀ ਨੇ ਕਿਹਾ ਕਿ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਇਸਨੂੰ ਤਸੱਲੀ ਅਤੇ ਮਾਣ ਵਾਲੀ ਗੱਲ ਦੱਸਿਆ ਕਿ ਪਿਛਲੇ 2 ਸਾਲਾਂ ਦੌਰਾਨ 4200 ਕਿਲੋਮੀਟਰ ਲੰਬਾਈ ਦੇ ਕੁੱਲ 15914 ਵਾਟਰ ਚੈਨਲਾਂ ਨੂੰ ਬਹਾਲ ਕੀਤਾ ਗਿਆ ਹੈ।

ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੇ ਮੰਤਰੀ ਨੂੰ ਜਾਣੂੰ ਕਰਵਾਇਆ ਕਿ ਸੂਬੇ ਦੇ 94 ਪਿੰਡਾਂ ਵਿੱਚ ਪਹਿਲੀ ਵਾਰ ਪਾਣੀ ਪਹੁੰਚਿਆ ਹੈ, ਅਤੇ 49 ਪਿੰਡ ਅਜਿਹੇ ਹਨ ਜਿੱਥੇ 35-40 ਸਾਲਾਂ ਦੇ ਵਕਫ਼ੇ ਤੋਂ ਬਾਅਦ ਪਾਣੀ ਪਹੁੰਚਿਆ ਹੈ। ਇਸ ਤੋਂ ਇਲਾਵਾ ਇਹ ਯਕੀਨੀ ਬਣਾਉਣ ਕਿ ਨਹਿਰ 'ਚ ਪਾੜ ਪੈਣ ਕਰਕੇ ਕਿਸਾਨਾਂ ਨੂੰ ਕੋਈ ਦਿੱਕਤ ਨਾ ਆਵੇ, ਲਗਭਗ 414 ਕਿਲੋਮੀਟਰ ਲੰਬਾਈ ਵਾਲੀਆਂ ਬੰਦ ਪਈਆਂ ਨਹਿਰਾਂ ਨੂੰ ਬਹਾਲ ਕੀਤਾ ਗਿਆ ਹੈ ਅਤੇ ਪਾਣੀ ਛੱਡਣ ਲਈ 100 ਮੋਘੇ ਉਸਾਰੀ ਅਧੀਨ ਹਨ।

ਮੰਤਰੀ ਨੇ ਅਧਿਕਾਰੀਆਂ ਨੂੰ ਬੰਨ੍ਹਾਂ ਦੀ ਮਜ਼ਬੂਤੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਅਤੇ ਇਸ ਸਬੰਧ ਵਿੱਚ ਪ੍ਰਮੁੱਖ ਸਕੱਤਰ ਨੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਕਿ ਮਨਰੇਗਾ ਤਹਿਤ 2023-24 ਲਈ ਨਹਿਰਾਂ ਅਤੇ ਵਾਟਰ ਕੋਰਸਾਂ ਦੀ ਮੁਰੰਮਤ ਦਾ ਕੰਮ 228 ਕਰੋੜ ਰੁਪਏ ਦੀ ਲਾਗਤ ਨਾਲ ਪੂਰਾ ਕੀਤਾ ਗਿਆ ਹੈ।

ਪ੍ਰਮੁੱਖ ਸਕੱਤਰ ਨੇ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਕਿ 3 ਨਹਿਰਾਂ- ਮਾਲਵਾ, ਦਸਮੇਸ਼ ਅਤੇ ਮਲੇਰਕੋਟਲਾ ਤਜਵੀਜ਼ਤ/ਨਿਰਮਾਣ ਅਧੀਨ ਹਨ ਅਤੇ ਇਸ ਤੋਂ ਇਲਾਵਾ ਪਹਿਲੀ ਵਾਰ ਨਦੀਆਂ/ਡਰੇਨਾਂ/ਚੋਏ/ਛੋਟੀਆਂ ਨਦੀਆਂ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਨਾਜਾਇਜ਼ ਕਬਜ਼ਿਆਂ ਵਾਲੀ ਥਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਹਟਾਉਣਾ ਹੈ। ਇਸ ਤੋਂ ਇਲਾਵਾ 1536 ਕਰੋੜ ਰੁਪਏ ਦੀ ਲਾਗਤ ਨਾਲ ਦੋ ਨਵੀਆਂ ਲਿਫ਼ਟ ਇਰੀਗੇਸ਼ਨ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ।

ਇਸਦੇ ਨਾਲ ਹੀ ਪ੍ਰਕਿਰਿਆ ਨੂੰ ਸਰਲ ਬਣਾਉਣ, ਮੁਕੱਦਮੇਬਾਜ਼ੀ ਨੂੰ ਘਟਾਉਣ ਅਤੇ ਪ੍ਰਾਜੈਕਟਾਂ ਵਿੱਚ ਤੇਜ਼ੀ ਲਿਆਉਣ ਲਈ 1873 ਦੇ ਐਕਟ ਦੀ ਥਾਂ ਨਵਾਂ ਨਹਿਰੀ ਐਕਟ ਬਣਾਇਆ ਜਾ ਰਿਹਾ ਹੈ।

ਪ੍ਰਮੁੱਖ ਸਕੱਤਰ ਨੇ ਦੱਸਿਆ ਕਿ ਵਿਭਾਗ ਨਾਲ ਸਬੰਧਤ ਕੇਸਾਂ ਵਾਸਤੇ ਕਿਸਾਨਾਂ ਨੂੰ ਆਨਲਾਈਨ ਅਪਲਾਈ ਕਰਨ ਦੀ ਸਹੂਲਤ ਪ੍ਰਦਾਨ ਕਰਨ ਦੇ ਉਦੇਸ਼ ਨਾਲ ਈ-ਸਿੰਚਾਈ ਨਾਮ ਦੀ ਐਪ ਵੀ ਲਾਂਚ ਕੀਤੀ ਗਈ ਹੈ। ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕੈਬਨਿਟ ਮੰਤਰੀ ਨੇ ਪ੍ਰਾਜੈਕਟਾਂ ਨੂੰ ਲਾਗੂ ਕਰਨ ਵਿੱਚ ਪਾਰਦਰਸ਼ਤਾ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਇਸ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਪੰਜਾਬ ਰਾਜ ਸਹਿਕਾਰੀ ਬੈਂਕ ਵੱਲੋਂ ਗਾਹਕਾਂ ਲਈ ਯੂ.ਪੀ.ਆਈ. ਸੇਵਾ ਦੀ ਸ਼ੁਰੂਆਤ

**ਪਾਰਦਰਸ਼ਤਾ ਤੇ ਜਵਾਬਦੇਹੀ ਰਾਹੀਂ ਬੈਂਕਿੰਗ ਨੂੰ ਹੋਰ ਉਤਸ਼ਾਹਤ ਕਰੇਗੀ ਯੂ.ਪੀ.ਆਈ. ਸਹੂਲਤ**

**ਚੰਡੀਗੜ੍ਹ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਿਕਾਰੀ ਖੇਤਰ ਵਿੱਚ ਬੈਂਕਿੰਗ ਸੇਵਾ ਵਿੱਚ ਨਵਾਂ ਮੀਲ ਪੱਥਰ ਸਥਾਪਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਗਾਹਕਾਂ ਨੂੰ ਪੈਸੇ ਦੇ ਆਨਲਾਈਨ ਲੈਣ-ਦੇਣ ਦੇ ਯੋਗ ਬਣਾਉਣ ਲਈ ਪੰਜਾਬ ਰਾਜ ਸਹਿਕਾਰੀ ਬੈਂਕ ਵਿੱਚ ਯੂ.ਪੀ.ਆਈ. ਸੇਵਾ ਦੀ ਸ਼ੁਰੂਆਤ ਕੀਤੀ ਹੈ।

ਇਸ ਪਹਿਲਕਦਮੀ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਹੂਲਤ ਸਹਿਕਾਰੀ ਬੈਂਕਾਂ ਵਿੱਚ ਪੈਸੇ ਦੇ ਡਿਜੀਟਲ ਲੈਣ-ਦੇਣ ਨੂੰ ਉਤਸ਼ਾਹਤ ਕਰੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਬੈਂਕ ਦੀਆਂ 18 ਬਰਾਂਚਾਂ ਵਿੱਚ ਯੂ.ਪੀ.ਆਈ. ਦੀ ਸਹੂਲਤ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਦਾ ਮੰਤਵ ਵਧੇਰੇ ਪਾਰਦਰਸ਼ਤਾ ਤੇ ਜਵਾਬਦੇਹੀ ਰਾਹੀਂ ਬੈਂਕ ਦੀ ਕਾਰਜਪ੍ਰਣਾਲੀ ਨੂੰ ਹੋਰ ਸੁਚਾਰੂ ਬਣਾਉਣਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਬੈਂਕ ਦੇ ਗਾਹਕ, ਗੂਗਲ ਪੇਅ, ਵਟਸਐਪ, ਫੋਨ ਪੇਅ, ਪੇਅਟੀਐਮ, ਭੀਮ ਅਤੇ ਹੋਰ ਐਪਲੀਕੇਸ਼ਨਾਂ ਵਰਗੇ ਪਲੇਟਫਾਰਮਾਂ ਦੀ ਵਰਤੋਂ ਕਰ ਕੇ ਪੈਸੇ ਦਾ ਲੈਣ-ਦੇਣ ਕਰਨ ਦੇ ਯੋਗ ਹੋਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਸਹੂਲਤ ਨਾਲ ਬੈਂਕ ਦੇ ਗਾਹਕ ਹੋਰ ਬੈਂਕ ਖਾਤਿਆਂ ਵਿੱਚੋਂ ਪੰਜਾਬ ਰਾਜ ਸਹਿਕਾਰੀ ਬੈਂਕ ਦੇ ਖਾਤੇ ਵਿੱਚ ਪੈਸੇ ਭੇਜ ਜਾਂ ਪ੍ਰਾਪਤ ਕਰ ਸਕਣਗੇ। ਉਨ੍ਹਾਂ ਕਿਹਾ ਕਿ ਮੁੱਢਲੇ ਤੌਰ ਉਤੇ ਗਾਹਕ ਯੂ.ਪੀ.ਆਈ. ਰਾਹੀਂ ਰੋਜ਼ਾਨਾ 50 ਹਜ਼ਾਰ ਤੱਕ ਦਾ ਲੈਣ-ਦੇਣ ਕੀਤਾ ਜਾ ਸਕੇਗਾ, ਜਿਸ ਨੂੰ ਆਉਣ ਵਾਲੇ ਦਿਨਾਂ ਵਿੱਚ ਇਕ ਲੱਖ ਰੁਪਏ ਤੱਕ ਵਧਾਇਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ, ਜਿਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਇਸ ਦੌਰਾਨ ਬੈਂਕ ਦੇ ਚੇਅਰਮੈਨ ਜਗਦੇਵ ਸਿੰਘ ਬਾਮ ਨੇ ਦੱਸਿਆ ਕਿ ਇਹ ਸਹੂਲਤ ਬੈਂਕ ਦੇ ਗਾਹਕਾਂ ਲਈ ਵੱਡਾ ਵਰਦਾਨ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਸ ਸਹੂਲਤ ਨੂੰ ਬੈਂਕ ਦੀਆਂ ਹੋਰ ਬਰਾਂਚਾਂ ਵਿੱਚ ਵੀ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਬੈਂਕ ਵੱਲੋਂ ਪਹਿਲਾਂ ਹੀ ਮੋਬਾਈਲ ਬੈਂਕਿੰਗ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਦੀ ਵਰਤੋਂ ਕਰ ਕੇ ਗਾਹਕ ਆਈ.ਐਮ.ਪੀ.ਐਸ. ਅਤੇ ਆਰ.ਟੀ.ਜੀ.ਐਸ. ਰਾਹੀਂ ਪੈਸੇ ਦਾ ਲੈਣ-ਦੇਣ ਕਰ ਸਕਦੇ ਹਨ।

# ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਚੱਲ ਰਹੇ ਪ੍ਰੋਜੈਕਟਾਂ ਦਾ ਲਿਆ ਜਾਇਜ਼ਾ



**ਚੰਡੀਗੜ੍ਹ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ। ਇਸੇ ਮੰਤਵ ਤਹਿਤ ਰੱਖਿਆ ਸੇਵਾਵਾਂ ਭਲਾਈ ਬਾਰੇ ਮੰਤਰੀ ਸ਼੍ਰੀ ਮਹਿੰਦਰ ਭਗਤ ਨੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੀ ਇੱਕ ਉੱਚ-ਪੱਧਰੀ ਮੀਟਿੰਗ ਮੰਗਲਵਾਰ ਨੂੰ ਚੰਡੀਗੜ੍ਹ ਵਿਖੇ ਕੀਤੀ।

ਮੀਟਿੰਗ ਦੌਰਾਨ ਵਿਭਾਗ ਦੇ ਮੁੱਖ ਮੁੱਦਿਆਂ, ਚੱਲ ਰਹੇ ਅਤੇ ਭਵਿੱਖ ਦੇ ਪ੍ਰੋਜੈਕਟਾਂ ਦੀ ਡੂੰਘਾਈ ਨਾਲ ਸਮੀਖਿਆ ਕੀਤੀ ਗਈ। ਅਧਿਕਾਰੀਆਂ ਨੇ ਕੈਬਨਿਟ ਮੰਤਰੀ ਨੂੰ ਰੱਖਿਆ ਕਰਮਚਾਰੀਆਂ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਵੱਖ-ਵੱਖ ਯੋਜਨਾਵਾਂ ਦੀ ਸਥਿਤੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ।

ਮੀਟਿੰਗ ਦੌਰਾਨ ਵਿਭਾਗ ਦੇ ਮੌਜੂਦਾ ਭਲਾਈ ਪ੍ਰੋਗਰਾਮਾਂ ਨੂੰ ਹੋਰ ਵਧਾਉਣ, ਸਾਬਕਾ ਸੈਨਿਕਾਂ ਦੀਆਂ ਦਰਪੇਸ਼ ਚੁਣੌਤੀਆਂ ਨੂੰ ਹੱਲ ਕਰਨ ਅਤੇ ਵਧੇਰੇ ਪਹੁੰਚ ਅਤੇ ਕੁਸ਼ਲਤਾ ਲਈ ਵਿਭਾਗ ਦੇ ਟੀਚਿਆਂ ਨੂੰ ਅੱਗੇ ਵਧਾਉਣ 'ਤੇ ਕੇਂਦ੍ਰਿਤ ਸਨ।

ਸ਼੍ਰੀ ਮਹਿੰਦਰ ਭਗਤ ਨੇ ਰੱਖਿਆ ਸੇਵਾਵਾਂ ਦੇ ਕਰਮਚਾਰੀਆਂ ਦੀ ਨਿਰੰਤਰ ਭਲਾਈ ਅਤੇ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਨਵੀਨਤਾਕਾਰੀ ਹੱਲਾਂ ਦੀ ਲੋੜ 'ਤੇ ਜ਼ੋਰ ਦਿੱਤਾ। ਮੰਤਰੀ ਨੇ ਦੇਸ਼ ਦੀ ਸੇਵਾ ਕਰਨ ਵਾਲਿਆਂ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਰੱਖਿਆ ਪਰਿਵਾਰਾਂ ਅਤੇ ਸਾਬਕਾ ਸੈਨਿਕਾਂ ਲਈ ਸਹਾਇਤਾ ਵਧਾਉਣ ਲਈ ਤਿਆਰ ਕੀਤੀਆਂ ਗਈਆਂ ਆਗਾਮੀ ਪਹਿਲਕਦਮੀਆਂ ਨੂੰ ਵੀ ਉਜਾਗਰ ਕੀਤਾ। ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ, ਰੱਖਿਆ ਸੇਵਾਵਾਂ ਭਲਾਈ, ਸ੍ਰੀ ਜੇ.ਐਮ ਬਾਲਾਮੁਰੂਗਨ, ਰੱਖਿਆ ਸੇਵਾਵਾਂ ਭਲਾਈ ਦੇ ਡਾਇਰੈਕਟਰ ਬ੍ਰਿਗੇਡੀਅਰ ਭੁਪਿੰਦਰ ਸਿੰਘ ਢਿੱਲੋਂ (ਸੇਵਾਮੁਕਤ), ਪੈਸਕੋ ਦੇ ਮੈਨੇਜਿੰਗ ਡਾਇਰੈਕਟਰ ਮੇਜਰ ਜਨਰਲ ਹਰਮਨਦੀਪ ਸਿੰਘ (ਸੇਵਾਮੁਕਤ) ਅਤੇ ਸਮੇਤ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਇਸਤਰੀ ਜਾਗ੍ਰਿਤੀ ਮੰਚ ਵੱਲੋਂ ਰੋਸ ਮੁਜ਼ਾਹਰਾ



**ਪਟਿਆਲਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਲਕਾਤਾ ਦੇ ਇਕ ਹਸਪਤਾਲ ਵਿੱਚ ਮਹਿਲਾ ਡਾਕਟਰ ਨਾਲ ਜਬਰ-ਜਨਾਹ ਮਗਰੋਂ ਕਤਲ ਮਾਮਲੇ ਵਿੱਚ ਪਰਿਵਾਰ ਨੂੰ ਇਨਸਾਫ ਦਿਵਾਉਣ ਤੇ ਦੇਸ਼ ਭਰ ਵਿੱਚ ਵਧ ਰਹੀਆਂ ਜਬਰ-ਜਨਾਹ ਦੀਆਂ ਘਟਨਾਵਾਂ ਖ਼ਿਲਾਫ਼ ਇਸਤਰੀ ਜਾਗ੍ਰਿਤੀ ਮੰਚ ਵੱਲੋਂ ਮੰਚ ਆਗੂ ਅਮਨ ਦਿਓ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਸਬੰਧੀ ਪੁੱਡਾ ਗਰਾਊਂਡ ਵਿੱਚ ਹੋਈ ਇਕੱਤਰਤਾ ਮਗਰੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨ ਕਰਦਾ ਹੋਇਆ ਇਹ ਕਾਫਲਾ ਡੀਸੀ ਦਫ਼ਤਰ ਪੁੱਜਿਆ ਤੇ ਏਡੀਸੀ ਰਾਹੀਂ ਰਾਸ਼ਟਰਪਤੀ ਨੂੰ ਮੰਗ ਪੱਤਰ ਦੇ ਕੇ ਪੀੜਤਾ ਲਈ ਇਨਸਾਫ਼ ਮੰਗਿਆ। ਇਸ ਮੌਕੇ ਇਸਤਰੀ ਜਾਗ੍ਰਿਤੀ ਮੰਚ ਦੀ ਸਕੱਤਰ ਅਮਨਦੀਪ ਕੌਰ ਅਤੇ ਜ਼ਿਲ੍ਹਾ ਆਗੂ ਸਪਨਾ ਨੇ ਕਿਹਾ ਦੇਸ਼ ਅੰਦਰ ਔਰਤਾਂ ਖ਼ਿਲਾਫ਼ ਜਬਰ-ਜਨਾਹ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਕੋਲਕਾਤਾ ਵਿੱਚ ਮਹਿਲਾ ਡਾਕਟਰ ਦੇ ਹੱਤਿਆ ਮਾਮਲੇ ਵਿਚ ਡੇਢ ਮਹੀਨੇ ਤੋਂ ਵੱਧ ਹੋ ਗਿਆ ਪਰ ਸਰਕਾਰ ਵੱਲੋਂ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਇਸ ਮੌਕੇ ਅਮਨਦੀਪ ਕੌਰ, ਕੁਲਜੀਤ ਕੌਰ, ਪਰਮਜੀਤ ਕੌਰ ਅਤੇ ਪੰਜਾਬ ਸਟੂਡੈਂਟ ਯੂਨੀਅਨ ਦੀ ਆਗੂ ਸਤਬੀਰ ਕੌਰ ਆਦਿ ਨੇ ਸੰਬੋਧਨ ਕੀਤਾ।

# ਲੁਧਿਆਣਾ ਦਾ ਘੁੰਗਰਾਲੀ ਬਾਇਓਗੈਸ ਪਲਾਂਟ ਪੂਰੀ ਤਰ੍ਹਾਂ ਪ੍ਰਦੂਸ਼ਣ ਮੁਕਤ ਹੋਵੇਗਾ; ਮੁੱਖ ਮੰਤਰੀ ਨੇ ਦਿੱਤਾ ਭਰੋਸਾ

**ਚੰਡੀਗੜ੍ਹ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਕਿ ਲੁਧਿਆਣਾ ਦੇ ਪਿੰਡ ਘੁੰਗਰਾਲੀ ਵਿਖੇ ਸਥਾਪਿਤ ਹੋ ਰਿਹਾ ਬਾਇਓਗੈਸ ਪਲਾਂਟ ਪੂਰੀ ਤਰ੍ਹਾਂ ਪ੍ਰਦੂਸ਼ਣ ਮੁਕਤ ਹੋਵੇਗਾ।

ਪਿੰਡ ਵਾਸੀਆਂ ਨਾਲ ਟੈਲੀਫੋਨ 'ਤੇ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਪ੍ਰਦੂਸ਼ਣ ਨੂੰ ਰੋਕਣ ਲਈ ਵਚਨਬੱਧ ਹੈ ਅਤੇ ਪ੍ਰਦੂਸ਼ਣ ਨਾਲ ਬਿਲਕੁੱਲ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਗਈ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਸਪੱਸ਼ਟ ਤੌਰ 'ਤੇ ਜਾਣੂ ਕਰਵਾਇਆ ਕਿ ਪਲਾਂਟ ਪੂਰੀ ਤਰ੍ਹਾਂ ਪ੍ਰਦੂਸ਼ਣ ਮੁਕਤ ਹੋਵੇਗਾ ਅਤੇ ਕਿਸੇ ਨੂੰ ਵੀ ਨਿਯਮਾਂ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਕਿਸੇ ਨੂੰ ਵੀ ਪ੍ਰਦੂਸ਼ਣ ਨਹੀਂ ਫੈਲਾਉਣ ਦਿੱਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਨੂੰ ਵੀ ਨਿਯਮਾਂ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਇਸ ਦਾ ਉਲੰਘਣ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਦੱਸਿਆ ਕਿ ਪਲਾਂਟ ਮਾਲਕਾਂ ਨੇ ਸੂਬਾ ਸਰਕਾਰ ਨਾਲ ਲਿਖਤੀ ਸਮਝੌਤਾ ਕੀਤਾ ਹੈ ਕਿ ਉਨ੍ਹਾਂ ਦਾ ਪਲਾਂਟ ਵਾਤਾਵਰਨ ਸਬੰਧੀ ਸਾਰੇ ਨਿਯਮਾਂ ਦੀ ਪਾਲਣਾ ਕਰੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਾਤਾਵਰਣ ਦੇ ਨਿਯਮਾਂ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਪੂਰੀ ਤਰ੍ਹਾਂ ਨਾਲ ਗੈਰ-ਵਾਜਬ ਹੈ ਅਤੇ ਇਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਪਲਾਂਟ ਨੂੰ ਮੁੜ ਚਾਲੂ ਕਰਨ ਲਈ ਸੂਬਾ ਸਰਕਾਰ ਨੂੰ ਸਹਿਯੋਗ ਕਰਨ ਲਈ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਆਪਣੀ ਸਕਾਰਾਤਮਕ ਪਹੁੰਚ ਸਦਕਾ ਪਿੰਡ ਵਾਸੀਆਂ ਨੇ ਸਰਕਾਰ ਦੇ ਕੰਮਕਾਜ ਵਿੱਚ ਪੂਰਨ ਤੌਰ ਉਤੇ ਜਨਤਕ ਸਹਿਯੋਗ ਕਰਨ ਦੀ ਨਵੀਂ ਮਿਸਾਲ ਕਾਇਮ ਕੀਤੀ। ਭਗਵੰਤ ਸਿੰਘ ਮਾਨ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਹ ਛੇਤੀ ਹੀ ਪਿੰਡ ਵਿੱਚ ਹੋਣ ਵਾਲੇ ਖੇਡ ਮੇਲੇ ਵਿੱਚ ਸ਼ਿਰਕਤ ਕਰਨਗੇ।

# ਸਵੱਛਤਾ ਹੀ ਸੇਵਾ ਮੁਹਿੰਮ ਅਧੀਨ ਸਫਾਈ ਸੇਵਕਾਂ ਨੂੰ ਵੰਡੀਆਂ ਪੀ.ਪੀ.ਕਿੱਟਾਂ



**ਫਤਹਿਗੜ੍ਹ ਸਾਹਿਬ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਅੰਦਰ ਚੱਲ ਰਹੀ ਸਵੱਛਤਾ ਹੀ ਸੇਵਾ ਮੁਹਿੰਮ ਅਧੀਨ ਨਗਰ ਕੌਂਸਲ ਸਰਹਿੰਦ, ਫ਼ਤਹਿਗੜ੍ਹ ਸਾਹਿਬ ਵਿਖੇ ਸੇਵਾਵਾਂ ਨਿਭਾ ਰਹੇ ਸਫਾਈ ਸੇਵਕਾਂ ਨੂੰ ਪੀ.ਪੀ. ਕਿੱਟਾਂ ਵੰਡੀਆਂ ਗਈਆਂ ਅਤੇ ਗਿੱਲਾ ਤੇ ਸੁੱਕਾ ਕੂੜਾ ਇਕੱਤਰ ਕਰਨ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਬਾਰੇ ਜਾਗਰੂਕ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਨਗਰ ਕੌਂਸਲ ਸਰਹਿੰਦ, ਫ਼ਤਹਿਗੜ੍ਹ ਸਾਹਿਬ ਦੇ ਕਾਰਜ ਸਾਧਕ ਅਫਸਰ ਸ਼੍ਰੀ ਸੰਗੀਤ ਕੁਮਾਰ ਨੇ ਕਿਹਾ ਕਿ ਨਗਰ ਕੌਂਸਲ ਅਧੀਨ ਕੰਮ ਕਰ ਰਹੇ ਸਫਾਈ ਕਰਮਚਾਰੀ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ। ਇਸ ਲਈ ਉਨ੍ਹਾਂ ਦੀ ਸਹੂਲਤ ਦਾ ਧਿਆਨ ਰੱਖਣਾ ਨਗਰ ਕੌਂਸਲ ਦੀ ਜਿੰਮੇਵਾਰੀ ਬਣਦੀ ਹੈ। ਉਨ੍ਹਾਂ ਕਿਹਾ ਕਿ ਸਫਾਈ ਸੇਵਕ ਸਾਡੇ ਸਮਾਜ ਦਾ ਅਹਿਮ ਹਿੱਸਾ ਹਨ ਇਸ ਲਈ ਨਾਗਰਿਕਾਂ ਨੂੰ ਚਾਹੀਦਾ ਹੈ ਕਿ ਸਫਾਈ ਸੇਵਕਾਂ ਨੂੰ ਬਣਦਾ ਮਾਣ ਸਨਮਾਨ ਦੇ ਕੇ ਉਨ੍ਹਾਂ ਦਾ ਸਹਿਯੋਗ ਕੀਤਾ ਜਾਵੇ। ਇਸ ਮੌਕੇ ਨਗਰ ਕੌਂਸਲ ਦੀਆਂ ਟੀਮਾਂ ਵੱਲੋਂ ਡੋਰ-ਟੂ-ਡੋਰ ਕੂੜਾ ਇਕੱਤਰ ਕਰਨ ਵਾਲੇ ਸਫਾਈ ਸੇਵਕਾਂ ਨੂੰ ਗਿੱਲਾ ਤੇ ਸੁੱਕਾ ਕੂੜਾ ਵੱਖ-ਵੱਖ ਕਰਨ ਸਬੰਧੀ ਵੀ ਦੱਸਿਆ ਗਿਆ। ਇਸ ਮੌਕੇ ਸੈਨੇਟਰੀ ਇੰਸਪੈਕਟਰ ਮਨੋਜ ਕੁਮਾਰ ਨੇ ਦੱਸਿਆ ਕਿ ਸਫਾਈ ਸੇਵਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਅੱਜ ਦਸਤਾਨੇ, ਸੇਫਟੀ ਜੈਕਟ ਅਤੇ ਹੋਰ ਸਮਗਰੀ ਦਿੱਤੀ ਗਈ ਹੈ ਤਾਂ ਜੋ ਸਫਾਈ ਸੇਵਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਸਵੱਛਤਾ ਹੀ ਸੇਵਾ ਮੁਹਿੰਮ ਦੇ ਅੰਤਿਮ ਦਿਨ 05 ਅਕਤੂਬਰ ਨੂੰ ਸਫਾਈ ਸੇਵਕਾਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ ਤੇ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਸਫਾਈ ਸੇਵਕਾਂ ਨੂੰ ਕਿਹਾ ਕਿ ਗਿੱਲਾ ਤੇ ਸੁੱਕਾ ਕੂੜਾ ਵੱਖ-ਵੱਖ ਕਰਕੇ ਹੀ ਇਕੱਤਰ ਕੀਤਾ ਜਾਵੇ ਤਾਂ ਜੋ ਸ਼ਹਿਰ ਦੀ ਸੁੰਦਰਤਾ ਨੂੰ ਹੋਰ ਵੀ ਨਿਖਾਰਿਆ ਜਾ ਸਕੇ। ਇਸ ਮੌਕੇ ਸੈਨੀਟੇਸ਼ਨ ਸੁਪਰਡੈਂਟ ਸੰਦੀਪ ਸ਼ਰਮਾ, ਸੀ.ਐਫ. ਹਰਪ੍ਰੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਫਾਈ ਸੇਵਕ ਹਾਜਰ ਸਨ।

# ਫਤਿਹਪੁਰ ਵਿੱਚ ਔਰਤ ਦੀ ਭੇਤ-ਭਰੀ ਹਾਲਤ 'ਚ ਮੌਤ

**ਸਮਾਣਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਪਿੰਡ ਫਤਿਹਪੁਰ ਵਿੱਚ ਇਕ ਔਰਤ ਦੀ ਭੇਤ-ਭਰੀ ਮੌਤ ਹੋ ਗਈ। ਮ੍ਰਿਤਕਾ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ ਹੈ। ਮ੍ਰਿਤਕਾ ਕਰਮਜੀਤ ਕੌਰ ਦੀ ਮਾਤਾ ਜਸਪਾਲ ਕੌਰ ਵਾਸੀ ਸਨੌਰ ਨੇ ਦੱਸਿਆ ਕਿ ਉਸ ਦੀ ਲੜਕੀ ਦਾ ਵਿਆਹ 10 ਸਾਲ ਪਹਿਲਾਂ ਗੁਰਜੀਤ ਸਿੰਘ ਵਾਸੀ ਪਿੰਡ ਫਤਿਹਪੁਰ ਨਾਲ ਹੋਇਆ ਸੀ। ਉਨ੍ਹਾਂ ਨੇ ਆਪਣੀ ਧੀ ਦਾ ਵਿਆਹ ਗੁੰਜਾਇਸ਼ ਤੋਂ ਵੱਧ ਦਾਜ ਦੇ ਕੇ ਕੀਤਾ ਸੀ।

ਇਸ ਦੌਰਾਨ ਉਸ ਨੇ ਸਹੁਰਾ ਪਰਿਵਾਰ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਉਹ ਹੋਰ ਦਾਜ ਦੀ ਮੰਗ ਕਰਦੇ ਸਨ ਅਤੇ ਦਾਜ ਨਾ ਦੇਣ 'ਤੇ ਸਹੁਰਾ ਪਰਿਵਾਰ ਵੱਲੋਂ ਉਸ ਦੀ ਕੁੱਟਮਾਰ ਕੀਤੀ ਜਾਂਦੀ ਸੀ। ਕੁੱਟਮਾਰ ਦੇ ਡਰ ਤੋਂ ਉਨ੍ਹਾਂ ਨੇ ਆਪਣੀ ਧੀ ਨੂੰ ਤਕਰੀਬਨ ਇੱਕ ਸਾਲ ਤੱਕ ਆਪਣੇ ਘਰ ਰੱਖਿਆ ਅਤੇ ਝਗੜੇ ਨੂੰ ਖਤਮ ਕਰਨ ਲਈ ਕਈ ਵਾਰ ਪੰਚਾਇਤ ਵੀ ਹੋਈ। ਰਿਸ਼ਤੇਦਾਰਾਂ ਦੇ ਵਿੱਚ ਪੈਣ ਕਾਰਨ ਲੜਕੀ ਆਪਣੇ ਸਹੁਰੇ ਘਰ ਚੱਲੀ ਗਈ ਤੇ ਸਹੁਰਾ ਪਰਿਵਾਰ ਇਸ ਦੀ ਕੁੱਟਮਾਰ ਕਰਨ ਤੋਂ ਨਹੀਂ ਰੁਕਿਆ ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਸਬੰਧੀ ਏਐੱਸਆਈ ਭਗਵੰਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਮ੍ਰਿਤਕ ਕਰਮਜੀਤ ਕੌਰ ਦੇ ਪਿਤਾ ਹਰਦੇਵ ਸਿੰਘ ਵਾਸੀ ਸਨੌਰ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ ਮ੍ਰਿਤਕਾ ਦਾ ਪੋਸਟਮਾਰਟਮ ਕਰਵਾਉਣ ਉਪਰੰਤ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਹੈ।

# ਸਿਹਤ ਵਿਭਾਗ ਫਾਜਿਲਕਾ ਵੱਲੋਂ ਨੈਸ਼ਨਲ ਸਵੈ-ਇਛੁੱਕ ਖੂਨਦਾਨ ਦਿਵਸ ਤੇ ਸਿਵਲ ਹਸਪਤਾਲ ਫਾਜਿਲਕਾ ਵਿਖੇ ਕੀਤਾ ਜਾਗਰੂਕਤਾ ਸਮਾਗਮ

**ਫਾਜ਼ਿਲਕਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਸਰਕਾਰ ਜੀ ਦੀਆਂ ਹਦਾਇਤਾਂ ਅਨੁਸਾਰ ਡਾ ਐਰਿਕ ਕਾਰਜਕਾਰੀ ਸਿਵਲ ਸਰਜਨ ਫਾਜਿਲਕਾ ਦੀ ਦੇਖ ਰੇਖ ਵਿੱਚ ਜਿਲ੍ਹਾ ਫਾਜਿਲਕਾ ਵਿੱਚ 17 ਸਤੰਬਰ ਤੋਂ 17 ਅਕਤੂਬਰ 2024 ਤੱਕ ਸਵੈ ਇੱਛੁਕ ਖੂਨਦਾਨ ਮਹੀਨਾ ਮਨਾਇਆ ਜਾ ਰਿਹਾ ਹੈ। ਨੈਸ਼ਨਲ ਸਵੈ ਇਛੁੱਕ ਖੂਨਦਾਨ ਦਿਵਸ ਦੇ ਸਬੰਧ ਵਿੱਚ ਅੱਜ ਸਿਵਲ ਹਸਪਤਾਲ ਫਾਜਿਲਕਾ ਵਿਖੇ ਜਾਗਰੂਕਤਾ ਸਮਾਗਮ ਕੀਤਾ ਗਿਆ। ਇਸ ਸਮੇਂ ਡਾ ਐਰਿਕ ਨੇ ਦੱਸਿਆ ਕਿ ਇਹ ਦਿਨ ਮਨਾਉਣ ਦਾ ਮਕਸਦ ਸਿਹਤ ਵਿਭਾਗ ਵੱਲੋਂ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਮੀਡੀਏ ਦੇ ਸਹਿਯੋਗ ਨਾਲ ਆਮ ਲੋਕਾਂ ਨੂੰ ਸਵੈ-ਇਛੁੱਕ ਖੂਨ ਦਾਨ ਕਰਨ ਲਈ ਪ੍ਰੇਰਿਤ ਕਰਨਾ, ਖੂਨਦਾਨ ਕੈਂਪ ਲਗਾਉਣਾ ਅਤੇ ਖੂਨਦਾਨ ਕਰਨ ਵਾਲੇ ਡੋਨਰਾਂ ਅਤੇ ਸੁਸਾਇਟੀਆਂ ਨੂੰ ਸਨਮਾਨਿਤ ਕਰਨਾ ਹੈ। ਉਹਨਾਂ ਕਿਹਾ ਕਿ ਖੂਨ ਦੀ ਇੱਕ ਯੂਨਿਟ ਨਾਲ ਦੋ ਜਾਂ ਤਿਨ ਵਿਅਕਤੀਆਂ ਦੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਖੂਨਦਾਨ ਕਰਨਾ ਸਭ ਤੋਂ ਪਵਿੱਤਰ ਸਮਾਜਿਕ ਫਰਜ਼ ਹੈ ਅਤੇ ਹਰ ਵਿਅਕਤੀ ਨੂੰ ਇਸ ਨੇਕ ਕਾਰਜ ਲਈ ਅੱਗੇ ਆਉਣਾ ਚਾਹੀਦਾ ਹੈ।

ਡਾ ਸੁਖਮਣੀ ਬੀਟੀਓ ਨੇ ਦੱਸਿਆ ਕਿ 18 ਤੋਂ 65 ਸਾਲ ਅਤੇ ਘੱਟੋ ਘੱਟ 50 ਕਿਲੋਗਰਾਮ ਭਾਰ ਦਾ ਕੋਈ ਵੀ ਤੰਦਰੁਸਤ ਵਿਅਕਤੀ ਹਰੇਕ 3 ਮਹੀਨਿਆਂ ਬਾਅਦ ਖੂਨ ਦਾਨ ਕਰ ਸਕਦਾ ਹੈ।

ਖੂਨਦਾਨ ਕਰਨ ਦਾ ਸਰੀਰ ਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ ਅਤੇ ਦਾਨ ਕੀਤਾ ਖੂਨ 24 ਘੰਟੇ ਤੋਂ 7 ਦਿਨਾਂ ਤੱਕ ਮਨੁੱਖੀ ਸਰੀਰ ਵਿਚ ਦੁਬਾਰਾ ਪੈਦਾ ਹੋ ਜਾਂਦਾ ਹੈ।

ਉਹਨਾਂ ਕਿਹਾ ਕਿ ਖੂਨ ਦਾ ਕੋਈ ਬਦਲ ਨਹੀਂ ਹੋ ਸਕਦਾ।ਉਹਨਾਂ ਕਿਹਾ ਕਿ ਸਵੈ ਸੇਵੀ ਸੰਸਥਾਵਾਂ, ਖੂਨਦਾਨ ਸੋਸਾਇਟੀਆਂ ਅਤੇ ਸਟਾਰ ਡੋਨਰ ਪਹਿਲਾਂ ਵੀ ਸਿਹਤ ਵਿਭਾਗ ਦੇ ਪਹਿਲੇ ਸੱਦੇ ਤੇ ਹਰੇਕ ਤਰ੍ਹਾਂ ਦਾ ਸਹਿਯੋਗ ਦਿੰਦੀਆਂ ਰਹੀਆਂ ਹਨ ਅਤੇ ਅੱਗੇ ਤੋਂ ਵੀ ਸਹਿਯੋਗ ਦੇਣ ਦੀ ਅਪੀਲ ਕੀਤੀ। ਉਹਨਾਂ ਦੱਸਿਆ ਕਿ 29 ਸਤੰਬਰ ਨੂੰ ਖੂਨ ਦਾਨ ਕੈਂਪ ਲਗਾਇਆ ਗਿਆ ਸੀ ਅਤੇ ਆਉਣ ਵਾਲੇ ਦਿਨਾਂ ਵਿੱਚ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਗਾਏ ਜਾਣਗੇ।

ਇਸ ਸਮੇਂ ਵਿਨੋਦ ਖੁਰਾਣਾ ਅਤੇ ਦਿਵੇਸ਼ ਕੁਮਾਰ ਨੇ ਦੱਸਿਆ ਕਿ ਵੱਖ ਵੱਖ ਨਾਜ਼ੁਕ ਹਾਲਤਾਂ ਜਿਵੇਂ ਦੁਰਘਟਨਾ, ਬੱਚੇ ਦੀ ਜਨਮ, ਥੈਲੇਸੀਮੀਆ ਅਤੇ ਕੈਂਸਰ ਆਦਿ ਬਿਮਾਰੀਆਂ ਵਿੱਚ ਖੂਨ ਦੀ ਜਰੂਰਤ ਨੂੰ ਗੰਭੀਰਤਾ ਨਾਲ ਮਹਿਸੂਸ ਕੀਤਾ ਜਾਂਦਾ ਹੈ। ਇਸ ਸਮੇਂ ਸੁਖਦੇਵ ਸਿੰਘ ਆਦਿ ਹਾਜ਼ਰ ਸਨ।

# ਸ਼ੰਭੂ ਬਾਰਡਰ 'ਤੇ ਬਿਮਾਰ ਹੋਏ ਕਿਸਾਨ ਨੇ ਦਮ ਤੋੜਿਆ

**ਪਟਿਆਲਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੰਭੂ ਬਾਰਡਰ 'ਤੇ ਜਾਰੀ ਕਿਸਾਨ ਧਰਨੇ ਦੌਰਾਨ ਹਿੱਸਾ ਲੈਂਦੇ ਆ ਰਹੇ ਪਟਿਆਲਾ ਜ਼ਿਲ੍ਹੇ ਦੇ ਬੰਮ੍ਹਣਾ ਪਿੰਡ ਦੇ 62 ਸਾਲਾ ਕਿਸਾਨ ਗੰਗਾ ਰਾਮ ਦੀ ਅੱਜ ਮੌਤ ਹੋ ਗਈ।

ਉਹ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਨਾਲ ਸਬੰਧਤ ਸਨ। ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਸਵਾਜਪੁਰ ਨੇ ਦੱਸਿਆ ਕਿ ਗੰਗਾ ਰਾਮ ਪਿਛਲੇ ਕਈ ਦਿਨਾਂ ਤੋਂ ਸ਼ੰਭੂ ਵਿੱਚ ਧਰਨੇ ਵਿੱਚ ਸ਼ਾਮਲ ਹੁੰਦਾ ਆ ਰਿਹਾ ਸੀ ਪਰ ਪਿਛਲੇ ਦਿਨੀਂ ਉਸ ਦੀ ਸਿਹਤ ਖ਼ਰਾਬ ਹੋਣ ਮਗਰੋਂ ਉਸ ਨੂੰ ਸਿਵਲ ਹਸਪਤਾਲ ਰਾਜਪੁਰਾ ਵਿੱਚ ਦਾਖ਼ਲ ਕਰਵਾ ਦਿੱਤਾ ਗਿਆ ਸੀ। 30 ਸਤੰਬਰ ਦੀ ਰਾਤ ਨੂੰ ਉਹ ਘਰ ਆਇਆ ਸੀ ਪਰ ਅੱਜ ਪਹਿਲੀ ਅਕਤੂਬਰ ਨੂੰ ਉਸ ਦੀ ਮੌਤ ਹੋ ਗਈ। ਇਸ ਮਗਰੋਂ ਉਸ ਦੀ ਮ੍ਰਿਤਕ ਦੇਹ ਪਰਿਵਾਰਕ ਮੈਂਬਰਾਂ ਵੱਲੋਂ ਸਿਵਲ ਹਸਪਤਾਲ ਸਮਾਣਾ ਵਿੱਚ ਲਿਆਂਦੀ ਗਈ। ਪੁਲੀਸ ਨੇ ਪੋਸਟਮਾਰਟਮ ਉਪਰੰਤ ਲਾਸ਼ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ ਹੈ।

# ਸੋਸ਼ਲ ਮੀਡੀਆ 'ਤੇ ਹਥਿਆਰਾਂ ਦੀ ਵਡਿਆਈ ਕਰਨ ਵਾਲੀ ਪੋਸਟ 'ਤੇ ਰੋਕ : ਜ਼ਿਲ੍ਹਾ ਮੈਜਿਸਟ੍ਰੇਟ

**ਬਠਿੰਡਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਭਾਰਤੀ ਨਾਗਰਿਕ ਸੁਰਖਿਆ ਸੰਹਿਤਾ ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤੇ ਹਨ।

ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਜ਼ਿਲ੍ਹੇ ਦੀ ਖੇਤਰੀ ਸੀਮਾ ਦੇ ਅੰਦਰ ਕਿਸੇ ਵੀ ਮੇਲੇ, ਧਾਰਮਿਕ ਜਲੂਸ, ਵਿਆਹ-ਸ਼ਾਦੀ, ਜਲੂਸ ਜਾਂ ਕਿਸੇ ਹੋਰ ਇਕੱਠ ਜਾਂ ਕਿਸੇ ਵਿਦਿਅਕ ਅਦਾਰੇ, ਕੈਂਪਸ ਦੀ ਹਦੂਦ ਅੰਦਰ ਜਾਂ ਅਹਾਤੇ ਅੰਦਰ ਕੋਈ ਵੀ ਵਿਅਕਤੀ ਹਥਿਆਰ ਨਹੀਂ ਲੈ ਕੇ ਜਾਵੇਗਾ। ਜ਼ਿਲ੍ਹੇ ਦੀ ਖੇਤਰੀ ਸੀਮਾ ਦੇ ਅੰਦਰ ਕਿਸੇ ਵੀ ਸਥਾਨ 'ਤੇ ਕੋਈ ਵੀ ਜਨਤਾ ਦਾ ਮੈਂਬਰ ਕਿਸੇ ਵੀ ਤਿੱਖੇ ਧਾਰ ਵਾਲੇ ਹਥਿਆਰਾਂ/ਬੰਦੂਕ ਹਥਿਆਰਾਂ ਸਮੇਤ ਹਥਿਆਰਾਂ ਦੀ ਨਿਸ਼ਾਨਦੇਹੀ ਜਾਂ ਪ੍ਰਦਰਸ਼ਨ ਨਹੀਂ ਕਰੇਗਾ।

ਹੁਕਮ ਅਨੁਸਾਰ ਜਨਤਾ ਦਾ ਕੋਈ ਵੀ ਮੈਂਬਰ ਸ਼ੋਸਲ ਮੀਡੀਆਂ 'ਤੇ ਹਥਿਆਰਾਂ ਦੀ ਪ੍ਰਦਰਸ਼ਨੀ ਜਾਂ ਪ੍ਰਮੋਸ਼ਨ ਕਰਨ ਵਾਲੀ ਕੋਈ ਤਸਵੀਰ ਜਾਂ ਵੀਡੀਓ ਅਪਲੋਡ ਨਹੀਂ ਕਰੇਗਾ ਅਤੇ ਨਾ ਹੀ ਹਥਿਆਰਾਂ ਦੀ ਵਰਤੋਂ ਦੀ ਵਡਿਆਈ ਕਰਨ ਵਾਲਾ ਕੋਈ ਟੈਕਸਟ ਪੋਸਟ ਪਾਵੇਗਾ ਤੇ ਨਾ ਸ਼ੇਅਰ ਕਰੇਗਾ। ਕੋਈ ਵੀ ਵਿਅਕਤੀ ਕਿਸੇ ਵੀ ਸਮਾਗਮ/ਕਾਰਜ/ਪ੍ਰੋਗਰਾਮ ਆਦਿ 'ਚ ਕੋਈ ਅਜਿਹਾ ਗੀਤ ਨਹੀਂ ਗਾਏਗਾ ਅਤੇ ਨਾ ਹੀ ਅਜਿਹਾ ਕੋਈ ਨਾਟਕ ਖੇਡੇਗਾ, ਜਿਸ ਨਾਲ ਹਥਿਆਰਾਂ ਦੀ ਪ੍ਰਦਰਸ਼ਨੀ ਜਾਂ ਪ੍ਰਮੋਸ਼ਨ ਹੁੰਦੀ ਹੋਵੇ।

ਇਹ ਹੁਕਮ ਆਰਮਡ ਫੋਰਸਿਜ਼ ਦੇ ਮੈਂਬਰਾਂ, ਪੁਲਿਸ, ਹੋਮ ਗਰੇਡਾਂ ਜਾਂ ਅਜਿਹੇ ਹੋਰ ਸਰਕਾਰੀ ਕਰਮਚਾਰੀਆਂ 'ਤੇ ਲਾਗੂ ਨਹੀਂ ਹੋਵੇਗਾ ਜਿਨ੍ਹਾਂ ਕੋਲ ਰਾਜ ਦੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਹਥਿਆਰ ਹਨ, ਜੋ ਸੁਰੱਖਿਆ ਗਾਰਡਾਂ ਦੇ ਕਰਮਚਾਰੀ ਵਿਦਿਅਕ ਅਤੇ ਵਪਾਰਕ ਅਦਾਰੇ ਹੋਟਲ ਵਿਆਹ ਸਥਾਨ ਆਦਿ 'ਤੇ ਆਪਣੀ ਡਿਊਟੀ ਨਿਭਾਅ ਰਹੇ ਹਨ 'ਤੇ ਲਾਗੂ ਨਹੀਂ ਹੋਵੇਗਾ।

# ਪ੍ਰੀਗੈਬਾਲਿਨ ਦਵਾਈ ਦੀ ਵਿਕਰੀ 'ਤੇ ਮੁਕੰਮਲ ਰੋਕ : ਜ਼ਿਲ੍ਹਾ ਮੈਜਿਸਟ੍ਰੇਟ

**ਬਠਿੰਡਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਭਾਰਤੀ ਨਾਗਰਿਕ ਸੁਰਖਿਆ ਸੰਹਿਤਾ ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮ ਅਨੁਸਾਰੀ ਜ਼ਿਲ੍ਹੇ ਵਿੱਚ ਪ੍ਰੀਗੈਬਾਲਿਨ (Pregabalin) 75 ਐਮ.ਜੀ. ਦੇ ਕੈਪਸੂਲ ਤੇ ਗੋਲੀਆਂ ਦੀ ਵਿਕਰੀ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਈ ਹੈ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਕੈਮਿਸਟ ਵੱਲੋਂ ਦਵਾਈ ਦੇਣ ਸਮੇਂ ਪ੍ਰਿਸਕ੍ਰਿਪਸ਼ਨ ਸਲਿੱਪ 'ਤੇ ਆਪਣੀ ਮੋਹਰ ਲਗਾਈ ਜਾਵੇਗੀ ਤੇ ਦਵਾਈ ਦੇਣ ਦੀ ਮਿਤੀ ਦਰਜ ਕੀਤੀ ਜਾਵੇ।

ਜਾਰੀ ਹੁਕਮ ਅਨੁਸਾਰ ਸਿਵਲ ਸਰਜਨ ਬਠਿੰਡਾ ਦੇ ਪੱਤਰ ਉੱਤੇ ਕੀਤੀ ਗਈ ਕਾਰਵਾਈ ਸਬੰਧੀ ਜਾਰੀ ਕੀਤਾ ਗਿਆ ਹੈ। ਸਿਵਲ ਸਰਜਨ ਨੇ ਆਪਣੀ ਰਿਪੋਰਟ 'ਚ ਦੱਸਿਆ ਹੈ ਕਿ ਕੈਪਸੂਲ ਦਾ ਆਮ ਲੋਕਾਂ ਵੱਲੋਂ ਮੈਡੀਕਲ ਨਸ਼ੇ ਵਜੋਂ ਸੇਵਨ ਕੀਤਾ ਜਾ ਰਿਹਾ ਹੈ। ਉਨ੍ਹਾਂ ਵੱਲੋਂ ਕੈਪਸੂਲ ਦੀ ਵਿਕਰੀ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ। ਜਾਰੀ ਹੁਕਮ ਅਨੁਸਾਰ ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ, ਕੈਮਿਸਟ/ਮੈਡੀਕਲ ਸਟੋਰ ਦੇ ਮਾਲਕ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਜਾਂ ਕੋਈ ਹੋਰ ਵਿਅਕਤੀ ਪ੍ਰੀਗੈਬਾਲਿਨ 75 ਮਿਲੀਗ੍ਰਾਮ ਦੀ ਅਸਲ ਪਰਚੀ ਤੋਂ ਬਿਨਾਂ ਨਹੀਂ ਵੇਚੇਗਾ। ਪ੍ਰੀਗੈਬਾਲਿਨ (75 ਮਿਲੀਗ੍ਰਾਮ ਤੱਕ) ਦੀ ਖਰੀਦ ਅਤੇ ਵਿਕਰੀ ਦਾ ਸਹੀ ਰਿਕਾਰਡ ਰੱਖਣ ਤੋਂ ਇਲਾਵਾ, ਉਹ ਇਨ੍ਹਾਂ ਵੇਰਵਿਆਂ ਕੈਮਿਸਟ/ਰਿਟੇਲਰ ਦਾ ਵਪਾਰਕ ਨਾਮ, ਵੰਡਣ ਦੀ ਮਿਤੀ, ਵੰਡੀਆਂ ਗਈਆਂ ਗੋਲੀਆਂ ਦੀ ਸੰਖਿਆ ਵਾਲੀ ਅਸਲ ਪਰਚੀ 'ਤੇ ਮੋਹਰ ਵੀ ਲਗਾਉਣਾ ਯਕੀਨੀ ਬਣਾਉਣਗੇ। ਹੁਕਮ ਅਨੁਸਾਰ ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ, ਕੈਮਿਸਟ/ਮੈਡੀਕਲ ਸਟੋਰ ਦੇ ਮਾਲਕ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਵਾਲੇ ਸਲਿੱਪ ਦੀ ਸਹੀ ਪੜਚੋਲ ਕਰਕੇ ਇਹ ਯਕੀਨੀ ਬਣਾਉਣਗੇ ਕਿ ਪ੍ਰੀਗੈਬਾਲਿਨ ਕੈਪਸੂਲ ਤੇ ਗੋਲੀਆਂ ਦੀ ਅਸਲ ਸਲਿੱਪ ਦੇ ਵਿਰੁੱਧ ਪਹਿਲਾਂ ਕਿਸੇ ਹੋਰ ਡਰੱਗ ਵਿਕਰੇਤਾ ਦੁਆਰਾ ਉਪਰੋਕਤ ਕੈਪਸੂਲ ਨਹੀਂ ਦਿੱਤਾ ਗਿਆ ਹੈ।

# ਪੂਰਨ ਪਾਰਦਰਸ਼ੀ ਢੰਗ ਨਾਲ ਚੱਲ ਰਹੀ ਹੈ ਚੋਣ ਪ੍ਰਕਿਰਿਆ: ਵਧੀਕ ਡਿਪਟੀ ਕਮਿਸ਼ਨਰ

**ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਵੱਲੋਂ ਕੀਤੀ ਜਾਣ ਵਾਲੀ ਅਣਗਹਿਲੀ ਨਹੀਂ ਕੀਤੀ ਜਾਵੇਗੀ ਬਰਦਾਸ਼ਤ**

**ਫਤਹਿਗੜ੍ਹ ਸਾਹਿਬ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹੇ ਵਿੱਚ ਪੰਚਾਇਤੀ ਚੋਣਾਂ ਸਬੰਧੀ ਚੋਣ ਪ੍ਰਕਿਰਿਆ ਪੂਰਨ ਪਾਰਦਰਸ਼ੀ ਢੰਗ ਨਾਲ ਜਾਰੀ ਹੈ ਤੇ ਇਹ ਚੋਣ ਅਮਲ ਪੂਰਨ ਪਾਰਦਰਸ਼ੀ ਢੰਗ ਨਾਲ ਹੀ ਨੇਪਰੇ ਚਾੜ੍ਹਿਆ ਜਾਵੇਗਾ। ਇਹਨਾਂ ਚੋਣਾਂ ਸਬੰਧੀ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਵੱਲੋਂ ਕੀਤੀ ਜਾਣ ਵਾਲੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ, (ਵਿਕਾਸ) ਸ. ਸੁਰਿੰਦਰ ਸਿੰਘ ਧਾਲੀਵਾਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੰਚਾਇਤੀ ਚੋਣਾਂ ਬਾਬਤ ਗੱਲਬਾਤ ਕਰਦਿਆਂ ਕੀਤਾ। ਉਹਨਾਂ ਦੱਸਿਆ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਚੋਣ ਪ੍ਰਕਿਰਿਆ ਸੁਚੱਜੇ ਢੰਗ ਨਾਲ ਜਾਰੀ ਹੈ ਤੇ ਕਿਸੇ ਕਿਸਮ ਦੀ ਅਣਗਹਿਲੀ ਜਾਂ ਲਾਪਰਵਾਹੀ ਦੀ ਕੋਈ ਗੁੰਜਾਇਸ਼ ਨਹੀਂ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਮੀਦਵਾਰਾਂ ਵੱਲੋਂ ਨਾਮਜ਼ਦਗੀਆਂ ਭਰਨ ਸਬੰਧੀ ਰਾਜ ਚੋਣ ਕਮਿਸ਼ਨ, ਪੰਜਾਬ, ਵੱਲੋਂ ਜਾਰੀ ਹਦਾਇਤਾਂ ਮੁਤਾਬਕ ਜੇਕਰ ਕਿਸੇ ਉਮੀਦਵਾਰ ਨੂੰ ਆਪਣੇ ਵੱਲੋਂ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਨਾਮਜ਼ਦਗੀ ਪੱਤਰ ਦੇ ਨਾਲ ਲਾਉਣ ਲਈ ਕਿਸੇ ਵੀ ਕਿਸਮ ਦੇ ਟੈਕਸ ਦੇ ਏਰੀਅਰ ਦੇ ਬਕਾਏ ਜਾਂ ਕਿਸੇ ਵੀ ਕਿਸਮ ਦੇ ਹੋਰ ਬਕਾਏ ਬਾਬਤ ਨੋ ਡੀਊ ਸਰਟੀਫਿਕੇਟ (ਐਨ.ਡੀ.ਸੀ.) ਸਬੰਧਤ ਅਥਾਰਟੀ ਵੱਲੋਂ ਜਾਰੀ ਨਹੀਂ ਹੁੰਦਾ ਜਾਂ ਕਿਸੇ ਵੀ ਅਥਾਰਟੀ ਦੀ ਕਿਸੇ ਵੀ ਕਿਸਮ ਦੀ ਜਾਇਦਾਦ ਉੱਤੇ ਕਬਜ਼ੇ ਸਬੰਧੀ ਨੋ ਅਬਜੈਕਸ਼ਨ ਸਰਟੀਫਿਕੇਟ (ਐਨ.ਓ.ਸੀ) ਜਾਰੀ ਨਹੀਂ ਹੁੰਦਾ ਤਾਂ ਸਬੰਧਤ ਉਮੀਦਵਾਰ ਆਪਣੇ ਵੱਲੋਂ ਇੱਕ ਹਲਫਨਾਮਾ ਨਾਮਜ਼ਦਗੀ ਪੱਤਰ ਦੇ ਨਾਲ ਲਾ ਕੇ ਕਾਗਜ਼ ਦਾਖਲ ਕਰ ਸਕਦਾ ਹੈ।

ਉਮੀਦਵਾਰ ਇਹ ਹਲਫਨਾਮਾ ਦੇਵੇਗਾ ਕਿ ਪੰਜਾਬ ਰਾਜ ਚੋਣ ਕਮਿਸ਼ਨ ਐਕਟ 1994 ਬਾਬਤ ਉਸ ਦੇ ਵੱਲ ਕਿਸੇ ਵੀ ਕਿਸਮ ਦੇ ਟੈਕਸਾਂ ਦੇ ਏਰੀਅਰ ਦਾ ਬਕਾਇਆ ਜਾਂ ਕੋਈ ਹੋਰ ਬਕਾਇਆ ਨਹੀਂ ਖੜ੍ਹਾ ਹੈ। ਨਾ ਹੀ ਕਿਸੇ ਅਥਾਰਟੀ ਦੀ ਜਾਇਦਾਦ ਉੱਤੇ ਉਸ ਵੱਲੋਂ ਕੋਈ ਨਾਜਾਇਜ਼ ਕਬਜ਼ਾ ਕੀਤਾ ਗਿਆ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰਿਟਰਨਿੰਗ ਅਫ਼ਸਰ (ਆਰ.ਓ.) ਵੱਲੋਂ ਅਜਿਹੇ ਨਾਮਜ਼ਦਗੀ ਪੱਤਰ ਸਬੰਧਤ ਅਥਾਰਟੀਆਂ ਨੂੰ 24 ਘੰਟਿਆਂ ਦੇ ਵਿੱਚ-ਵਿੱਚ ਰਿਪੋਰਟ ਦੇਣ ਦੀ ਹਦਾਇਤ ਦੇ ਨਾਲ ਭੇਜੇ ਜਾਣਗੇ। ਜੇਕਰ 24 ਘੰਟਿਆਂ ਦੇ ਵਿੱਚ-ਵਿੱਚ ਸਬੰਧਤ ਅਥਾਰਟੀ ਵੱਲੋਂ ਰਿਪੋਰਟ ਨਹੀਂ ਦਿੱਤੀ ਜਾਂਦੀ ਤਾਂ ਇਹ ਮੰਨ ਲਿਆ ਜਾਵੇਗਾ ਕਿ ਪੰਜਾਬ ਰਾਜ ਚੋਣ ਕਮਿਸ਼ਨ ਐਕਟ 1994 ਸਬੰਧੀ ਉਮੀਦਵਾਰ ਕਿਸੇ ਵੀ ਕਿਸਮ ਦਾ ਡਿਫਾਲਟਰ ਨਹੀਂ ਹੈ ਅਤੇ ਨਾ ਹੀ ਉਸ ਨੇ ਅਣ ਅਧਿਕਾਰਤ ਤੌਰ 'ਤੇ ਕੋਈ ਕਬਜ਼ਾ ਕੀਤਾ ਹੋਇਆ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮੂਹ ਅਧਿਕਾਰੀਆਂ ਨੂੰ ਇਹਨਾਂ ਹਦਾਇਤਾਂ ਦੀ ਇਨ-ਬਿਨ ਪਾਲਣਾ ਯਕੀਨੀ ਬਣਾਉਣ ਲਈ ਕਹਿ ਦਿੱਤਾ ਗਿਆ ਹੈ।

# ਸਰਪੰਚੀ ਲਈ 2 ਕਰੋੜ ਦੀ ਬੋਲੀ ਲਾਉਣ ਵਾਲੇ ਦੀ ਖੈਰ ਨਹੀਂ

**ਗੁਰਦਾਸਪੁਰ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਜ਼ਿਲ੍ਹਾ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਦੇ ਪਿੰਡ ਹਰਦੋਵਾਲ ਕਲਾਂ 'ਚ ਸਰਪੰਚੀ ਲਈ 2 ਕਰੋੜ ਦੀ ਬੋਲੀ ਲਗਾਈ ਗਈ ਸੀ।

ਪਰ ਹੁਣ ਉਕਤ ਸਰਪੰਚ ਆਹੁਦੇ ਲਈ 2 ਕਰੋੜ ਰੁਪਏ ਬੋਲੀ ਲਗਾਉਣ ਵਾਲੇ ਵਿਅਕਤੀ ਨੇ ਚੋਣ ਲੜਨ ਦਾ ਐਲਾਨ ਕੀਤਾ ਹੈ, ਪਰ ਇਸ ਮਾਮਲੇ 'ਚ ਗੁਰਦਾਸਪੁਰ ਦੇ ਡੀ.ਸੀ ਵੱਲੋਂ ਜਾਂਚ ਦੇ ਆਦੇਸ਼ ਦਿੱਤੇ ਗਏ।

**ਡੀ.ਸੀ ਨੇ ਦਿੱਤੇ ਜਾਂਚ ਦੇ ਆਦੇਸ਼**

ਦੂਜੇ ਪਾਸੇ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਗੁਰਦਾਸਪੁਰ ਵੱਲੋਂ ਡੇਰਾ ਬਾਬਾ ਨਾਨਕ ਦੇ ਪਿੰਡ ਹਰਦੋਵਾਲ ਵਿਚ ਖੁਦ ਨੂੰ ਭਾਜਪਾ ਨੇਤਾ ਆਤਮਾ ਸਿੰਘ ਦੱਸਣ ਵਾਲੇ ਵਿਅਕਤੀ ਵੱਲੋਂ ਦੋ ਕਰੋੜ ਬੋਲੀ ਲਗਾਉਣ ਦੇ ਮਾਮਲੇ 'ਚ ਜਾਂਚ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਰਿਪੋਰਟ ਆਉਣ ਦੇ ਬਾਅਦ ਮਾਮਲੇ 'ਚ ਉਚਿੱਤ ਕਾਰਵਾਈ ਕੀਤੀ ਜਾਵੇਗੀ। ਇਸ ਕੇਸ ਦੀ ਜਾਂਚ ਏ.ਡੀ.ਸੀ ਅਤੇ ਐੱਸ.ਡੀ.ਐੱਮ ਨੂੰ ਜਾਂਚ ਸੌਂਪੀ ਹੈ।

# ਜਗੀਰ ਕੌਰ ਵਿਰੁੱਧ ਸ਼ਿਕਾਇਤਾਂ ਸਿਆਸਤ ਤੋਂ ਪ੍ਰੇਰਿਤ: ਪੰਜੋਲੀ

**ਪਟਿਆਲਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਖ਼ਿਲਾਫ਼ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਕੀਤੀਆਂ ਗਈਆਂ ਸ਼ਿਕਾਇਤਾਂ ਨੂੰ ਸਿਆਸਤ ਤੋਂ ਪ੍ਰੇਰਿਤ ਆਖਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਬਾਦਲ ਧੜੇ ਵੱਲੋਂ ਇਹ ਸ਼ਿਕਾਇਤਾਂ ਬੀਬੀ ਜਗੀਰ ਕੌਰ ਨੂੰ ਅਗਲੇ ਮਹੀਨੇ ਹੋਣ ਵਾਲੀ ਸ਼੍ਰੋਮਣੀ ਕਮੇਟੀ ਦੀ ਚੋਣ ਤੋਂ ਰੋਕਣ ਲਈ ਕੀਤੀਆਂ ਗਈਆਂ ਹਨ।

## ਸੰਪਾਦਕੀ

# ਭਾਰਤ ਦੀਆਂ ਆਰਥਿਕ ਨੀਤੀਆਂ

ਭਾਰਤ ਦੀਆਂ ਆਰਥਿਕ ਨੀਤੀਆਂ ਦੇ ਭਾਵੇਂ ਕਈ ਆਲੋਚਕ ਹਨ ਪਰ ਹੁਣ ਇਸ ਚੀਜ਼ ਨੂੰ ਕੌਮਾਂਤਰੀ ਪੱਧਰ ’ਤੇ ਮਾਨਤਾ ਹੈ ਕਿ ਭਾਰਤ ਦੀ ਵਿਕਾਸ ਦਰ ਆਰਥਿਕ ਉਦਾਰਵਾਦ ਦੇ ਆਗਮਨ ਨਾਲ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਇਸ ਵਿੱਚ ‘ਲਾਇਸੈਂਸ, ਪਰਮਿਟ ਤੇ ਕੋਟਾ ਰਾਜ’ ਦੇ ਖ਼ਾਤਮੇ ਦਾ ਵੱਡਾ ਰੋਲ ਹੈ। ਭਾਰਤ ਅਤੇ ਪੂਰਾ ਸੰਸਾਰ ਮੰਨਦਾ ਹੈ ਕਿ ਇਸ ਤਬਦੀਲੀ ਦੇ ਮੁੱਖ ਨਿਰਮਾਤਾ ਡਾ. ਮਨਮੋਹਨ ਸਿੰਘ ਸਨ ਜਿਨ੍ਹਾਂ ਦੇ ਯੋਗਦਾਨ ਨੂੰ ਉਸ ਵੇਲੇ ਹੋਰ ਵੀ ਜਿ ?ਆਦਾ ਸਲਾਹਿਆ ਗਿਆ ਜਦੋਂ ਉਹ ਦੇਸ਼ ਦੇ ਪ੍ਰਧਾਨ ਮੰਤਰੀ ਬਣੇ। ਇਹ ਵੀ ਜਿ ?ਕਰਯੋਗ ਹੈ ਕਿ ਖੁੱਲ੍ਹੇ ਅਰਥਚਾਰੇ ਲਈ ਉਨ੍ਹਾਂ ਦੇ ਕਦਮਾਂ ਦਾ ਕਈ ਦਿਸ਼ਾਵਾਂ ਵਿੱਚ ਵਿਸਤਾਰ ਹੋ ਚੁੱਕਾ ਹੈ। ਭਾਰਤ ਨੂੰ ਹੁਣ ਦੁਨੀਆ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਹੇ ਅਰਥਚਾਰੇ ਦੇ ਰੂਪ ਵਿੱਚ ਮਾਨਤਾ ਪ੍ਰਾਪਤ ਹੈ। ਕੌਮਾਂਤਰੀ ਮੁਦਰਾ ਫੰਡ ਦਾ ਕਹਿਣਾ ਹੈ ਕਿ ਭਾਰਤ ਦਾ ਅਰਥਚਾਰਾ ਇਸ ਸਾਲ 6.6 ਪ੍ਰਤੀਸ਼ਤ ਦੀ ਦਰ ਨਾਲ ਵਧੇਗਾ। ਭਾਰਤ ਭਾਵੇਂ ਵਿਕਾਸ ਦੀ ਉੱਚੀ ਦਰ ਹਾਸਿਲ ਕਰਨ ਵੱਲ ਵਧ ਰਿਹਾ ਹੈ ਪਰ ਇਹ ਵੀ ਦਿਮਾਗ ਵਿੱਚ ਰੱਖਣਾ ਪਏਗਾ ਕਿ ਸੰਸਾਰ ਵਿੱਚ ਇਸ ਦਾ ਰੁਤਬਾ ਤੇ ਰਸੂਖ਼ ਜਿ ?ਆਦਾਤਰ ਇਸ ਦੀ ਆਰਥਿਕ ਤੇ ਤਕਨੀਕੀ ਤਰੱਕੀ ਦੇ ਪੱਖ ਤੋਂ ਤੈਅ ਹੋਵੇਗਾ। ਇਨ੍ਹਾਂ ਜ਼ਰੂਰਤਾਂ ਦੇ ਮੱਦੇਨਜ਼ਰ ਭਾਰਤ ਕੋਲ ਆਪਣੇ ਬਿਲਕੁਲ ਗੁਆਂਢ ’ਚ ਪੈਂਦੇ ਮੁਲਕਾਂ ਨਾਲ ਰਿਸ਼ਤੇ ਮਜ਼ਬੂਤ ਕਰਨ ਤੋਂ ਇਲਾਵਾ ਕੋਈ ਜਿ ?ਆਦਾ ਬਦਲ ਨਹੀਂ ਬਚਦੇ। ਇਸ ਨਾਲ ਭਾਰਤ ਦੇ ਪੱਛਮ ਵਿੱਚ ਲਾਲ ਸਾਗਰ ਤੇ ਫਾਰਸ ਦੀ ਖਾੜੀ ਦੇ ਇਲਾਕੇ ਤੋਂ ਲੈ ਕੇ ਇਸ ਦੇ ਪੂਰਬ ਵਿੱਚ ਮਲੱਕਾ ਜਲ ਮਾਰਗ ਤੱਕ ਦੇ ਇਲਾਕੇ ’ਚ ਸੁਰੱਖਿਆ ਤੇ ਸ਼ਾਂਤੀ ਯਕੀਨੀ ਬਣੇਗੀ। ਇਸ ਤੋਂ ਤਾਂ ਸਾਰੇ ਵਾਕਿਫ਼ ਹਨ ਕਿ ਭਾਰਤ ਅੱਗੇ ਇਸ ਦੀਆਂ ਸਰਹੱਦਾਂ ਤੋਂ ਪਾਰ ਜਿਹੜੀ ਮੁੱਖ ਚੁਣੌਤੀ ਹੈ, ਉਹ ਚੀਨ ਦੀਆਂ ਵਿਸਤਾਰਵਾਦੀ ਨੀਤੀਆਂ ਤੇ ਮਨਸੂਬੇ ਹਨ। ਪਾਕਿਸਤਾਨ ਨੇ ਤਾਂ ਖ਼ੁਦ ਨੂੰ ਦੀਵਾਲੀਏਪਨ ਵਿੱਚ ਉਲਝਾ ਲਿਆ ਹੈ। ਭਾਰਤ ਚਿਰਾਂ ਤੋਂ ਤੇਲ ਸਰੋਤਾਂ ਨਾਲ ਭਰੇ (ਫਾਰਸ) ਖਾੜੀ ਖੇਤਰ ਜਿਸ ਵਿੱਚ ਇਰਾਨ ਤੇ ਸਾਊਦੀ ਅਰਬ ਆਉਂਦੇ ਹਨ, ਨਾਲ ਕਰੀਬੀ ਸਬੰਧਾਂ ਦਾ ਚਾਹਵਾਨ ਹੈ ਜਿੱਥੇ ਲਗਭਗ 60 ਲੱਖ ਭਾਰਤੀ ਰਹਿੰਦੇ ਹਨ। ਭਾਰਤ ਨੇ ਸਾਊਦੀ ਅਰਬ ਨਾਲ ਵੀ ਨੇੜਲੇ ਰਿਸ਼ਤੇ ਬਣਾਏ ਹਨ ਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਨਾਲ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕੀਤਾ ਹੈ। ਰਾਸ਼ਟਰਪਤੀ ਜੋਅ ਬਾਇਡਨ ਦੀਆਂ ਬੇਲਗਾਮ ਟਿੱਪਣੀਆਂ ਤੋਂ ਬਾਅਦ ਅਮਰੀਕਾ ਅਤੇ ਸਾਊਦੀ ਅਰਬ ਦਰਮਿਆਨ ਸੁਹਿਰਦ ਕੰਮਕਾਜੀ ਸਬੰਧ ਬਹਾਲ ਕਰਾਉਣ ’ਚ ਵੀ ਭਾਰਤ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਬਾਇਡਨ ਨੇ ਸਾਊਦੀ ਰਾਜਤੰਤਰ ਬਾਰੇ ਤਲਖ਼ ਟਿੱਪਣੀਆਂ ਕੀਤੀਆਂ ਸਨ ਜਿਸ ਦਾ ਸਾਊਦੀ ਸ਼ਾਸਨ ਨੇ ਬਹੁਤ ਬੁਰਾ ਮਨਾਇਆ ਸੀ। ਯੂਏਈ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼ੇਖ਼ ਤਹਿਨੂਨ ਬਿਨ ਜ਼ਾਇਦ ਅਲ ਨਾਹਯਾਨ ਨੇ ਅਮਰੀਕਾ ਦੇ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਤੇ ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ ਦਰਮਿਆਨ ਹੋਈ ਵਾਰਤਾ ਵਿੱਚ ਵੀ ਹਿੱਸਾ ਲਿਆ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਵਾਰਤਾ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੇ ਯਤਨਾਂ ਨਾਲ ਸੰਭਵ ਹੋ ਸਕੀ ਹੈ। ਰਿਪੋਰਟਾਂ ਹਨ ਕਿ ਯੂਏਈ, ਅਮਰੀਕਾ ਤੇ ਭਾਰਤ ਦਰਮਿਆਨ ਸਹਿਯੋਗ ਨੂੰ ਹੁਲਾਰਾ ਦੇਣ ਲਈ ਸਮਝੌਤਾ ਸਹੀਬੱਧ ਕੀਤਾ ਗਿਆ ਹੈ। ਭਾਰਤ ਲਈ ਹੁਣ ਅਰਬ ਦੀ ਖਾੜੀ ਦੇ ਛੇ ਗੁਆਂਢੀ ਮੁਲਕਾਂ ਨਾਲ ਰਲ ਕੇ ਹਿੰਦ ਮਹਾਸਾਗਰ ਦੇ ਆਰ-ਪਾਰ ਪਹਿਲਾਂ ਨਾਲੋਂ ਵੱਧ ਸਕਾਰਾਤਮਕ ਤੇ ਸਹਿਯੋਗੀ ਭੂਮਿਕਾ ਨਿਭਾਉਣ ਦਾ ਮੰਚ ਸਜ ਗਿਆ ਹੈ। ਭਾਰਤ-ਅਮਰੀਕਾ ਦੇ ਰਿਸ਼ਤੇ ਅਮਰੀਕਾ ਦੇ ਉਸ ਫ਼ੈਸਲੇ ਤੋਂ ਬਾਅਦ ਇਕਦਮ ਵਧੇ ਹਨ ਜਿਸ ’ਚ ਸਵੀਕਾਰਿਆ ਗਿਆ ਹੈ ਕਿ ਭਾਰਤ ਹਿੰਦ ਮਹਾਸਾਗਰ ਦੇ ਆਰ-ਪਾਰ ਚੀਨ ਦੀ ਵਧਦੀ ਸਮਰੱਥਾ ਦਾ ਟਾਕਰਾ ਕਰ ਸਕਦਾ ਹੈ ਅਤੇ ਭਵਿੱਖ ਵਿੱਚ ਸੰਤੁਲਨ ਕਾਇਮ ਰੱਖ ਸਕਦਾ ਹੈ। ਦੋਸਤੀ ਦਾ ਦਿਖਾਵਾ ਕਰਨ ਦੇ ਬਾਵਜੂਦ ਚੀਨ ਦੀਆਂ ਨੀਤੀਆਂ ਭਾਰਤ ਦੇ ਰਸੂਖ਼ ਨੂੰ ਸੀਮਤ ਕਰਨ ਤੇ ਜਕੜਨ ਵਾਲੀਆਂ ਰਹੀਆਂ ਹਨ। ਚੀਨ ਪਾਕਿਸਤਾਨ ਦੀ ਮਿਜ਼ਾਈਲ ਤੇ ਪਰਮਾਣੂ ਹਥਿਆਰਾਂ ਦੀ ਸਮਰੱਥਾ ਨੂੰ ਲਗਾਤਾਰ ਮਜ਼ਬੂਤ ਕਰ ਰਿਹਾ ਹੈ। ਇਹ ਅਫ਼ਗਾਨਿਸਤਾਨ ਨੇੜਲੀ ਭਾਰਤ ਦੀ ਪੱਛਮੀ ਹੱਦ ਦੇ ਨਾਲ-ਨਾਲ ਅਤੇ ਪਾਰ ਵੀ ਪਾਕਿਸਤਾਨ ਨਾਲ ਨੇੜਿਓਂ ਸਹਿਯੋਗ ਕਰ ਰਿਹਾ ਹੈ। ਇਰਾਨ ਨਾਲ ਸਬੰਧ ਮਜ਼ਬੂਤ ਕਰਨ ਬਾਰੇ ਨਵੀਂ ਦਿੱਲੀ ਦਾ ਹਾਲੀਆ ਕਦਮ ਜਿਸ ਵਿੱਚ ਰਣਨੀਤਕ ਚਾਬਹਾਰ ਬੰਦਰਗਾਹ ਦੀ ਉਸਾਰੀ ਸ਼ਾਮਿਲ ਹੈ, ਭਾਰਤ ਨੂੰ ਕੇਂਦਰੀ ਏਸ਼ੀਆ ਤੱਕ ਵਾਧੂ ਆਰਥਿਕ ਤੇ ਸਾਗਰੀ ਪਹੁੰਚ ਦੇਵੇਗਾ ਅਤੇ ਅਫ਼ਗਾਨਿਸਤਾਨ ਤੱਕ ਭਾਰਤ ਦੀ ਪਹੁੰਚ ਨੂੰ ਸੀਮਤ ਕਰਨ ਲਈ ਪਾਕਿਸਤਾਨ ਕੋਲ ਜਿ ?ਆਦਾ ਥਾਂ ਨਹੀਂ ਬਚੇਗੀ। ਅਮਰੀਕਾ ਨੇ ਭਾਵੇਂ ਪਹਿਲਾਂ ਭਾਰਤ ਦੇ ਇਰਾਨ ਨਾਲ ਵਧਦੇ ਸਬੰਧਾਂ ਉੱਤੇ ਇਤਰਾਜ਼ ਕੀਤਾ ਸੀ, ਹੁਣ ਜਾਪਦਾ ਹੈ, ਇਸ ਨੇ ਪ੍ਰਾਜੈਕਟ ਬਾਰੇ ਭਾਰਤ ਨਾਲ ਸੁਲ੍ਹਾ ਕਰ ਲਈ ਹੈ। ਇਹ ਅਜਿਹਾ ਪ੍ਰਾਜੈਕਟ (ਟਰਾਂਸਪੋਰਟ ਲਾਂਘਾ) ਹੈ ਜੋ ਭਾਰਤ ਨੂੰ ਅਫ਼ਗਾਨਿਸਤਾਨ ਤੇ ਇਰਾਨ ਨਾਲ ਜੋੜੇਗਾ। ਪਾਕਿਸਤਾਨ ਇਸ ਲਾਂਘੇ ਤੋਂ ਖ਼ੁਸ਼ ਨਹੀਂ ਕਿਉਂਕਿ ਇਹ ਰਾਵਲਪਿੰਡੀ ਨੂੰ ਭਾਰਤ ਦੀ ਅਫ਼ਗਾਨਿਸਤਾਨ, ਇਰਾਨ ਤੇ ਮੱਧ ਏਸ਼ੀਆ ਤੱਕ ਪਹੁੰਚ ਵਿੱਚ ਵਿਘਨ ਨਹੀਂ ਪਾਉਣ ਦਿੰਦਾ। ਇਹ ਕੌਮਾਂਤਰੀ ਉੱਤਰ-ਦੱਖਣ ਟਰਾਂਸਪੋਰਟ ਕੌਰੀਡੋਰ ਤੱਕ ਭਾਰਤ ਦੀ ਪਹੁੰਚ ਲਈ ਪ੍ਰਮੁੱਖ ਪ੍ਰਵੇਸ਼ ਦੁਆਰ ਬਣ ਗਿਆ ਹੈ ਜੋ ਅੰਤ ’ਚ ਭਾਰਤ ਨੂੰ ਕੇਂਦਰੀ ਏਸ਼ੀਆ, ਰੂਸ ਅਤੇ ਆਖਿ ?ਰਕਾਰ ਸਮੁੰਦਰੀ, ਰੇਲ ਤੇ ਸੜਕੀ ਮਾਰਗ ਰਾਹੀਂ ਯੂਰੋਪ ਨਾਲ ਜੋੜ ਦੇਵੇਗਾ। ਖ਼ੈਰ, ਅਮਰੀਕਾ ਨਾਲ ਸਬੰਧਾਂ ਵਿੱਚ ਕਾਫ਼ੀ ਸਥਿਰਤਾ ਆਈ ਤੇ ਸਮੁੰਦਰੀ ਸੰਪਰਕਾਂ ਨੂੰ ਮਜ਼ਬੂਤ ਕਰਨ ਲਈ ਚੋਖਾ ਸਹਿਯੋਗ ਕੀਤਾ ਜਾ ਰਿਹਾ ਹੈ। ਹਿੰਦ ਮਹਾਸਾਗਰ ਖਿੱਤੇ ਦੇ ਆਰ-ਪਾਰ ਤਣਾਅ ਤੇ ਪਾਇਰੇਸੀ ਦੀਆਂ ਘਟਨਾਵਾਂ ਅਤੇ ਇਸ ਦੇ ਨਾਲ ਹੀ ਗਾਜ਼ਾ ਵਿੱਚ ਇਜ਼ਰਾਇਲੀ ਕਬਜ਼ੇ ਦੇ ਮੱਦੇਨਜ਼ਰ ਅਹਿਮ ਘਟਨਾਕ੍ਰਮ ਹੈ। ਹਿੰਦ ਪ੍ਰਸ਼ਾਂਤ ਖੇਤਰ ਵਿੱਚ ਹੋਰਮੂਜ਼ ਜਲ ਡਮਰੂ ਤੋਂ ਲੈ ਕੇ ਫਾਰਸ ਦੀ ਖਾੜੀ ਵਿੱਚ ਮਲੱਕਾ ਜਲ ਡਮਰੂ ਤੱਕ ਚੀਨ ਦੇ ਵਧ ਰਹੇ ਅਸਰ-ਰਸੂਖ ਦੇ ਮੱਦੇਨਜ਼ਰ ਅਮਰੀਕਾ ਭਾਰਤ ਨੂੰ ਆਪਣਾ ਅਹਿਮ ਭਿਆਲ ਸਮਝ ਰਿਹਾ ਹੈ। ਭਾਰਤ ਹਿੰਦ ਮਹਾਸਾਗਰ ਦੇ ਆਪਣੇ ਗੁਆਂਢ ਦੇ ਕੰਢਿਆਂ ਦੀ ਰਾਖੀ ਲਈ ਦੋ ਵਿਮਾਨ ਵਾਹਕ ਜਹਾਜ਼ਾਂ ਅਤੇ ਇੰਨੀਆਂ ਕੁ ਹੀ ਪਰਮਾਣੂ ਪਣਡੁੱਬੀਆਂ ਦਾ ਇਸਤੇਮਾਲ ਕਰ ਸਕਦਾ ਹੈ। ਭਾਰਤ-ਅਮਰੀਕਾ ਸਬੰਧਾਂ ਉੱਪਰ ਉਲਟ ਅਸਰ ਪਾਉਣ ਵਾਲਾ ਅਹਿਮ ਮੁੱਦਾ ਅਮਰੀਕੀ ਮੀਡੀਆ ਦੀ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਕਥਿਤ ਖਿ ?ਲਾਫ਼ਵਰਜ਼ੀਆਂ ਦੀ ਕੀਤੀ ਜਾ ਰਹੀ ਲਗਾਤਾਰ ਨੁਕਤਾਚੀਨੀ ਜਿਸ ਨੂੰ ਜ਼ਾਹਿਰਾ ਤੌਰ ’ਤੇ ਵਾਸ਼ਿੰਗਟਨ ਦੀ ਸ਼ਹਿ ਪ੍ਰਾਪਤ ਹੈ। ਭਾਰਤ ਉਨ੍ਹਾਂ ਚੰਦ ਕੁ ਮੁਲਕਾਂ ਵਿੱਚ ਸ਼ਾਮਿਲ ਸੀ ਜਿਨ੍ਹਾਂ ਨੂੰ ਦੌਰੇ ’ਤੇ ਆਏ ਤਤਕਾਲੀ ਰਾਸ਼ਟਰਪਤੀ ਡੋਨਲਡ ਟਰੰਪ ਕਾਫ਼ੀ ਦੋਸਤਾਨਾ ਲੱਗੇ ਸਨ। ਟਰੰਪ ਦੇ ਮਨ ਵਿੱਚ ਚੀਨ ਮੁਤੱਲਕ ਕੋਈ ਭਰਮ ਭੁਲੇਖੇ ਜਾਂ ਆਸਾਂ ਨਹੀਂ ਸਨ ਅਤੇ ਉਹ ਪਾਕਿਸਤਾਨ ਪ੍ਰਤੀ ਵੀ ਉਲਾਰ ਨਹੀਂ ਸਨ। ਭਾਰਤ ਭਰੋਸਾ ਰੱਖ ਸਕਦਾ ਹੈ ਕਿ ਰਾਸ਼ਟਰਪਤੀ ਦੀ ਆਉਣ ਵਾਲੀ ਚੋਣ ਵਿਚ ਕਮਲਾ ਹੈਰਿਸ ਜਾਂ ਟਰੰਪ ਵਿੱਚੋਂ ਭਾਵੇਂ ਕੋਈ ਵੀ ਜਿੱਤੇ ਪਰ ਉਨ੍ਹਾਂ ਦੇ ਰਿਸ਼ਤੇ ਵਧਦੇ ਹੀ ਜਾਣਗੇ। ਚੀਨ ਅਤੇ ਪਾਕਿਸਤਾਨ ਨਾਲ ਲਗਦੀਆਂ ਸਰਹੱਦਾਂ ਉਪਰ ਭਾਰਤ ਦੀਆਂ ਸਮੱਸਿਆਵਾਂ ਰਹਿਣੀਆਂ ਹੀ ਹਨ। ਪਾਕਿਸਤਾਨ ਦੀ ਆਰਥਿਕ ਹਾਲਤ ਭਾਵੇਂ ਬਹੁਤ ਵਿਗੜ ਚੁੱਕੀ ਹੈ, ਤਾਂ ਵੀ ਉਹ ਭਾਰਤ ਵਿੱਚ ਦਹਿਸ਼ਤਗਰਦੀ ਨੂੰ ਸ਼ਹਿ ਦੇਣੀ ਬੰਦ ਨਹੀਂ ਕਰ ਰਿਹਾ। ਸ਼ਰੀਫ ਭਰਾਵਾਂ ਅਤੇ ਉਨ੍ਹਾਂ ਦੇ ਸਿਵਲੀਅਨ ਨਿਜ਼ਾਮ ਨੇ ਪਾਕਿਸਤਾਨ ਨੂੰ ਆਰਥਿਕ ਸੰਕਟ ਵਿੱਚ ਧੱਕ ਦਿੱਤਾ ਹੈ;

ਭਾਰਤ ਨੂੰ ਹੁਣ ਪਾਕਿਸਤਾਨੀ ਥਲ ਸੈਨਾ ਦੇ ਮੁਖੀ ਜਨਰਲ ਸੱਯਦ ਆਸਿਮ ਮੁਨੀਰ ਨਾਲ ਸਿੱਝਣਾ ਪੈ ਰਿਹਾ ਹੈ ਜਿਨ੍ਹਾਂ ਦਾ ਕੌਮੀ ਸੁਰੱਖਿਆ ਨੀਤੀਆਂ ਉੱਪਰ ਚੋਖਾ ਅਸਰ-ਰਸੂਖ਼ ਹੈ। ਉਨ੍ਹਾਂ ਦੇ ਆਕਾ ਅਤੇ ਸਾਬਕਾ ਜਨਰਲ ਕਮਰ ਜਾਵੇਦ ਬਾਜਵਾ ਚੰਗੀ ਤਰ੍ਹਾਂ ਸਮਝਦੇ ਸਨ ਕਿ ਭਾਰਤ ਨਾਲ ਤਣਾਅ ਪੈਦਾ ਕਰਨ ਦੀ ਕਿਹੋ ਜਿਹੀ ਆਰਥਿਕ ਅਤੇ ਕੂਟਨੀਤਕ ਕੀਮਤ ਤਾਰਨੀ ਪਵੇਗੀ ਪਰ ਜਨਰਲ ਮੁਨੀਰ ਭਾਰਤ ਖਾਸਕਰ ਜੰਮੂ ਕਸ਼ਮੀਰ ਵਿੱਚ ਗੜਬੜ ਪੈਦਾ ਕਰਨ ’ਤੇ ਤੁਲੇ ਹੋਏ ਹਨ। ਭਾਰਤ ਨੂੰ ਇਸ ਰਣਨੀਤੀ ਦਾ ਕੂਟਨੀਤਕ ਅਤੇ ਫ਼ੌਜੀ, ਦੋਹਾਂ ਤਰੀਕਿਆਂ ਨਾਲ ਜਵਾਬ ਦੇਣ ਦੀ ਲੋੜ ਹੈ। ਸ਼ਰੀਫ਼ ਭਰਾਵਾਂ ਦਾ ਪਾਕਿਸਤਾਨ ਦੇ ਸਿਵਲੀਅਨ ਅਤੇ ਸਿਆਸੀ ਨਿਜ਼ਾਮ ਉੱਪਰ ਭਾਵੇਂ ਕੰਟਰੋਲ ਹੈ ਪਰ ਜੰਮੂ ਕਸ਼ਮੀਰ ਅਤੇ ਭਾਰਤ ਵਿੱਚ ਹੋਰਨੀਂ ਥਾਈਂ ਅਤਿਵਾਦ ਨੂੰ ਸ਼ਹਿ ਦੇ ਰਹੀ ਪਾਕਿਸਤਾਨੀ ਫ਼ੌਜ ਉੱਪਰ ਉਨ੍ਹਾਂ ਦਾ ਕੋਈ ਪ੍ਰਭਾਵ ਨਹੀਂ। ਪਾਕਿਸਤਾਨ ਇਸ ਵੇਲੇ ਅਫ਼ਗਾਨਿਸਤਾਨ ਨਾਲ ਲਗਦੀਆਂ ਆਪਣੀਆਂ ਸਰਹੱਦਾਂ ਉੱਪਰ ਚੱਲ ਰਹੀ ਉਥਲ-ਪੁਥਲ ਵਿੱਚ ਉਲਝਿਆ ਹੋਇਆ ਹੈ। ਇਸੇ ਦੌਰਾਨ ਭਾਰਤ ਅਤੇ ਇਰਾਨ ਦੇ ਕਾਬੁਲ ਨਾਲ ਉਸਾਰੂ ਸਬੰਧ ਬਣੇ ਹੋਏ ਹਨ। ਭਾਰਤ ਵਲੋਂ ਮੁੱਖ ਤੌਰ ’ਤੇ ਆਰਥਿਕ ਸਹਿਯੋਗ ਉੱਪਰ ਧਿਆਨ ਕੇਂਦਰਤ ਕੀਤਾ ਜਾ ਰਿਹਾ ਹੈ। ਇਸ ਨੇ ਗੁਆਂਢੀਆਂ ਨਾਲ ਸੰਚਾਰ ਲਈ ਅੰਦਰਖਾਤੇ ਚੈਨਲ ਬਣਾਏ ਹੋਏ ਹਨ ਪਰ ਨਾਲ ਹੀ ਪਾਕਿਸਤਾਨ ਨੂੰ ਅਜਿਹੀਆਂ ਮੀਟਿੰਗਾਂ ਨੂੰ ਪ੍ਰਾਪੇਗੰਡਾ ਕਰਨ ਦੀ ਇਜਾਜ਼ਤ ਵੀ ਨਹੀਂ ਦਿੱਤੀ ਜਾ ਰਹੀ। ਇਸ ਦੇ ਨਾਲ ਹੀ ਜੇ ਪਾਕਿਸਤਾਨ ਭਾਰਤੀ ਧਰਤੀ ਉੱਪਰ ਅਤਿਵਾਦ ਨੂੰ ਭੜਕਾਉਣਾ ਜਾਰੀ ਰੱਖਦਾ ਹੈ ਤਾਂ ਭਾਰਤ ਨੂੰ ਢੁਕਵਾਂ ਜਵਾਬ ਦੇਣ ਦੀ ਤਿਆਰੀ ਵੀ ਕਰਨੀ ਚਾਹੀਦੀ ਹੈ।

# ਪੰਜਾਬ ਸਰਕਾਰ ਵੱਲੋਂ ਖੇਤੀ ਨੀਤੀ ਖਰੜੇ ਦਾ ਮੁਲਾਂਕਣ

**ਪਾਵੇਲ ਕੁੱਸਾ**



ਆਖਿਰਕਾਰ ਕਿਸਾਨਾਂ ਮਜ਼ਦੂਰਾਂ ਦੇ ਸੰਘਰਸ਼ ਦੇ ਦਬਾਅ ਹੇਠ ਪੰਜਾਬ ਸਰਕਾਰ ਨੇ ਖੇਤੀ ਨੀਤੀ ਲਈ ਖਰੜਾ ਜਾਰੀ ਕਰ ਦਿੱਤਾ। ਇਹ ਖਰੜਾ ਮਾਹਿਰਾਂ ਨੇ ਪਿਛਲੇ ਵਰ੍ਹੇ ਅਕਤੂਬਰ ਵਿੱਚ ਜਮ੍ਹਾਂ ਕਰਵਾ ਦਿੱਤਾ ਸੀ। ਜਾਰੀ ਕਰਨ ਵਿੱਚ ਕੀਤੀ ਗਈ ਦੇਰੀ ਆਪਣੇ ਆਪ ’ਚ ਹੀ ਮੁੱਦੇ ਬਾਰੇ ਸਰਕਾਰ ਦੀ ਗੰਭੀਰਤਾ ’ਤੇ ਟਿੱਪਣੀ ਬਣ ਜਾਂਦੀ ਹੈ। ਉਂਝ, ਅਹਿਮ ਗੱਲ ਇਹ ਹੈ ਕਿ ਖੇਤੀ ਨੀਤੀ ਬਾਰੇ ਗੱਲ ਅੱਗੇ ਤੁਰੀ ਹੈ। ਖੇਤੀ ਨੀਤੀ ਦੇ ਇਸ ਖਰੜੇ ’ਚ ਖੇਤੀ ਖੇਤਰ ਨਾਲ ਜੁੜੇ ਬਹੁਤ ਸਾਰੇ ਪਹਿਲੂਆਂ ਨੂੰ ਬਹੁ-ਪਰਤੀ ਪਹੁੰਚ ਨਾਲ ਵਿਚਾਰਿਆ ਗਿਆ ਹੈ ਅਤੇ ਕਈ ਅਹਿਮ ਖੇਤਰਾਂ ’ਚ ਲੋਕ ਹਿਤਾਂ ਦੇ ਪੱਖ ਤੋਂ ਕਈ ਮਹੱਤਵਪੂਰਨ ਕਦਮ ਵੀ ਸੁਝਾਏ ਗਏ ਹਨ। ਇਉਂ ਸੂਬੇ ਦੇ ਖੇਤੀ ਮਾਹਰਾਂ ਦਾ ਇਹ ਗੰਭੀਰ ਉਦਮ ਜਾਪਦਾ ਹੈ। ਕਿਸਾਨਾਂ ਦੇ ਨਾਲ-ਨਾਲ ਖੇਤ ਮਜ਼ਦੂਰਾਂ, ਔਰਤਾਂ ਤੇ ਪੇਂਡੂ ਕਾਰੀਗਰ ਹਿੱਸਿਆਂ ਦੇ ਸਰੋਕਾਰਾਂ ਨੂੰ ਸੰਬੋਧਿਤ ਹੋਣਾ ਵੀ ਇਸ ਦਾ ਅਹਿਮ ਪੱਖ ਹੈ ਜਿਹੜੇ ਆਮ ਕਰ ਕੇ ਖੇਤੀ ਸੰਕਟ ਦੀ ਚਰਚਾ ਦਰਮਿਆਨ ਅਣਗੌਲੇ ਕਰ ਦਿੱਤੇ ਜਾਂਦੇ ਹਨ।

ਖੇਤੀ ਨੀਤੀ ਦਾ ਇਹ ਖਰੜਾ ਸੂਬੇ ਦੇ ਮੌਜੂਦਾ ਖੇਤੀ ਸੰਕਟ ਦੀ ਠੀਕ ਨਿਸ਼ਾਨਦੇਹੀ ਕਰਦਾ ਹੋਇਆ ਵੀ ਕੁਝ ਬੁਨਿਆਦੀ ਪਹਿਲੂਆਂ ਤੋਂ ਉੱਕਦਾ ਹੈ। ਹਾਂ ਪੱਖੀ ਪਹਿਲੂ ਇਹ ਹੈ ਕਿ ਖਰੜਾ ਸੂਬੇ ਅੰਦਰ ਹਰੇ ਇਨਕਲਾਬ ਨਾਲ ਵਧੇ ਹੋਏ ਫਸਲ ਉਤਪਾਦਨ ਦੇ ਗੁਣ-ਗਾਣ ਤੱਕ ਸੀਮਤ ਨਹੀਂ ਸਗੋਂ ਹਰੇ ਇਨਕਲਾਬ ਦੇ ਖੇਤੀ ਮਾਡਲ ਨਾਲ ਜੁੜ ਕੇ ਉਪਜੀਆਂ ਵਾਤਾਵਰਨ ਦੀਆਂ ਸਮੱਸਿਆਵਾਂ ਤੋਂ ਲੈ ਕੇ ਕਿਸਾਨਾਂ, ਖੇਤ ਮਜ਼ਦੂਰਾਂ ਦੀ ਵਧ ਰਹੀ ਕੰਗਾਲੀ ਤੱਕ ਦੀਆਂ ਸਮੱਸਿਆਵਾਂ ਟਿੱਕਦਾ ਹੈ ਤੇ ਹੱਲ ਦਾ ਰਾਹ ਤਲਾਸ਼ਣ ਦੀ ਕੋਸ਼ਿਸ਼ ਕਰਦਾ ਹੈ ਪਰ ਖੇਤੀ ਸੰਕਟ ਦੇ ਅਹਿਮ ਬੁਨਿਆਦੀ ਨੁਕਤੇ ਨੂੰ ਇਹ ਖਰੜਾ ਨਹੀਂ ਛੋਂਹਦਾ; ਇਹ ਕਿਸਾਨਾਂ, ਖੇਤ ਮਜ਼ਦੂਰਾਂ ਤੇ ਕਿਸਾਨਾਂ ਦੇ ਇੱਕ ਹਿੱਸੇ ਦੇ ਜ਼ਮੀਨ ਤੋਂ ਵਿਰਵੇ ਹੋਣ ਅਤੇ ਮਾਲਕ ਕਿਸਾਨੀ ਦੇ ਵੱਡੇ ਹਿੱਸੇ ਕੋਲ ਜ਼ਮੀਨ ਦੀ ਤੋਟ ਹੋਣ ਦਾ ਹੈ। ਇਹ ਅਜਿਹਾ ਪੱਖ ਹੈ ਜਿਹੜਾ ਖੇਤੀ ਸੰਕਟ ਦੀ ਚਰਚਾ ਦਰਮਿਆਨ ਆਮ ਕਰ ਕੇ ਛੱਡ ਦਿੱਤਾ ਜਾਂਦਾ ਹੈ ਤੇ ਸਾਰੀ ਚਰਚਾ ਹਰੇ ਇਨਕਲਾਬ ਦੇ ਮਾਡਲ ਨਾਲ ਜੁੜ ਕੇ ਵਾਤਾਵਰਨ ਤਬਾਹੀ ਤੇ ਮਾਲਕ ਕਿਸਾਨੀ ਦੀ ਘਟ ਰਹੀ ਆਮਦਨ ਤੱਕ ਸੀਮਤ ਹੋ ਜਾਂਦੀ ਹੈ।

ਖੇਤੀ ਦੇ ਇਸ ਸੰਕਟ ਦੀ ਮੂਲ ਵਜ੍ਹਾ ਖੇਤੀ ਖੇਤਰ ਦੀ ਮੁੱਖ ਕਾਮਾ ਸ਼ਕਤੀ ਕੋਲ ਜ਼ਮੀਨ ਜਾਂ ਗੁਜ਼ਾਰੇ ਜੋਗੀ ਜ਼ਮੀਨ ਨਾ ਹੋਣਾ ਹੈ। ਜ਼ਮੀਨ ਦੇ ਲਗਾਨ ਦੇ ਉੱਚੇ ਰੇਟ ਉਨ੍ਹਾਂ ਦੀ ਕਿਰਤ ਸ਼ਕਤੀ ਦੀ ਲੁੱਟ ਦਾ ਜ਼ਰੀਆ ਬਣਦੇ ਹਨ, ਉਹ ਕਰਜ਼ੇ ਮੂੰਹ ਧੱਕੇ ਜਾਂਦੇ ਹਨ, ਖੇਤੀ ਮੁੜ ਨਿਵੇਸ਼ ਤੋਂ ਵਾਂਝੀ ਰਹਿੰਦੀ ਹੈ, ਖੇਤੀ ਕਿੱਤੇ ’ਚ ਉਨ੍ਹਾਂ ਦਾ ਉਤਸ਼ਾਹ ਤੇ ਪਹਿਲਕਦਮੀ ਮਾਰੀ ਜਾਂਦੀ ਹੈ। ਇਉਂ ਸਮੁੱਚੀ ਖੇਤੀ ਦਾ ਵਿਕਾਸ ਨਾਂਹ ਪੱਖੀ ਰੁਖ ਪ੍ਰਭਾਵਿਤ ਹੁੰਦਾ ਹੈ। ਖੇਤੀ ਸੰਕਟ ਦੇ ਹੱਲ ਵਿੱਚ ਜ਼ਮੀਨੀ ਸੁਧਾਰਾਂ ਰਾਹੀਂ ਜ਼ਮੀਨ ਦੀ ਇਹ ਤੋਟ ਪੂਰਤੀ ਬੁਨਿਆਦੀ ਨੁਕਤਾ ਹੈ ਜਿਸ ਤੋਂ ਬਿਨਾਂ ਸੰਕਟ ਦੇ ਹੱਲ ਦੇ ਬਾਕੀ ਕਦਮ ਪੂਰੇ ਸਾਰਥਕ ਨਹੀਂ ਹੋ ਸਕਦੇ। ਜ਼ਮੀਨ ਮਾਲਕੀ ਰਿਸ਼ਤਿਆਂ ਦੀ ਗਰੀਬ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਹੱਕ ਵਿੱਚ ਤਬਦੀਲੀ ਸੂਬੇ ਦੀ ਖੇਤੀ ਨੀਤੀ ਦੀ ਬੁਨਿਆਦ ਬਣਨੀ ਚਾਹੀਦੀ ਹੈ।

ਜ਼ਮੀਨੀ ਸੁਧਾਰਾਂ ਦੀ ਨੀਤੀ ਭਾਰਤ ਚਿਰਾਂ ਤੋਂ ਤਿਆਗ ਚੁੱਕਿਆ ਹੈ, ਹੁਣ ਇਹ ਨੀਤੀ ਉਲਟੇ ਰੁਖ਼ ਚੱਲ ਪਈ ਹੈ। ਆਰਥਿਕ ਸੁਧਾਰਾਂ ਦੇ ਮੌਜੂਦਾ ਦੌਰ ਅੰਦਰ ਹੁਣ ਸੰਸਾਰ ਦੀਆਂ ਧੜਵੈਲ ਖੇਤੀ ਕਾਰਪੋਰੇਸ਼ਨਾਂ ਮੁਲਕ ਦੇ ਕਿਸਾਨਾਂ ਦੀਆਂ ਜ਼ਮੀਨਾਂ ’ਤੇ ਅੱਖ ਰੱਖੀ ਬੈਠੀਆਂ ਹਨ। ਇਸ ਕਰ ਕੇ ਸਾਮਰਾਜੀਆਂ ਦੀ ਸੰਸਾਰ ਬੈਂਕ ਸਾਡੇ ਮੁਲਕ ਅੰਦਰ ਜ਼ਮੀਨ ਮਾਲਕੀ ਨਾਲ ਸਬੰਧਿਤ ਕਾਨੂੰਨਾਂ ’ਚ ਤਬਦੀਲੀਆਂ ਕਰਨ ਲਈ ਸਰਕਾਰ ’ਤੇ ਦਬਾਅ ਪਾ ਰਹੀ ਹੈ, ਜ਼ਮੀਨੀ ਹੱਦਬੰਦੀ ਕਾਨੂੰਨਾਂ ਦੇ ਖਾਤਮੇ ਲਈ ਕਿਹਾ ਜਾ ਰਿਹਾ ਹੈ। ਕਾਸ਼ਤਕਾਰਾਂ ਦੇ ਹੱਕਾਂ ਦੇ ਖਾਤਮੇ ਦੀ ਹਦਾਇਤ ਕੀਤੀ ਜਾ ਰਹੀ ਹੈ।

ਭਾਰਤ ਸਰਕਾਰ ਦਾ ਨੀਤੀ ਆਯੋਗ ਨਵੰਬਰ 2020 ’ਚ ਜਮੀਨ ਹੱਕ ਮਾਲਕੀ ਦਾ ਮਾਡਲ ਐਕਟ ਬਣਾ ਚੁੱਕਿਆ ਹੈ ਜਿਸ ਤਹਿਤ ਕਬਜ਼ੇ ਦੇ ਆਧਾਰ ’ਤੇ ਮਾਲਕੀ ਹੱਕ ਮਾਣ ਰਹੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਰਾਜ ਦੀ ਮਾਲਕੀ ਹੇਠ ਲਿਆਂਦਾ ਜਾਣਾ ਹੈ; ਭਾਵ ਦਹਾਕਿਆਂ ਤੋਂ ਜ਼ਮੀਨਾਂ ਆਬਾਦ ਕਰਨ ਵਾਲੇ ਕਿਸਾਨਾਂ ਦਾ ਉਜਾੜਾ ਅਤੇ ਅਜਿਹੀਆਂ ਜ਼ਮੀਨਾਂ ਇਕੱਠੀਆਂ ਕਰ ਕੇ ਸੰਸਾਰ ਬੈਂਕ ਦੀ ਲੈਂਡ ਬੈਂਕ ਬਣਾਉਣ ਦੀ ਵਿਉਂਤ ਹੈ। ਅਜਿਹੀ ਲੈਂਡ ਬੈਂਕ ਰਾਹੀਂ ਸੰਸਾਰ ਦੀਆਂ ਖੇਤੀ ਕਾਰੋਬਾਰੀ ਕਾਰਪੋਰੇਸ਼ਨਾਂ ਨੂੰ ਕੌਡੀਆਂ ਦੇ ਭਾਅ ਜ਼ਮੀਨਾਂ ਸੌਂਪੀਆਂ ਜਾਣੀਆਂ ਹਨ। ਭਾਰਤ ਸਰਕਾਰ ਦੀਆਂ ਨੀਤੀਆਂ ਇਸੇ ਦਿਸ਼ਾ ਵਿੱਚ ਹਨ ਪਰ ਕਿਸਾਨਾਂ ਲਈ ਉੱਭਰ ਰਹੀ ਇਸ ਨਵੀਂ ਚੁਣੌਤੀ ਨਾਲ ਨਜਿੱਠਣ ਪੱਖੋਂ ਖੇਤੀ ਨੀਤੀ ਦਾ ਖਰੜਾ ਚੁੱਪ ਹੈ। ਇਸ ਪਹੁੰਚ ਨੂੰ ਅਣਗੌਲਿਆਂ ਕਰ ਕੇ ਅਗਲੀ ਨੀਤੀ ਬਾਰੇ ਚਰਚਾ ਅਧੂਰੀ ਰਹਿਣੀ ਹੈ।

ਕਰਜ਼ੇ ਦੇ ਮਸਲੇ ਨੂੰ ਭਾਵੇਂ ਇਹ ਨੀਤੀ ਖਰੜਾ ਸੰਬੋਧਿਤ ਤਾਂ ਹੁੰਦਾ ਹੈ ਪਰ ਕਰਜ਼ ਸੋਮਿਆਂ ਪੱਖੋਂ ਸਰਕਾਰੀ ਬੈਂਕਾਂ ਰਾਹੀਂ ਸਸਤੇ ਜਾਂ ਬਿਨ ਵਿਆਜ ਤੇ ਲੰਮੀ ਮਿਆਦ ਦੇ ਕਰਜਿ ?ਆਂ ਦੀ ਜ਼ਾਮਨੀ ਕਰਨ ’ਤੇ ਲੋੜੀਂਦਾ ਜ਼ੋਰ ਨਹੀਂ ਪਾਉਂਦਾ। ਇਹ ਸ਼ਾਹੂਕਾਰਾਂ ਤੇ ਆੜ੍ਹਤੀਆਂ ਦੀ ਹੁੰਦੀ ਕਿਸਾਨੀ ਦੀ ਲੁੱਟ ਦਾ ਜਿ ?ਕਰ ਤਾਂ ਕਰਦਾ ਹੈ ਪਰ ਇਹਦੀ ਰੋਕ ਲਈ ਕਿਸੇ ਤਰ੍ਹਾਂ ਦੇ ਕਾਨੂੰਨੀ ਬੰਧੇਜ ਤੱਕ ਨਹੀਂ ਜਾਂਦਾ। ਕਰਜਿ ?ਆਂ ਦੇ ਨਿਬੇੜੇ ਲਈ ਇਹ ਬਾਦਲ ਸਰਕਾਰ ਦੇ 2016 ’ਚ ਬਣਾਏ ਕਾਨੂੰਨ ‘ਪੰਜਾਬ ਸੈਟਲਮੈਂਟ ਆਫ ਐਗਰੀਕਲਚਰਲ ਡੈਬਿਟਨੈਸ ਐਕਟ-2016’ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਬਾਰੇ ਕਹਿੰਦਾ ਹੈ ਜਦਕਿ ਇਹ ਕਾਨੂੰਨ ਕਿਸਾਨਾਂ ਦੇ ਹਿੱਤਾਂ ਨਾਲੋਂ ਜਿ ?ਆਦਾ ਸ਼ਾਹੂਕਾਰਾਂ/ਆੜ੍ਹਤੀਆਂ ਦੇ ਹਿਤਾਂ ਦੀ ਰਖਵਾਲੀ ਕਰਦਾ ਹੈ। ਇਸ ਵਿੱਚ ਬਣਾਏ ਜਾਣ ਵਾਲੇ ਟ੍ਰਿਬਿਊਨਲਾਂ ਅੰਦਰ ਸ਼ਾਹੂਕਾਰਾਂ ਦਾ ਹੱਥ ਉੱਪਰ ਹੈ ਤੇ ਹੋਰ ਵੀ ਕਈ ਖਾਮੀਆਂ ਹਨ। ਸ਼ਾਹੂਕਾਰਾਂ ਨੂੰ ਪਾਸ ਬੁੱਕਾਂ ਜਾਰੀ ਕਰਨ ਅਤੇ ਪੰਜ ਏਕੜ ਤੱਕ ਵਾਲੇ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਸਕੀਮ ਤਿਆਰ ਕਰਨ ਦਾ ਸੁਝਾਅ ਮਹੱਤਵਪੂਰਨ ਹੈ ਪਰ ਉਨ੍ਹਾਂ ਦੀਆਂ ਵਿਆਜ ਦਰਾਂ ਸੀਮਤ ਕਰਨ ਦੀ ਗੱਲ ਨਹੀਂ ਕੀਤੀ ਗਈ। ਕਿਸਾਨਾਂ ਨੂੰ ਸੰਸਥਾਈ ਕਰਜ਼ਾ ਮੁਹੱਈਆ ਕਰਾਉਣ ਦੀ ਗੱਲ ਤਾਂ ਕੀਤੀ ਗਈ ਹੈ ਪਰ ਕਿਸਾਨਾਂ ਦੇ ਨਾਂ ਹੇਠ ਸਰਕਾਰੀ ਕਰਜ਼ੇ ਜਗੀਰਦਾਰਾਂ ਤੇ ਖੇਤੀ ਕਾਰੋਬਾਰੀ ਕੰਪਨੀਆਂ ਦੀ ਝੋਲੀ ਪੈਣ ਤੋਂ ਰੋਕੇ ਜਾਣ ਦੀਆਂ ਕੋਈ ਪੇਸ਼ਬੰਦੀਆਂ ਨਹੀਂ ਸੁਝਾਈਆਂ। ਅਜਿਹੀਆਂ ਪੇਸ਼ਬੰਦੀਆਂ ਤੋਂ ਬਿਨਾਂ ਸਰਕਾਰੀ ਖਜ਼ਾਨੇ ਦਾ ਰੁਖ਼ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਵੱਲ ਮੋੜਨ ਦੀ ਜ਼ਾਮਨੀ ਨਹੀਂ ਹੋ ਸਕਦੀ।

ਇਉਂ ਹੀ ਇਹ ਖਰੜਾ ਲਾਗਤ ਵਸਤਾਂ ਦੇ ਖੇਤਰ ਨੂੰ ਕਿਸੇ ਹੱਦ ਤੱਕ ਸੰਬੋਧਿਤ ਤਾਂ ਹੁੰਦਾ ਹੈ ਪਰ ਇਸ ਦੇ ਬੁਨਿਆਦੀ ਨੁਕਤੇ ’ਤੇ ਉਂਗਲ ਧਰਨ ਤੋਂ ਉੱਕਦਾ ਹੈ। ਉਹ ਬੁਨਿਆਦੀ ਨੁਕਤਾ ਲਾਗਤ ਵਸਤਾਂ ਦੇ ਖੇਤਰ ’ਚ ਬਹੁ-ਕੌਮੀ ਕੰਪਨੀਆਂ ਦੀ ਕਾਇਮ ਹੋ ਚੁੱਕੀ ਮੰਡੀ ਇਜਾਰੇਦਾਰੀ ਤੋੜਨ ਦਾ ਹੈ। ਬਹੁਕੌਮੀ ਕੰਪਨੀਆਂ ਦੇ ਕਾਰੋਬਾਰਾਂ ਨੂੰ ਸੀਮਤ ਕਰਨ ਤੇ ਖੇਤੀ ਲਾਗਤ ਵਸਤਾਂ ਨੂੰ ਸਰਕਾਰੀ ਕੰਟਰੋਲ ਰੇਟਾਂ ’ਤੇ ਮੁਹੱਈਆ ਕਰਾਉਣ ਦੀ ਲੋੜ ਹੈ।

ਖਰੜੇ ’ਚ ਕਈ ਖੇਤਰਾਂ ਅੰਦਰ ਮਹੱਤਵਪੂਰਨ ਸਰਕਾਰੀ ਪਹਿਲਕਦਮੀ ਲੈਣ ਬਾਰੇ ਸੁਝਾਇਆ ਗਿਆ ਹੈ। ਬੀਜਾਂ ਦੇ ਉਤਪਾਦਨ, ਫਸਲਾਂ ਦੇ ਮੰਡੀਕਰਨ, ਨਹਿਰੀ ਸਿੰਜ਼ਾਈ ਦਾ ਵਿਸਥਾਰ ਕਰਨ, ਸੰਸਥਾਈ ਕਰਜਿ ?ਆਂ ਦੇ ਇੰਤਜ਼ਾਮ, ਸਹਿਕਾਰੀ ਤਾਣੇ ਬਾਣੇ ਨੂੰ ਮਜ਼ਬੂਤ ਕਰਨ, ਫਸਲੀ ਪੈਦਾਵਾਰ ਲਈ ਵਾਤਾਵਰਨ ਅਨੁਸਾਰ ਸੂਬੇ ਨੂੰ ਵੱਖ-ਵੱਖ ਜ਼ੋਨਾਂ ’ਚ ਵੰਡਣ, ਜਨਤਕ ਵੰਡ ਪ੍ਰਣਾਲੀ ਮਜ਼ਬੂਤ ਕਰਨ, ਪੰਜਾਬ ਦੀ ਫਸਲ ਬੀਮਾ ਸਕੀਮ ਤਿਆਰ ਕਰਨ, ਖੇਤੀਬਾੜੀ ਖੋਜ ਤੇ ਵਿਸਥਾਰ ਦੇ ਖੇਤਰਾਂ ’ਚ ਨਵੀਆਂ ਸੰਸਥਾਵਾਂ ਉਸਾਰਨ, ਪਹਿਲੀਆਂ ਦੀਆਂ ਅਸਾਮੀਆਂ ਭਰਨ, ਫਸਲਾਂ ਦੇ ਨੁਕਸਾਨ ਦੇ ਮੁਆਵਜ਼ੇ ’ਚ ਖੇਤ ਮਜ਼ਦੂਰਾਂ ਨੂੰ ਸ਼ਾਮਿਲ ਕਰਨ ਵਰਗੇ ਕਈ ਸੁਝਾਅ ਮਹੱਤਵਪੂਰਨ ਹਨ। ਇਹ ਸੁਝਾਅ ਮੌਜੂਦਾ ਨਵ-ਉਦਾਰਵਾਦੀ ਨੀਤੀ ਧੁੱਸ ਨੂੰ ਕੱਟਦੇ ਹਨ ਪਰ ਇਨ੍ਹਾਂ ਵੱਡੇ ਉੱਦਮਾਂ ਲਈ ਸਰਕਾਰੀ ਬਜਟਾਂ ਦੇ ਇੰਤਜ਼ਾਮਾਂ ਦਾ ਸੁਝਾਅ ਗੈਰ-ਹਾਜ਼ਰ ਹੈ। ਖੇਤੀ ਖੇਤਰ ਲਈ ਵੱਖਰਾ ਸਰਕਾਰੀ ਬਜਟ ਬਣਾਉਣ ਤੇ ਖੇਤੀ ’ਚ ਭਾਰੀ ਸਰਕਾਰੀ ਨਿਵੇਸ਼ ਕਰਨ ਦੀ ਲੋੜ ਉਭਾਰੇ ਜਾਣ ਦੀ ਜ਼ਰੂਰਤ ਸੀ ਅਤੇ ਇਸ ਨਿਵੇਸ਼ ਲਈ ਪੂੰਜੀ ਜੁਟਾਉਣ ਦੇ ਸੋਮੇ ਟਿੱਕੇ ਚਾਹੀਦੇ ਸਨ; ਜਿਵੇਂ ਕਾਰਪੋਰੇਟ ਜਗਤ ’ਤੇ ਸਿੱਧੇ ਟੈਕਸਾਂ ਰਾਹੀਂ ਅਤੇ ਸੂਬੇ ਦੇ ਜਗੀਰਦਾਰਾਂ ਨੂੰ ਖੇਤੀ ਸਬਸਿਡੀਆਂ ਰੱਦ ਕਰਨ ਰਾਹੀਂ ਇਹ ਪੂੰਜੀ ਜੁਟਾਉਣ ਦਾ ਸੁਝਾਅ ਆਉਣਾ ਚਾਹੀਦਾ ਸੀ; ਜਿਵੇਂ ਫੂਡ ਪ੍ਰਾਸੈਸਿੰਗ ਯੂਨਿਟ ਲਾਉਣ ਲਈ ਖੇਤੀ ਆਧਾਰਿਤ ਉਤਪਾਦਾਂ ਦੇ ਖੇਤਰ ’ਚ ਰੁਜ਼ਗਾਰ ਪੈਦਾ ਕਰਨ ਦਾ ਸੁਝਾਅ ਦੇਣ ਵੇਲੇ ਇਸ ਖੇਤਰ ਤੋਂ ਮੈਗਾ ਪ੍ਰਾਜੈਕਟਾਂ ਨੂੰ ਦੂਰ ਰੱਖਣ ਦਾ ਅਹਿਮ ਸੁਝਾਅ ਦਿੱਤਾ ਗਿਆ ਹੈ। ਇਉਂ ਹੀ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨ ਦੇ ਸੁਝਾਅ ਦੇ ਨਾਲ ਇਸ ਖੇਤਰ ਦੀਆਂ ਅਸਫਲਤਾਵਾਂ ਦੇ ਕਾਰਨਾਂ ਦੇ ਵਿਸ਼ਲੇਸ਼ਣ ਵਿੱਚ ਪੈਣ ਦੀ ਜ਼ਰੂਰਤ ਸੀ।

ਖੇਤੀ ਖੇਤਰ ਦੇ ਮੌਜੂਦਾ ਸੰਕਟ ਅੰਦਰ ਕੁਝ ਖੇਤਰ ਅਜਿਹੇ ਹਨ ਜਿਨ੍ਹਾਂ ’ਚ ਸਾਮਰਾਜੀ ਕੰਪਨੀਆਂ ਦਾ ਦਾਖਲਾ ਰੋਕਣ, ਸ਼ਾਹੂਕਾਰਾਂ/ਜਗੀਰਦਾਰਾਂ ਤੇ ਬਹੁ-ਕੌਮੀ ਖੇਤੀ ਕਾਰਪੋਰੇਸ਼ਨਾਂ ਨੂੰ ਖੇਤੀ ਖੇਤਰ ਦੀਆਂ ਸਬਸਿਡੀਆਂ ਹੜੱਪਣ ਤੋਂ ਰੋਕਣ ਦੀਆਂ ਪੇਸ਼ਬੰਦੀਆਂ ਦੀ ਜ਼ਰੂਰਤ ਹੈ। ਅਜਿਹੀਆਂ ਪੇਸ਼ਬੰਦੀਆਂ ਤੋਂ ਬਿਨਾਂ ਕਿਸਾਨਾਂ ਮਜ਼ਦੂਰਾਂ ਦੀ ਹਾਲਤ ਸੁਧਾਰਨ ਲਈ ਚੁੱਕੇ ਜਾਣ ਵਾਲੇ ਕਦਮ ਅਸਰਦਾਰ ਨਹੀਂ ਹੋ ਸਕਦੇ। ਇਉਂ ਹੀ ਖੇਤੀ ਖੇਤਰ ਦੇ ਕੁਝ ਬੁਨਿਆਦੀ ਕਦਮਾਂ ਨੂੰ ਕਾਨੂੰਨੀ ਬੰਧੇਜ ਵਿੱਚ ਲਿਆਉਣ ਦੀ ਜ਼ਰੂਰਤ ਹੈ ਤਾਂ ਕਿ ਮੌਕੇ ਦੀਆਂ ਸਰਕਾਰਾਂ ਲਈ ਉਨ੍ਹਾਂ ਨੂੰ ਲਾਗੂ ਕਰਨ ਦੀ ਕਾਨੂੰਨੀ ਜਵਾਬਦੇਹੀ ਬਣ ਸਕੇ। ਕਿਸਾਨ ਮਜ਼ਦੂਰ ਤੇ ਵਾਤਾਵਰਨ ਪੱਖੀ ਖੇਤੀ ਨੀਤੀ ਬਣਾਏ ਜਾਣ ਵੇਲੇ ਇਨ੍ਹਾਂ ਪਹਿਲੂਆਂ ਨੂੰ ਧਿਆਨ ਗੋਚਰੇ ਲਿਆਉਣ ਦੀ ਲੋੜ ਹੈ।

# ਸਰਕਾਰੀ ਖ਼ਰੀਦ: ਮੁੱਖ ਮੰਤਰੀ ਵੱਲੋਂ ਲੇਬਰ ਚਾਰਜ ’ਚ ਇੱਕ ਰੁਪਏ ਵਾਧੇ ਦਾ ਐਲਾਨ

## ਖਰੀਦ ਦੇ ਅੜਿੱਕੇ ਦੂਰ ਕਰਨ ਵਾਸਤੇ ਮਾਰਿਆ ਹੰਭਲਾ; ਵਿਧਾਇਕਾਂ ਤੇ ਵਜ਼ੀਰਾਂ ਨੂੰ ਮੰਡੀਆਂ ’ਚ ਜਾਣ ਦੇ ਹੁਕਮ

**ਚੰਡੀਗੜ੍ਹ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਮਾਨ ਨੇ ਝੋਨੇ ਦੀ ਸਰਕਾਰੀ ਖ਼ਰੀਦ ਨੂੰ ਲੈ ਕੇ ਬਣੇ ਅੜਿੱਕਿਆਂ ਨੂੰ ਦੂਰ ਕਰਦਿਆਂ ਅੱਜ ਖ਼ਰੀਦ ਕੇਂਦਰਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਲੇਬਰ ਚਾਰਜ ਇੱਕ ਰੁਪਏ ਪ੍ਰਤੀ ਕੁਇੰਟਲ ਵਧਾ ਦਿੱਤੇ ਹਨ। ਪਿਛਲੇ ਦਿਨਾਂ ਤੋਂ ਚੌਲ ਮਿੱਲ ਮਾਲਕਾਂ ਅਤੇ ਆੜ੍ਹਤੀਆਂ ਤੋਂ ਇਲਾਵਾ ਮਜ਼ਦੂਰਾਂ ਨੇ ਵੀ ਹੜਤਾਲ ਕੀਤੀ ਹੋਈ ਸੀ। ਅੱਜ ਪੰਜਾਬ ਦੀਆਂ ਮੰਡੀਆਂ ਵਿਚ ਝੋਨੇ ਦੀ ਸਰਕਾਰੀ ਖ਼ਰੀਦ ਸ਼ੁਰੂ ਹੋ ਗਈ ਹੈ। ਲੇਬਰ ਦੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਨੇ ਅੱਜ ਮਜ਼ਦੂਰਾਂ ਨੂੰ ਰਾਹਤ ਦਿੱਤੀ ਹੈ। ਇਸ ਵਾਧੇ ਨਾਲ ਕਰੀਬ 18 ਕਰੋੜ ਦੀ ਵਾਧੂ ਅਦਾਇਗੀ ਮਜ਼ਦੂਰਾਂ ਨੂੰ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਅੱਜ ਝੋਨੇ ਦੀ ਖ਼ਰੀਦ ਦੇ ਮੱਦੇਨਜ਼ਰ ਮੀਟਿੰਗ ਕੀਤੀ ਜਿਸ ਵਿਚ ਇਹ ਫ਼ੈਸਲਾ ਕੀਤਾ ਹੈ। ਭਗਵੰਤ ਮਾਨ ਨੇ ਅੱਜ ਮੰਤਰੀਆਂ ਅਤੇ ਵਿਧਾਇਕਾਂ ਨੂੰ ਵੀ ਨਿਰਦੇਸ਼ ਦਿੱਤੇ ਕਿ ਉਹ ਝੋਨੇ ਦੀ ਖ਼ਰੀਦ ਦੌਰਾਨ ਮੰਡੀਆਂ ਦੇ ਦੌਰੇ ਕਰਨ ਅਤੇ ਮੰਡੀਆਂ ਵਿਚ ਕਿਸਾਨਾਂ ਦੀ ਜਿਣਸ ਦੀ ਖ਼ਰੀਦ ਅਤੇ ਲਿਫਟਿੰਗ ਵਿਚ ਤੇਜ਼ੀ ਲਿਆਉਣ ਵਾਸਤੇ ਦੇਖ ਰੇਖ ਕਰਨ। ਉਧਰ ਬੇਸ਼ੱਕ ਅੱਜ ਤੋਂ ਝੋਨੇ ਦੀ ਸਰਕਾਰੀ ਖ਼ਰੀਦ ਸ਼ੁਰੂ ਹੋ ਗਈ ਹੈ, ਪਰ ਮੰਡੀਆਂ ਵਿਚ ਟਾਵੇਂ ਥਾਵਾਂ ’ਤੇ ਝੋਨਾ ਆਇਆ ਹੈ। ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਆਦੇਸ਼ ਦਿੱਤੇ ਕਿ ਮੰਡੀਆਂ ਨੂੰ ਕਬਜ਼ਿਆਂ ਤੋਂ ਮੁਕਤ ਅਤੇ ਸਾਫ਼ ਸੁਥਰਾ ਰੱਖਣ ਨੂੰ ਯਕੀਨੀ ਬਣਾਉਣ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਖ਼ਰੀਦ ਸ਼ੁਰੂ ਹੋ ਚੁੱਕੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਵਿੱਚ ਤੇਜ਼ੀ ਆਉਣ ਦੀ ਉਮੀਦ ਹੈ। ਮੁੱਖ ਮੰਤਰੀ ਨੇ ਕਿਹਾ ਕਿ ਖ਼ਰੀਦ ਸੀਜ਼ਨ ਦੌਰਾਨ 185 ਲੱਖ ਟਨ ਝੋਨਾ ਮੰਡੀਆਂ ਵਿਚ ਆਉਣ ਦੀ ਉਮੀਦ ਹੈ।

**ਭੰਡਾਰਨ ਸੰਕਟ ਲਈ ਮੁੱਖ ਮੰਤਰੀ ਵੱਲੋਂ ਕੇਂਦਰ ਨੂੰ ਪੱਤਰ**

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸੂਬੇ ਦੇ ਚੌਲ ਮਿੱਲ ਮਾਲਕਾਂ ਦਾ ਮਸਲਾ ਨਜਿੱਠਣ ਲਈ ਖਪਤਕਾਰ ਮਾਮਲੇ, ਖ਼ੁਰਾਕ ਅਤੇ ਜਨਤਕ ਵੰਡ ਮੰਤਰਾਲੇ ਦੇ ਕੇਂਦਰੀ ਮੰਤਰੀ ਤੋਂ ਮਿੱਲ ਮਾਲਕਾਂ ਦੀਆਂ ਹੱਕੀ ਮੰਗਾਂ ਨੂੰ ਪ੍ਰਵਾਨ ਕਰਨ ਲਈ ਦਖ਼ਲ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਕੇਂਦਰ ਸਰਕਾਰ 2023-24 ਦੌਰਾਨ ਐੱਫ.ਸੀ.ਆਈ. ਮਿੱਲਾਂ ਤੋਂ ਆਏ ਚੌਲਾਂ ਲਈ ਜਗ੍ਹਾ ਮੁਹੱਈਆ ਨਹੀਂ ਕਰਾ ਸਕੀ ਅਤੇ ਹੁਣ ਪੰਜਾਬ ਦੇ ਮਿੱਲ ਮਾਲਕ ਸਾਉਣੀ ਸੀਜ਼ਨ ਦੌਰਾਨ ਝੋਨੇ ਦੀ ਚੁਕਾਈ ਤੇ ਸਟੋਰ ਕਰਨ ਤੋਂ ਝਿਜਕ ਰਹੇ ਹਨ। ਉਨ੍ਹਾਂ ਕਿਹਾ ਕਿ ਹਰ ਮਹੀਨੇ ਕਵਰਡ ਸਟੋਰੇਜ ਵਿੱਚੋਂ ਘੱਟੋ-ਘੱਟ 20 ਲੱਖ ਟਨ ਚੌਲ/ਕਣਕ ਨੂੰ ਪੰਜਾਬ ਤੋਂ ਬਾਹਰ ਭੇਜਿਆ ਜਾਵੇ। ਉਨ੍ਹਾਂ ਕਿਹਾ ਕਿ ਮਿੱਲਰਾਂ ਨੂੰ ਉਨ੍ਹਾਂ ਦੇ ਮਿਲਿੰਗ ਕੇਂਦਰ ਤੋਂ ਬਾਹਰ ਜਗ੍ਹਾ ਅਲਾਟ ਹੋਣ ਦੀ ਸੂਰਤ ਵਿੱਚ ਢੁਕਵਾਂ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਵਾਧੂ ਟਰਾਂਸਪੋਰਟ ਖ਼ਰਚਿਆਂ ਦੀ ਭਰਪਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕੇਂਦਰ ਨੂੰ ਐੱਫ.ਸੀ.ਆਈ. ਕੋਲ ਜਗ੍ਹਾ ਦੀ ਘਾਟ ਕਾਰਨ 31 ਮਾਰਚ ਤੋਂ ਬਾਅਦ ਮਿਲਿੰਗ ਕਰਨ ਦੀ ਸੂਰਤ ’ਚ ਮਿੱਲਰਾਂ ਨੂੰ ਮੁਆਵਜ਼ਾ ਦੇਣ ਲਈ ਕਿਹਾ।

# ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ: ਕੌਮੀ ਇਨਸਾਫ਼ ਮੋਰਚੇ ਦੇ ਕਾਫ਼ਲੇ ਨੂੰ ਮੁਹਾਲੀ ’ਚ ਰੋਕਿਆ

## ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਮੌਕੇ ’ਤੇ ਪਹੁੰਚ ਕੇ ਮੰਗਾਂ ਮੰਨਣ ਦਾ ਭਰੋਸਾ ਦਿੱਤਾ

**ਮੁਹਾਲੀ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੰਦੀ ਸਿੰਘਾਂ ਦੀ ਰਿਹਾਈ, 328 ਸਰੂਪਾਂ ਦਾ ਮਾਮਲਾ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਕਾਂਡ ਮੁੱਦਿਆਂ ’ਤੇ ਕੌਮੀ ਇਨਸਾਫ਼ ਮੋਰਚਾ ਮੁਹਾਲੀ-ਚੰਡੀਗੜ੍ਹ, ਹਵਾਰਾ ਕਮੇਟੀ ਅਤੇ ਪੰਥਕ ਕਮੇਟੀ ਸਣੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉੱਤੇ ਪਿਛਲੇ ਸਾਲ 7 ਜਨਵਰੀ ਨੂੰ ਸ਼ੁਰੂ ਕੀਤਾ ਲੜੀਵਾਰ ਧਰਨਾ (ਪੱਕਾ ਮੋਰਚਾ) ਜਾਰੀ ਹੈ। ਅੱਜ ਵੱਡੀ ਗਿਣਤੀ ਲੋਕਾਂ ਨੇ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਮਾਰਚ ਕੀਤਾ ਅਤੇ ਚੰਡੀਗੜ੍ਹ ਵੱਲ ਕੂਚ ਕਰਨ ਦਾ ਯਤਨ ਕੀਤਾ ਪਰ ਮੁਹਾਲੀ ਪੁਲੀਸ ਨੇ ਵਾਈਪੀਐੱਸ ਚੌਕ ਨੇੜੇ ਬੈਰੀਕੇਡਿੰਗ ਕਰ ਕੇ ਸਿੱਖਾਂ ਦੇ ਕਾਫ਼ਲੇ ਨੂੰ ਅੱਗੇ ਵਧਣ ਤੋਂ ਰੋਕ ਲਿਆ।

ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਮੌਕੇ ’ਤੇ ਪਹੁੰਚ ਕੇ ਕੌਮੀ ਇਨਸਾਫ਼ ਮੋਰਚੇ ਦੀਆਂ ਮੰਗਾਂ ਪੂਰੀ ਕਰਨ ਦਾ ਭਰੋਸਾ ਦਿੱਤਾ।



ਕੌਮੀ ਇਨਸਾਫ਼ ਮੋਰਚੇ ਦੇ ਮਾਰਚ ਦੌਰਾਨ ਵਾਈਪੀਐੱਸ ਚੌਕ ’ਤੇ ਸੰਬੋਧਨ ਕਰਦੇ ਹੋਏ ਮੰਤਰੀ ਕੁਲਦੀਪ ਸਿੰਘ ਧਾਲੀਵਾਲ।

ਉਨ੍ਹਾਂ ਕਿਹਾ ਕਿ ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਗੁਰਮੀਤ ਸਿੰਘ ਦੀ ਪੱਕੀ ਰਿਹਾਈ ਦੀ ਕੋਸ਼ਿਸ਼ ਕੀਤੀ ਜਾਵੇਗੀ, ਜੋ ਹੁਣ ਸ਼ਰਤੀਆ ਜ਼ਮਾਨਤ ’ਤੇ ਹਨ। ਇੰਜ ਹੀ ਜਲਦੀ ਭਾਈ ਪਰਮਜੀਤ ਸਿੰਘ ਭਿਓਰਾ ਨੂੰ ਪੈਰੋਲ (ਛੁੱਟੀ) ਦਿੱਤੀ ਜਾਵੇਗੀ ਅਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਬਾਬਤ ਸੁਪਰੀਮ ਕੋਰਟ ਦੇ ਨੋਟਿਸ ਸਬੰਧੀ ਹਾਂ-ਪੱਖੀ ਰਿਪੋਰਟ ਭੇਜਣੇ। ਇਸ ਅਨੁਸਾਰ ਜਥੇਦਾਰ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਵੀ ਜੇਲ੍ਹ ਭੇਜਣ ’ਤੇ ਕੋਈ ਇਤਰਾਜ਼ ਨਹੀਂ ਹੋਵੇਗਾ। ਇਸ ਮੌਕੇ ਕੌਮੀ ਇਨਸਾਫ਼ ਮੋਰਚਾ ਦੇ ਕਨਵੀਨਰ ਭਾਈ ਪਾਲ ਸਿੰਘ ਫਰਾਂਸ ਨੇ ਪੰਜਾਬ ਸਰਕਾਰ ਨੂੰ ਮਹੀਨੇ ਦਾ ਅਲਟੀਮੇਟਮ ਦਿੰਦੇ ਹੋਏ ਕਿਹਾ ਕਿ ਜੇ ਇਸ ਦੌਰਾਨ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਜਲਦੀ ਹੀ ਵੱਡਾ ਐਕਸ਼ਨ ਉਲੀਕਿਆ ਜਾਵੇਗਾ। ਬੰਦੀ ਸਿੰਘ ਰਿਹਾਈ ਮਾਰਚ ਵਿੱਚ ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਗੁਰਮੀਤ ਸਿੰਘ ਸਣੇ ਵੱਖ-ਵੱਖ ਪੰਥਕ ਆਗੂਆਂ ਬਾਪੂ ਤਰਸੇਮ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਰੇਸ਼ਮ ਸਿੰਘ ਵਡਾਲੀ, ਭਾਈ ਜਸਵਿੰਦਰ ਸਿੰਘ ਰਾਜਪੁਰਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਦਰਸ਼ਨ ਪਾਲ, ਭਾਈ ਇੰਦਰਵੀਰ ਸਿੰਘ, ਵਕੀਲ ਗੁਰਸ਼ਰਨ ਸਿੰਘ ਧਾਲੀਵਾਲ, ਬਾਪੂ ਗੁਰਚਰਨ ਸਿੰਘ, ਭਾਈ ਅਮਰਪ੍ਰੀਤ ਸਿੰਘ, ਭਾਈ ਕਰਨੈਲ ਸਿੰਘ ਪੰਜੋਲੀ, ਭਾਈ ਮਹਿੰਦਰ ਪਾਲ ਸਿੰਘ, ਭਾਈ ਅਵਤਾਰ ਸਿੰਘ ਮਹਿਮਾ, ਭਾਈ ਸੁਖਦੇਵ ਸਿੰਘ ਸੁੱਖਾ ਕੰਸਾਲਾ, ਭਾਈ ਗੁਰਦੀਪ ਸਿੰਘ ਬਠਿੰਡਾ ਹਾਜ਼ਰ ਸਨ।

ਸ਼੍ਰੋਮਣੀ ਸੰਤ ਖਾਲਸਾ ਇੰਟਰਨੈਸ਼ਨਲ ਫਾਊਂਡੇਸ਼ਨ ਦੇ ਚੇਅਰਮੈਨ ਅਤੇ ਗੁਰਦੁਆਰਾ ਗੁਰਸਾਗਰ ਸਾਹਿਬ ਦੇ ਬਾਨੀ ਬਾਬਾ ਪ੍ਰਿਤਪਾਲ ਸਿੰਘ ਝੀਲ ਵਾਲੇ, ਬਾਬਾ ਤੇਜੇਸਵਰ ਪ੍ਰਤਾਪ ਸਿੰਘ, ਬਾਬਾ ਸਰੂਪ ਸਿੰਘ, ਬਾਬਾ ਗੁਰਮੇਲ ਸਿੰਘ, ਬਾਬਾ ਅਮਰਾਓ ਸਿੰਘ ਲੰਬਿਆਂ ਵਾਲੇ, ਬਸਪਾ ਦੇ ਕੌਮੀ ਸਕੱਤਰ ਭਾਈ ਜਗਜੀਤ ਸਿੰਘ ਛੜਬੜ ਸਣੇ ਹੋਰਨਾਂ ਨੇ ਵੀ ਸ਼ਮੂਲੀਅਤ ਕੀਤੀ।

# ਏਸ਼ੀਆ ਦੀ ਸਭ ਤੋਂ ਵੱਡੀ ਮੰਡੀ ’ਚ ਸ਼ੁਰੂ ਨਾ ਹੋਈ ਝੋਨੇ ਦੀ ਖਰੀਦ



ਖੰਨਾ ਮੰਡੀ ਵਿੱਚ ਸੂਬਾ ਸਰਕਾਰ ਖ਼ਿਲਾਫ਼ ਧਰਨਾ ਦਿੰਦੇ ਹੋਏ ਮਜ਼ਦੂਰ।

**ਖੰਨਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪਹਿਲੀ ਅਕਤੂਬਰ ਤੋਂ ਝੋਨੇ ਦੀ ਖ਼ਰੀਦ ਦੇ ਦਾਅਵੇ ਉਦੋਂ ਠੁੱਸ ਹੋ ਕੇ ਰਹਿ ਗਏ, ਜਦੋਂ ਅੱਜ ਏਸ਼ੀਆ ਦਾ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਵਿੱਚ ਕਿਸੇ ਵੀ ਸਰਕਾਰੀ ਏਜੰਸੀ ਨੇ ਝੋਨੇ ਦਾ ਇਕ ਦਾਣਾ ਤਕ ਨਾ ਖ਼ਰੀਦਿਆ।

ਖੰਨਾ ਮੰਡੀ ਵਿੱਚ ਕਰੀਬ ਦੋ ਹਜ਼ਾਰ ਕੁਇੰਟਲ ਤੋਂ ਵਧੇਰੇ ਝੋਨਾ ਪੁੱਜ ਚੁੱਕਿਆ ਹੈ। ਖ਼ਰੀਦ ਨਾ ਹੋਣ ਕਾਰਨ ਝੋਨਾ ਲੈ ਕੇ ਮੰਡੀ ਵਿੱਚ ਆਏ ਕਿਸਾਨਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਪੰਜਾਬ ਵਿੱਚ ਪਿਛਲੇ ਕਈ ਦਿਨਾਂ ਤੋਂ ਆੜ੍ਹਤੀਆਂ ਅਤੇ ਸ਼ੈੱਲਰ ਮਾਲਕਾਂ ਦੇ ਨਾਲ-ਨਾਲ ਮਜ਼ਦੂਰ ਵੀ ਆਪਣੀਆਂ ਮੰਗਾਂ ਸਬੰਧੀ ਹੜਤਾਲ ’ਤੇ ਚੱਲ ਰਹੇ ਹਨ। ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਦੀ ਆੜ੍ਹਤੀਆਂ ਅਤੇ ਸ਼ੈੱਲਰ ਮਾਲਕਾਂ ਨਾਲ ਹੜਤਾਲ ਖੁੱਲ੍ਹਵਾਉਣ ਸਬੰਧੀ ਹੋਈ ਮੀਟਿੰਗ ਬੇਸਿੱਟਾ ਰਹੀ। ਇੱਥੋਂ ਤੱਕ ਕੇ ਖ਼ੁਦ ਮੁੱਖ ਮੰਤਰੀ ਭਗਵੰਤ ਮਾਨ ਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀਆਂ ਮੀਟਿੰਗਾਂ ਅਤੇ ਅਪੀਲਾਂ ਦਾ ਵੀ ਕੋਈ ਅਸਰ ਨਹੀਂ ਹੋਇਆ। ਆੜ੍ਹਤੀ ਪੰਜਾਬ ਸਰਕਾਰ ਤੋਂ ਢਾਈ ਫ਼ੀਸਦ ਆੜ੍ਹਤ ਲੈਣ ਲਈ ਅੜੇ ਹੋਏ ਹਨ। ਇਸ ਲਈ ਪੰਜਾਬ ਸਰਕਾਰ ਦੇ ਅਧਿਕਾਰੀ ਇਸ ਮੰਗ ਲਈ ਕੇਂਦਰ ’ਤੇ ਜ਼ੋਰ ਦੇਣ ਲਈ ਕਹਿ ਰਹੇ ਹਨ। ਆੜ੍ਹਤੀ ਆਗੂ ਹਰਬੰਸ ਸਿੰਘ ਰੋਸ਼ਾ ਅਤੇ ਯਾਦਵਿੰਦਰ ਸਿੰਘ ਲਿਬੜਾ ਨੇ ਕਿਹਾ ਕਿ ਆੜ੍ਹਤੀ ਤਾਂ ਝੋਨਾ ਪੰਜਾਬ ਸਰਕਾਰ ਲਈ ਖ਼ਰੀਦਦੇ ਹਨ ਤੇ ਸੂਬਾ ਸਰਕਾਰ ਹੀ ਉਨ੍ਹਾਂ ਨੂੰ ਪੈਸੇ ਦਿੰਦੀ ਹੈ ਤਾਂ ਆੜ੍ਹਤ ਦੀ ਢਾਈ ਫ਼ੀਸਦ ਪੰਜਾਬ ਸਰਕਾਰ ਹੀ ਦੇਵੇ। ਅੱਜ ਮੰਡੀ ਵਿੱਚ ਲੇਬਰ ਵੀ ਧਰਨਾ ਲਾ ਕੇ ਬੈਠੀ ਰਹੀ। ਲੇਬਰ ਯੂਨੀਅਰ ਦੇ ਆਗੂ ਦਰਸ਼ਨ ਲਾਲ ਨੇ ਕਿਹਾ ਕਿ ਲੇਬਰ ’ਚ ਜਿੰਨਾ ਚਿਰ ਪੰਜ ਰੁਪਏ ਦਾ ਵਾਧਾ ਨਹੀਂ ਕੀਤਾ ਜਾਂਦਾ ਉਦੋਂ ਤੱਕ ਹੜਤਾਲ ਜਾਰੀ ਰਹੇਗੀ।

**ਖ਼ਰੀਦ ਦੇ ਸਾਰੇ ਪ੍ਰਬੰਧ ਮੁਕੰਮਲ: ਅਧਿਕਾਰੀ**

ਮਾਰਕੀਟ ਕਮੇਟੀ ਦੇ ਸਕੱਤਰ ਮਨਜਿੰਦਰ ਸਿੰਘ ਨੇ ਦੱਸਿਆ ਕਿ ਮੰਡੀ ਵਿਚ ਝੋਨੇ ਦੀ ਖ਼ਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਹਨ। ਖ਼ਰੀਦ ਸਮੇਂ ਕਿਸੇ ਵੀ ਕਿਸਾਨਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।

# ਗੈਸ ਫੈਕਟਰੀ ਮਾਮਲਾ: ਅਖਾੜਾ ਤੇ ਭੂੰਦੜੀ ’ਚ ਹਾਲਾਤ ਮੁੜ ਤਣਾਅਪੂਰਨ

**ਚੰਡੀਗੜ੍ਹ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਦੇ ਦੋ ਪਿੰਡਾਂ ਅਖਾੜਾ ਤੇ ਭੂੰਦੜੀ ’ਚ ਲੱਗਣ ਵਾਲੀਆਂ ਗੈਸ ਫੈਕਟਰੀਆਂ ਦਾ ਮਾਮਲਾ ਛੇ ਮਹੀਨੇ ਬਾਅਦ ਵੀ ਕਿਸੇ ਤਣ-ਪੱਤਣ ਲੱਗਦਾ ਨਜ਼ਰ ਨਹੀਂ ਆ ਰਿਹਾ। ਉਲਟਾ ਵਾਰ-ਵਾਰ ਤਣਾਅ ਵਾਲਾ ਮਾਹੌਲ ਬਣ ਜਾਂਦਾ ਹੈ ਅਤੇ ਛੇ ਮਹੀਨੇ ਤੋਂ ਹੀ ਦੋਵੇਂ ਪਿੰਡਾਂ ’ਚ ਪੱਕੇ ਮੋਰਚੇ ਲਾ ਕੇ ਪਿੰਡ ਵਾਸੀਆਂ ਨੇ ਫੈਕਟਰੀਆਂ ਦਾ ਕੰਮ ਰੋਕਿਆ ਹੋਇਆ ਹੈ। ਦੋਹਾਂ ਪਿੰਡਾਂ ’ਚ ਬੀਤੀ ਰਾਤ ਗੁਰਦੁਆਰੇ ਦੇ ਸਪੀਕਰ ਵਿੱਚ ਅਨਾਊਂਸਮੈਂਟ ਕੀਤੇ ਜਾਣ ਤੋਂ ਬਾਅਦ ਧਰਨੇ ਲੱਗ ਗਏ। ਸਵੇਰ ਤੱਕ ਵੱਡੀ ਗਿਣਤੀ ਪਿੰਡ ਵਾਸੀ ਸੜਕਾਂ ’ਤੇ ਆ ਕੇ ਬੈਠ ਗਏ। ਪਿੰਡ ਅਖਾੜਾ ’ਚ ਹਾਲੇ ਕੁਝ ਦਿਨ ਪਹਿਲਾਂ ਹੀ ਪਿੰਡ ਦੇ ਰਾਹ ਬੰਦ ਕਰਕੇ ਲਗਪਗ ਸਾਰਾ ਪਿੰਡ ਧਰਨੇ ’ਚ ਬੈਠ ਗਿਆ ਸੀ। ਉਦੋਂ ਵੀ ਸਿਵਲ ਤੇ ਪੁਲੀਸ ਪ੍ਰਸ਼ਾਸਨ ਵੱਲੋਂ ਧਰਨਾ ਜਬਰਨ ਚੁਕਾਉਣ ਦੀ ਅਫਵਾਹ ਫੈਲੀ ਸੀ। ਬੀਤੀ ਰਾਤ ਵੀ ਅਜਿਹਾ ਹੋਇਆ ਅਤੇ ਅੱਜ ਜਦੋਂ ਸਵੇਰੇ ਦੋਵਾਂ ਪਿੰਡਾਂ ’ਚ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਆ ਗਈਆਂ ਤਾਂ ਲੋਕਾਂ ਨੂੰ ਯਕੀਨ ਹੋ ਗਿਆ। ਇਹ ਵੀ ਚਰਚਾ ਚੱਲੀ ਕਿ ਧਰਨਾਕਾਰੀਆਂ ’ਤੇ ਪਾਣੀ ਦੀਆਂ ਬੁਛਾੜਾਂ ਮਾਰ ਕੇ ਖਦੇੜਨ ਲਈ ਵਾਟਰ ਕੈਨਨ ਗੱਡੀਆਂ ਪਹੁੰਚ ਗਈਆਂ ਹਨ। ਇਸ ’ਤੇ ਲੋਕਾਂ ’ਚ ਰੋਹ ਵਧ ਗਿਆ ਅਤੇ ਸਰਕਾਰ ਤੇ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਹੋ ਗਈ। ਬਾਅਦ ’ਚ ਸਿਵਲ ਤੇ ਪੁਲੀਸ ਅਧਿਕਾਰੀ ਵੱਡੀ ਗਿਣਤੀ ਪੁਲੀਸ ਫੋਰਸ ਨਾਲ ਅਖਾੜਾ ਧਰਨੇ ’ਚ ਪਹੁੰਚੇ। ਪੁਲੀਸ ਅਧਿਕਾਰੀਆਂ ਨੇ ਧਰਨਾਕਾਰੀਆਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਧਰਨਾਕਾਰੀ ਸੰਘਰਸ਼ ਜਬਰਨ ਨਾ ਕੁਚਲਣ ਦੇ ਲਿਖਤੀ ਵਾਅਦੇ ’ਤੇ ਅੜੇ ਰਹੇ। ਅਧਿਕਾਰੀਆਂ ਨੇ ਸ਼ਾਮ ਨੂੰ ਦੋਵੇਂ ਪਿੰਡਾਂ ’ਚ ਡਿਪਟੀ ਕਮਿਸ਼ਨਰ ਦੇ ਪੁਤਲੇ ਫੂਕਣ ਦਾ ਪ੍ਰਗਰਾਮ ਰੁਕਵਾਉਣ ਦੀ ਵੀ ਕੋਸ਼ਿਸ਼ ਕੀਤੀ ਪਰ ਸ਼ਾਮ ਨੂੰ ਪੰਜ ਵਜੇ ਦੋਵੇਂ ਪਿੰਡਾਂ ਅਖਾੜਾ ਤੇ ਭੂੰਦੜੀ ’ਚ ਲੁਧਿਆਣਾ ਦੇ ਡੀਸੀ ਦੇ ਬਿਆਨ ਦੇ ਵਿਰੋਧ ’ਚ ਪੁਤਲੇ ਫੂਕੇ ਗਏ।



ਪਿੰਡ ਅਖਾੜਾ ਵਿੱਚ ਧਰਨੇ ਨੇੜੇ ਤਾਇਨਾਤ ਪੁਲੀਸ।

ਪੰਚਾਇਤੀ ਚੋਣਾਂ ਦਾ ਮਾਹੌਲ ਹੋਣ ਕਰਕੇ ਅਤੇ ਇਕਜੁੱਟ ਲੋਕਾਂ ’ਚ ਰੋਹ ਦੇਖ ਕੇ ਅਧਿਕਾਰੀ ਬਿਨਾਂ ਕਾਰਵਾਈ ਦੇ ਪਰਤ ਗਏ। ਰੈਲੀ ਨੂੰ ਕਿਸਾਨ ਆਗੂ ਜਗਤਾਰ ਸਿੰਘ ਦੇਹੜਕਾ, ਇੰਦਰਜੀਤ ਸਿੰਘ ਧਾਲੀਵਾਲ, ਤਰਸੇਮ ਸਿੰਘ ਬੱਸੂਵਾਲ, ਗੁਰਤੇਜ ਸਿੰਘ ਪ੍ਰਧਾਨ, ਕੰਵਲਜੀਤ ਖੰਨਾ ਨੇ ਸੰਬੋਧਨ ਕੀਤਾ।

*ਘਰੇਲੂ ਬਗ਼ੀਚੀ ਤੋਂ ਸਾਰਾ ਸਾਲ ਤਾਜ਼ੇ ਫਲਾਂ ਤੇ ਸਬਜ਼ੀਆਂ ਦੀ ਪੂਰਤੀ ਕੀਤੀ ਜਾ ਸਕਦੀ ਹੈ। ਫਲ ਅਤੇ ਸਬਜ਼ੀਆਂ ਹਾਨੀਕਾਰਕ ਕੀਟਨਾਸ਼ਕਾਂ ਤੋਂ ਰਹਿਤ ਹੁੰਦੇ ਹਨ ਤੇ ਪਰਿਵਾਰ ਨੂੰ ਸੰਤੁਲਿਤ ਪੋਸ਼ਣ ਮਿਲਦਾ ਹੈ...*

# ਘਰੇਲੂ ਬਗ਼ੀਚੀ ਦਾ ਪੌਸ਼ਟਿਕ ਭੋਜਨ 'ਚ ਯੋਗਦਾਨ

• ਪ੍ਰਕਾਸ਼ ਮਹਲਾ



ਘਰੇਲੂ ਬਗ਼ੀਚੀ ਦਾ ਉਦੇਸ਼ ਪਰਿਵਾਰ ਲਈ ਤਾਜ਼ੀਆਂ ਸਬਜ਼ੀਆਂ ਉਗਾਉਣਾ ਹੈ। ਇਹ ਬਗ਼ੀਚੀ ਚੰਗੀ ਸਿਹਤ ਤੇ ਵਿੱਤੀ ਪੱਖੋਂ ਲਾਭਦਾਇਕ ਹੈ। ਘਰੇਲੂ ਬਗ਼ੀਚੀ ਘਰ ਦੇ ਨੇੜੇ ਉਹ ਜਗ੍ਹਾ ਹੁੰਦੀ ਹੈ, ਜਿੱਥੇ ਅਸੀਂ ਪਰਿਵਾਰ ਦੀ ਲੋੜ ਅਨੁਸਾਰ ਸਬਜ਼ੀਆਂ ਦੀ ਕਾਸ਼ਤ ਕਰ ਸਕਦੇ ਹਾਂ। ਵਧਦੀ ਹੋਈ ਜਨਸੰਖਿਆ ਕਾਰਨ ਸਬਜ਼ੀਆਂ ਦੀ ਮੰਗ ਵੀ ਵਧੀ ਹੈ ਤੇ ਪੈਦਾਵਾਰ ਘੱਟ ਹੋਣ ਕਾਰਨ ਸਬਜ਼ੀਆਂ ਦੀਆਂ ਕੀਮਤਾਂ ਕਾਫ਼ੀ ਜ਼ਿਆਦਾ ਹਨ, ਜਿਸ ਨਾਲ ਵਿੱਤੀ ਬੋਝ ਵਧਦਾ ਹੈ। ਸਰੀਰਕ ਵਿਕਾਸ ਲਈ ਪੌਸ਼ਟਿਕ ਭੋਜਨ ਬੇਹੱਦ ਜ਼ਰੂਰੀ ਹੈ। ਹਰ ਮਨੁੱਖ ਨੂੰ ਰੋਜ਼ਾਨਾ ਔਸਤ 300 ਗ੍ਰਾਮ ਸ਼ਬਜ਼ੀਆਂ ਦਾ ਸੇਵਨ ਕਰਨਾ ਜ਼ਰੂਰੀ ਹੈ, ਕਿਉਂਕਿ ਇਨ੍ਹਾਂ ਤੋਂ ਪ੍ਰੋਟੀਨ, ਕਾਰਬੋਹਾਈਡਰੇਟ ਆਦਿ ਤੱਤ ਸਿੱਧੇ ਤੌਰ 'ਤੇ ਮਿਲਦੇ ਹਨ। ਸਬਜ਼ੀਆਂ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੀਆਂ ਹਨ ਪਰ ਅੱਜ ਕੱਲ੍ਹ ਕੀਟਨਾਸ਼ਕਾਂ ਤੇ ਰਸਾਇਣਕ ਖਾਦਾਂ ਦੀ ਵਧੇਰੇ ਵਰਤੋਂ ਕਾਰਨ ਇਹ ਸਿਹਤ ਲਈ ਖ਼ਤਰਨਾਕ ਸਿੱਧ ਹੋ ਰਹੀਆਂ ਹਨ। ਇਸ ਕਾਰਨ ਘਰੇਲੂ ਬਗ਼ੀਚੀ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਘਰੇਲੂ ਬਗ਼ੀਚੀ ਲਗਾਉਣ ਤੋਂ ਪਹਿਲਾਂ ਇਹ ਧਿਆਨ ਰੱਖੋ ਕਿ ਜ਼ਮੀਨ ਦੀ ਸਿਹਤ ਠੀਕ ਹੋਵੇ। ਇਸ ਜਗ੍ਹਾ ਕਿਸੇ ਪ੍ਰਕਾਰ ਦੇ ਨੀਮਾਟੋਡ ਦਾ ਹਮਲਾ ਨਾ ਹੋਵੇ, ਪਾਣੀ ਦੀ ਉਪਲਬਧਤਾ ਹੋਵੇ ਤੇ ਸੂਰਜ ਦੀ ਰੌਸ਼ਨੀ ਪਹੁੰਚਦੀ ਹੋਵੇ। ਘਰੇਲੂ ਬਗ਼ੀਚੀ ਦੇ ਤੌਰ 'ਤੇ ਲਗਪਗ 1.4 ਮਰਲੇ ਜ਼ਮੀਨ 'ਚ ਸਾਰਾ ਸਾਲ ਸਬਜ਼ੀਆਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ, ਜੋ 4-5 ਜੀਆਂ ਦੇ ਪਰਿਵਾਰ ਲਈ ਕਾਫ਼ੀ ਹੈ।

## ਧਿਆਨ ਦੇਣ ਯੋਗ ਗੱਲਾਂ

ਘਰੇਲੂ ਬਗ਼ੀਚੀ ਛਾਂ ਵਾਲੀ ਜਗ੍ਹਾ ਤੋਂ ਦੂਰ ਅਤੇ ਘਰ ਦੇ ਨੇੜੇ ਹੋਣੀ ਚਾਹੀਦੀ ਹੈ ਤਾਂ ਜੋ ਸਮਾਂ ਮਿਲਣ 'ਤੇ ਇਥੇ ਕੰਮ ਕੀਤਾ ਜਾ ਸਕੇ ਤੇ ਨਿਗਰਾਨੀ ਵੀ ਹੋ ਸਕੇ। ਸਬਜ਼ੀਆਂ ਦੀ ਚੋਣ ਘਰ ਦੀ ਪੂਰੇ ਸਾਲ ਦੀ ਜ਼ਰੂਰਤ ਨੂੰ ਧਿਆਨ 'ਚ ਰੱਖ ਕੇ ਕਰੋ। ਘਰੇਲੂ ਬਗ਼ੀਚੀ ਲਈ ਖ਼ਰਚਾ ਘੱਟ ਤੋਂ ਘੱਟ ਆਵੇ। ਸਬਜ਼ੀਆਂ ਦੀਆਂ ਬਿਮਾਰੀਆਂ ਤੇ ਕੀੜਿਆਂ ਨਾਲ ਟਾਕਰਾ ਕਰਨ ਦੇ ਸਮਰੱਥ ਕਿਸਮਾਂ ਦੀ ਚੋਣ ਕਰੋ। ਘਰੇਲੂ ਬਗ਼ੀਚੀ ਦਾ ਸਾਰਾ ਕੰਮ ਪਰਿਵਾਰ ਦੇ ਮੈਂਬਰਾਂ ਨੂੰ ਆਪ ਕਰਨਾ ਚਾਹੀਦਾ ਹੈ। ਹੋ ਸਕੇ ਤਾਂ ਕੁਦਰਤੀ ਤੌਰ 'ਤੇ ਘਰੇਲੂ ਬਗ਼ੀਚੀ ਦਾ ਮਾਡਲ ਬਣਾਉ। ਜਗ੍ਹਾ ਦਾ ਵੱਧ ਤੋਂ ਵੱਧ ਤੇ ਸਹੀ ਉਪਯੋਗ ਕੀਤਾ ਜਾਵੇ ਤਾਂ ਜੋ ਜਗ੍ਹਾ ਖ਼ਾਲੀ ਨਾ ਰਹੇ ਤੇ ਵੱਧ ਤੋਂ ਵੱਧ ਸਬਜ਼ੀਆਂ ਉਪਜਾਈਆਂ ਜਾ ਸਕਣ। ਕਿਆਰੀਆਂ ਦੀਆਂ ਵੱਟਾਂ 'ਤੇ ਗਾਜਰ, ਮੂਲੀ ਤੇ ਪੱਤੇਦਾਰ ਸਬਜ਼ੀਆਂ ਦੀ ਬਿਜਾਈ ਕਰੋ।

### ਸਬਜ਼ੀਆਂ ਦੀ ਚੋਣ

ਘਰੇਲੂ ਬਗ਼ੀਚੀ ਲਈ ਸਬਜ਼ੀਆਂ ਦੀ ਕਿਸਮ ਦੀ ਚੋਣ ਤੇ ਉਨ੍ਹਾਂ ਲਈ ਉਚਿਤ ਜਗ੍ਹਾ ਦੀ ਚੋਣ ਬਹੁਤ ਮਹੱਤਵਪੂਰਨ ਹੈ। ਟਮਾਟਰ, ਬੈਂਗਣ, ਭਿੰਡੀ ਨੂੰ ਉਥੇ ਬੀਜੋਸ ਜਿੱਥੇ ਜ਼ਿਆਦਾ ਧੁੱਪ ਪੈਂਦੀ ਹੋਵੇ। ਵੇਲਦਾਰ ਸਬਜ਼ੀਆਂ, ਜਿਵੇਂ ਘੀਆ, ਤੋਰੀਆਂ, ਖੀਰਾ ਆਦਿ ਨੂੰ ਕਿਸੇ ਸਹਾਰੇ ਨਾਲ ਜਾਂ ਦਰੱਖ਼ਤ 'ਤੇ ਚੜ੍ਹਾਇਆ ਜਾ ਸਕਦਾ ਹੈ। ਜਿਨ੍ਹਾਂ ਸ਼ਬਜ਼ੀਆਂ ਨੂੰ ਛਾਂ ਦੀ ਲੋੜ ਹੁੰਦੀ ਹੈ, ਉਨ੍ਹਾਂ ਨੂੰ ਘਰ ਦੇ ਨੇੜੇ ਦਰੱਖ਼ਤਾਂ ਦੀ ਛਾਵੇਂ ਉਗਾਇਆ ਜਾ ਸਕਦਾ ਹੈ। ਫਲਦਾਰ ਬੂਟੇ ਅਮਰੂਦ, ਪਪੀਤਾ, ਲੀਚੀ, ਨਿੰਬੂ ਤੇ ਅੰਬ ਆਦਿ ਵੀ ਘਰੇਲੂ ਬਗ਼ੀਚੀ 'ਚ ਲਗਾਏ ਜਾ ਸਕਦੇ ਹਨ।

ਕੰਧ ਜਾਂ ਵਾੜ ਦੇ ਸਹਾਰੇ ਵੇਲ ਵਾਲੀਆਂ ਸਬਜ਼ੀਆਂ ਲਗਾਈਆਂ ਜਾ ਸਕਦੀਆਂ ਹਨ।

## ਬਗ਼ੀਚੀ ਦੇ ਲਾਭ

ਘਰ ਦੇ ਨੇੜੇ ਪਈ ਖਾਲੀ ਥਾਂ ਦੀ ਸਹੀ ਵਰਤੋਂ ਹੁੰਦੀ ਹੈ। ਸਾਰਾ ਸਾਲ ਤਾਜ਼ੇ ਫਲਾਂ ਤੇ ਸਬਜ਼ੀਆਂ ਦੀ ਪੂਰਤੀ ਕੀਤੀ ਜਾ ਸਕਦੀ ਹੈ। ਫਲ ਅਤੇ ਸਬਜ਼ੀਆਂ ਹਾਨੀਕਾਰਕ ਕੀਟਨਾਸ਼ਕਾਂ ਤੋਂ ਰਹਿਤ ਹੁੰਦੇ ਹਨ। ਸਬਜ਼ੀਆਂ ਅਤੇ ਫਲਾਂ ਉੱਪਰ ਹੋਣ ਵਾਲੇ ਖ਼ਰਚ ਦੀ ਬੱਚਤ ਹੁੰਦੀ ਹੈ। ਪਰਿਵਾਰ ਨੂੰ ਮਿਆਰੀ ਤੇ ਸੰਤੁਲਿਤ ਪੋਸ਼ਣ ਮਿਲਦਾ ਹੈ। ਘਰ 'ਚ ਬੀਜੀਆਂ ਸਬਜ਼ੀਆਂ ਬਾਜ਼ਾਰ ਨਾਲੋਂ ਜ਼ਿਆਦਾ ਸਵਾਦ ਬਣਦੀਆਂ ਹਨ। ਰਸੋਈ ਦੀ ਰਹਿੰਦ-ਖੂੰਹਦ ਤੇ ਫਲਾਂ-ਸਬਜ਼ੀਆਂ ਦੇ ਛਿਲਕਿਆਂ ਤੋਂ ਕੰਪੋਸਟ ਬਣਾ ਕੇ ਉਸ ਨੂੰ ਘਰੇਲੂ ਬਗ਼ੀਚੀ ਵਿਚ ਖਾਦ ਦੇ ਤੌਰ 'ਤੇ ਵਰਤਿਆ ਜਾ ਸਕਦਾ ਹੈ। ਘਰੇਲੂ ਫਿਲਟਰ ਜਾਂ ਆਰਓ ਦੇ ਵਾਧੂ ਪਾਣੀ ਨੂੰ ਘਰੇਲੂ ਬਗ਼ੀਚੀ 'ਚ ਸਿੰਚਾਈ ਲਈ ਵਰਤਿਆ ਜਾ ਸਕਦਾ ਹੈ। ਵਾਧੂ ਸਮੇਂ ਦੀ ਸਹੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਬਗ਼ੀਚੀ ਘਰ ਦੇ ਵਾਤਾਵਰਨ ਨੂੰ ਸ਼ੁੱਧ ਰੱਖਣ 'ਚ ਸਹਾਈ ਹੁੰਦੀ ਹੈ। ਸਬਜ਼ੀਆਂ ਦੇ ਨਾਲ ਫਲਦਾਰ ਬੂਟੇ, ਜਿਵੇਂ ਪਪੀਤਾ, ਕੇਲਾ, ਨਿੰਬੂ, ਅਨਾਰ ਆਦਿ ਵੀ ਘਰੇਲੂ ਬਗ਼ੀਚੀ 'ਚ ਲਗਾਏ ਜਾ ਸਕਦੇ ਹਨ। •



• ਜਸਕਰਨ ਸਿੰਘ ਮਾਹਲ

*ਇਸ ਸਮੇਂ ਪੰਜਾਬ ਵਿਚ 80 ਫ਼ੀਸਦੀ ਵਾਹੀਯੋਗ ਰਕਬੇ 'ਤੇ ਕਣਕ-ਝੋਨੇ ਦਾ ਫ਼ਸਲੀ ਚੱਕਰ ਅਪਣਾਇਆ ਜਾ ਰਿਹਾ ਹੈ। ਪੰਜਾਬ 'ਚ ਫ਼ਸਲੀ ਘਣਤਾ ਦੀ ਦਰ 200 ਫ਼ੀਸਦੀ ਤੋਂ ਵੀ ਟੱਪ ਗਈ ਹੈ। ਇਸ ਨਾਲ ਸੂਬੇ ਦੇ ਕੁਦਰਤੀ ਸਰੋਤਾਂ 'ਤੇ ਭਾਰੀ ਬੋਝ ਪੈ ਰਿਹਾ ਹੈ...*



# ਖੇਤੀ ਸਰੋਤਾਂ ਦੀ ਸੁਚੱਜੀ ਵਰਤੋਂ ਤੇ ਟਿਕਾਊ ਖੇਤੀ

ਖ਼ੁਰਾਕ ਉਤਪਾਦਨ ਵਿਚ ਭਾਰਤ ਨੂੰ ਆਤਮ-ਨਿਰਭਰ ਬਣਾਉਣ 'ਚ ਪੰਜਾਬ ਦਾ ਅਹਿਮ ਯੋਗਦਾਨ ਰਿਹਾ। 1960 ਦੇ ਦਹਾਕੇ ਵਿਚ ਵੱਧ ਝਾੜ ਦੇਣ ਵਾਲੀਆਂ ਕਣਕ ਤੇ ਝੋਨੇ ਦੀਆਂ ਕਿਸਮਾਂ ਅਪਣਾਏ ਜਾਣ ਤੇ ਇਨ੍ਹਾਂ ਨੂੰ ਉਤਸ਼ਾਹਿਤ ਕਰਨ ਨਾਲ ਕਣਕ-ਝੋਨਾ ਪੰਜਾਬ ਦਾ ਮੁੱਖ ਫ਼ਸਲੀ ਚੱਕਰ ਬਣ ਗਿਆ। ਇਸ ਸਮੇ 80 ਫ਼ੀਸਦੀ ਵਾਹੀਯੋਗ ਰਕਬੇ 'ਤੇ ਇਹ ਫ਼ਸਲੀ ਚੱਕਰ ਅਪਣਾਇਆ ਜਾ ਰਿਹਾ ਹੈ। ਇਸ ਵੇਲੇ ਪੰਜਾਬ 'ਚ ਫ਼ਸਲੀ ਘਣਤਾ ਦੀ ਦਰ 200 ਫ਼ੀਸਦੀ ਤੋਂ ਵੀ ਟੱਪ ਗਈ ਹੈ। ਇਸ ਨਾਲ ਸੂਬੇ ਦੇ ਕੁਦਰਤੀ ਸਰੋਤਾਂ 'ਤੇ ਭਾਰੀ ਬੋਝ ਪੈ ਰਿਹਾ ਹੈ।

ਕਣਕ-ਝੋਨੇ ਦੇ ਫ਼ਸਲੀ ਚੱਕਰ ਨੂੰ ਵੱਡੇ ਪੱਧਰ 'ਤੇ ਅਪਣਾਏ ਜਾਣ ਨਾਲ ਸੂਬੇ ਦੇ ਕੁਦਰਤੀ ਸਰੋਤ, ਖ਼ਾਸ ਕਰਕੇ ਜ਼ਮੀਨਦੋਜ਼ ਪਾਣੀ ਦੇ ਪੱਧਰ 'ਚ ਲਗਾਤਾਰ ਗਿਰਾਵਟ ਆ ਰਹੀ ਹੈ। ਫ਼ਸਲਾਂ ਦੁਆਰਾ ਖ਼ਪਤ ਕੀਤੇ ਜਾ ਰਹੇ ਜ਼ਮੀਨੀ ਤੱਤਾਂ ਦੀ ਪੂਰਤੀ ਲਈ ਰਸਾਇਣਕ ਖਾਦਾਂ ਦੀ ਵਰਤੋਂ, ਸਿੰਚਾਈ ਲਈ ਜ਼ਮੀਨੀਦੋਜ਼ ਪਾਣੀ ਦੀ ਵਰਤੋਂ, ਵਧ ਰਹੇ ਪ੍ਰਦੂਸ਼ਣ ਤੇ ਖੇਤੀ ਖ਼ਰਚਿਆਂ 'ਚ ਵਾਧਾ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਇਸ ਸਮੇਂ ਪੰਜਾਬ ਵਿਚ ਰਸਾਇਣਕ ਖਾਦਾਂ ਦੀ ਖਪਤ 249 ਕਿੱਲੋ ਪ੍ਰਤੀ ਹੈਕਟੇਅਰ ਹੈ ਤੇ ਸਿੰਚਾਈ ਹੇਠ ਕਰੀਬ 100 ਫ਼ੀਸਦੀ ਰਕਬਾ ਹੈ, ਜੋ ਕਿ ਰਾਸ਼ਟਰੀ ਪੱਧਰ ਨਾਲੋਂ ਕਿਤੇ ਜ਼ਿਆਦਾ ਹੈ। ਹਾਲਾਂਕਿ ਝੋਨਾ ਪੰਜਾਬ ਦੀ ਰਵਾਇਤੀ ਫ਼ਸਲ ਨਹੀ ਸੀ।

1960-61 ਵਿਚ ਇਸ ਹੇਠ 2.3 ਲੱਖ ਹੈਕਟੇਅਰ ਰਕਬਾ ਸੀ, ਜੋ 2017-18 ਵਿਚ ਵਧ ਕੇ ਕਰੀਬ 30 ਲੱਖ ਹੈਕਟੇਅਰ ਹੋ ਗਿਆ ਹੈ। ਪਾਣੀ ਦੀ ਲੋੜ ਲਈ ਵੱਧ ਤੋਂ ਵੱਧ ਟਿਊਬਵੈੱਲ ਲਗਦੇ ਰਹੇ ਤੇ ਇਸ ਸਮੇਂ ਸੂਬੇ 'ਚ 14 ਲੱਖ ਟਿਊਬਵੈੱਲ ਹਨ, ਜੋ ਸਿੰਚਾਈ ਦੀ 75 ਫ਼ੀਸਦੀ ਲੋੜ ਪੂਰੀ ਕਰਦੇ ਹਨ। ਅਜੋਕੇ ਸਮੇਂ ਦੌਰਾਨ ਪੰਜਾਬ ਦੀ ਖੇਤੀ ਨੂੰ ਕਈ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਿਊਬਵੈੱਲਾਂ ਰਾਹੀਂ ਜ਼ਮੀਨਦੋਜ਼ ਪਾਣੀ ਦੀ ਨਿਕਾਸੀ ਕਾਰਨ ਸੂਬੇ ਦੇ 70 ਫ਼ੀਸਦੀ ਰਕਬੇ 'ਚ ਪਾਣੀ ਦਾ ਪੱਧਰ ਡੂੰਘਾ ਹੋ ਗਿਆ ਹੈ। ਇਹ ਸਮੱਸਿਆ ਕੇਂਦਰੀ ਪੰਜਾਬ 'ਚ ਗੰਭੀਰ ਰੂਪ ਧਾਰ ਗਈ ਹੈ। ਸੂਬੇ ਵਿਚ 11 ਟਨ ਪ੍ਰਤੀ ਹੈਕਟੇਅਰ (6 ਟਨ ਝੋਨਾ ਤੇ 5 ਟਨ ਕਣਕ) ਪੈਦਾਵਾਰ ਲੈਣ ਲਈ ਜ਼ਮੀਨ ਵਿਚ ਖ਼ੁਰਾਕੀ ਤੱਤਾਂ ਦੀ ਵਧੇਰੇ ਵਰਤੋਂ ਕਰਨੀ ਪੈਂਦੀ ਹੈ। ਖਾਦਾਂ ਦੀ ਬੇਹਿਸਾਬ ਵਰਤੋਂ ਕਾਰਨ ਜ਼ਮੀਨ 'ਚ ਖ਼ੁਰਾਕੀ ਤੱਤਾਂ ਦੀ ਮਾਤਰਾ ਦਾ ਸੰਤੁਲਨ ਵਿਗੜ ਰਿਹਾ ਹੈ।

ਅਜਿਹੇ ਖੇਤੀ ਢਾਂਚੇ ਵਿਚ ਵਾਤਾਵਰਨ ਦੂਸ਼ਿਤ ਹੋ ਰਿਹਾ ਹੈ, ਮਨੁੱਖੀ ਭੋਜਨ ਅਤੇ ਪਸ਼ੂ ਖ਼ੁਰਾਕ ਵਿਚ ਹੱਦ ਤੋਂ ਵੱਧ ਖੇਤੀ ਰਸਾਇਣ ਪਾਏ ਜਾ ਰਹੇ ਹਨ। ਘਟਦੀ ਆਮਦਨ ਤੇ ਵਧਦੇ ਖੇਤੀ ਖ਼ਰਚੇ ਦਰਮਿਆਨੇ ਤੇ ਛੋਟੇ ਕਿਸਾਨਾਂ ਨੂੰ ਕਰਜ਼ੇ ਦੇ ਮੱਕੜ ਜਾਲ 'ਚ ਫਸਾ ਰਹੇ ਹਨ। ਇਸ ਲਈ ਟਿਕਾਊ ਤੇ ਮੁਨਾਫ਼ਾਬਖ਼ਸ਼ ਖੇਤੀ ਲਈ ਢੁਕਵੇਂ ਕਦਮ ਚੁੱਕਣੇ ਬਹੁਤ ਜ਼ਰੂਰੀ ਹਨ। ਲੋੜ ਹੈ ਪ੍ਰਚਲਤ ਫ਼ਸਲੀ ਚੱਕਰ ਤੋਂ ਬਾਹਰ ਆ ਕੇ ਪਾਣੀ ਦੀ ਘੱਟ ਖਪਤ ਵਾਲੀਆਂ ਫ਼ਸਲਾਂ ਦੀ ਪੈਦਾਵਾਰ ਕੀਤੀ ਜਾਵੇ। ਲੋੜ ਹੈ ਜ਼ਮੀਨ ਦੀ ਉਪਜਾਊ ਸ਼ਕਤੀ ਬਣਾਈ ਰੱਖਣ ਤੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਦੀ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਇਨ੍ਹਾਂ ਖੇਤੀ ਚੁਣੌਤੀਆਂ ਦੇ ਢੁੱਕਵੇਂ ਹੱਲ, ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਲਈ ਨਵੀਨਤਮ ਤਕਨੀਕਾਂ ਦੇ ਵਿਕਾਸ 'ਚ ਜੀਅ-ਜਾਨ ਨਾਲ ਜੁਟੀ ਹੋਈ ਹੈ।

## ਪਾਣੀ ਦੀ ਬੱਚਤ ਲਈ ਤਕਨੀਕਾਂ

ਪੀਏਯੂ ਨੇ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਦੇ ਮੰਤਵ ਨਾਲ ਪਾਣੀ ਦੀ ਬੱਚਤ ਤੇ ਖ਼ੁਰਾਕੀ ਤੱਤਾਂ ਦੀ ਯੋਗ ਵਰਤੋਂ ਲਈ ਸੁਧਰੀਆਂ ਤਕਨੀਕਾਂ ਵਿਕਸਤ ਕਰਨ 'ਤੇ ਜ਼ੋਰ ਦਿੱਤਾ ਹੈ। ਲੇਜ਼ਰ ਲੈਂਡ ਲੈਵਲਰ, ਝੋਨੇ ਦੀ ਸਿੱਧੀ ਬਿਜਾਈ, ਲੋੜ ਮੁਤਾਬਕ ਸਿੰਚਾਈ ਲਈ ਟੈਂਸ਼ੀਓਮੀਟਰ ਤੇ ਨਾਈਟ੍ਰੋਜਨ ਖਾਦ ਦੀ ਯੋਗ ਵਰਤੋਂ ਲਈ ਪੱਤਾ ਰੰਗ ਚਾਰਟ ਆਦਿ ਤਕਨੀਕਾਂ ਅਪਣਾ ਕੇ



ਪਾਣੀ ਤੇ ਖਾਦਾਂ ਦੀ ਕਾਫ਼ੀ ਬੱਚਤ ਕੀਤੀ ਜਾ ਸਕਦੀ ਹੈ। ਸੂਬੇ ਦਾ ਲਗਪਗ 100 ਫ਼ੀਸਦੀ ਰਕਬਾ ਲੇਜ਼ਰ ਲੈਂਡ ਲੈਵਲਰ ਨਾਲ ਪੱਧਰਾ ਕੀਤਾ ਗਿਆ ਹੈ। ਝੋਨੇ ਦੀ ਸਿੱਧੀ ਬਿਜਾਈ, ਖ਼ਾਸ ਕਰਕੇ ਸੇਮ ਵਾਲੀ ਜ਼ਮੀਨ 'ਤੇ ਸਿੱਧੀ ਬਿਜਾਈ ਰਾਹੀਂ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ। ਮੱਕੀ ਦੀ ਵੱਟਾਂ 'ਤੇ ਬਿਜਾਈ, ਆਲੂ, ਹਲਦੀ ਤੇ ਅਮਰੂਦਾਂ ਦੀ ਫ਼ਸਲ 'ਚ ਪਰਾਲੀ ਦੀ ਮਲਚਿੰਗ ਅਤੇ ਤੁਪਕਾ ਸਿੰਚਾਈ ਨਾਲ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ। ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ ਸੌਇਲ ਵਾਟਰ ਐਕਟ ਲਾਗੂ ਹੋਣ ਨਾਲ ਜ਼ਮੀਨਦੋਜ਼ ਪਾਣੀ ਤੇ ਬਿਜਲੀ ਦੀ ਖਪਤ 'ਚ ਕਮੀ ਆਈ ਹੈ। ਇਸ ਤੋਂ ਇਲਾਵਾ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਦੇ ਮੱਦੇਨਜ਼ਰ ਪੀਏਯੂ ਵੱਲੋਂ ਝੋਨੇ ਦੀਆਂ ਘੱਟ ਸਮੇਂ 'ਚ ਪੱਕਣ ਵਾਲੀਆ ਪੀਆਰ-121, ਪੀਆਰ-123, ਪੀਆਰ-124 ਤੇ ਪੀਆਰ-126 ਕਿਸਮਾਂ ਵਿਕਸਤ ਕੀਤੀਆਂ ਗਈਆਂ ਹਨ। ਇਹ ਕਿਸਮਾਂ ਜਿੱਥੇ ਚੰਗਾ ਝਾੜ ਦਿੰਦੀਆਂ ਹਨ ਉੱਥੇ ਘੱਟ ਸਮਾਂ ਲੈਣ ਕਾਰਨ ਪਾਣੀ ਦੀ ਖਪਤ ਖਪਤ ਘੱਟ ਹੁੰਦੀ ਹੈ ਤੇ ਖੇਤੀ ਰਸਾਇਣਾਂ 'ਤੇ ਵੀ ਬਹੁਤ ਘੱਟ ਖ਼ਰਚਾ ਅਉਂਦਾ ਹੈ। ਇਹ ਕਿਸਮਾਂ ਸਿੱਧੀ ਬਿਜਾਈ ਲਈ ਵੀ ਢੁਕਵੀਆਂ ਹਨ। ਇਹ ਕੱਦੂ ਕਰ ਕੇ ਬੀਜੇ ਝੋਨੇ ਨਾਲੋਂ ਘੱਟ ਪਾਣੀ ਲੈਂਦੀਆਂ ਹਨ। ਖ਼ਾਸ ਖੇਤਰਾਂ ਵਿਚ ਚੰਗੀ ਗੁਣਵੱਤਾ ਵਾਲੀ ਬਾਸਮਤੀ ਦੀ ਕਾਸ਼ਤ ਕਰਨੀ ਚਾਹੀਦੀ ਹੈ। ਬਾਸਮਤੀ 'ਚ ਵੀ ਪਰਮਲ ਝੋਨੇ ਨਾਲੋਂ ਪਾਣੀ ਦੀ ਬਹੁਤ ਘੱਟ ਖਪਤ ਹੁੰਦੀ ਹੈ।

## ਮਿੱਟੀ ਦੀ ਸੰਭਾਲ ਤੇ ਖਾਦਾਂ ਦੀ ਵਰਤੋਂ

ਮਿੱਟੀ ਦੀ ਸਿਹਤ ਸੰਭਾਲ, ਟਿਕਾਊ ਖੇਤੀ ਲਈ ਬਹੁਤ ਹੀ ਮਹੱਤਤਾ ਰੱਖਦੀ ਹੈ। ਭਾਵੇਂ, ਸੰਘਣੀ ਖੇਤੀ ਦੇ ਦੌਰ ਵਿਚ ਜ਼ਮੀਨ ਵਿਚਲੇ ਜੈਵਿਕ ਪਦਾਰਥਾਂ ਵਿਚ ਪਿਛਲੇ ਦਹਾਕਿਆਂ 'ਚ ਵਾਧਾ ਹੋਇਆ ਹੈ ਪਰ ਲਗਾਤਾਰ ਫ਼ਸਲੀ ਉਤਪਾਦਨ ਨਾਲ ਜ਼ਮੀਨੀ ਤੱਤਾਂ ਦਾ ਸੰਤੁਲਨ ਵਿਗੜਿਆ ਹੈ। ਪੀਏਯੂ ਨੇ ਮਿੱਟੀ ਦੀ ਸੰਭਾਲ ਸਬੰਧੀ ਕਈ ਤਕਨੀਕਾਂ ਵਿਕਸਤ ਕੀਤੀਆਂ ਹਨ। ਇਨ੍ਹਾਂ ਵਿੱਚੋਂ ਬਿਨਾਂ ਵਾਹੀ ਕਣਕ ਦੀ ਬਿਜਾਈ ਵਾਲੀ ਮਸ਼ੀਨ 'ਹੈਪੀ ਸੀਡਰ' ਨਾ ਸਿਰਫ਼ ਪਰਾਲੀ ਦੀ ਸੰਭਾਲ 'ਚ ਮਦਦਗਾਰ ਹੈ ਬਲਕਿ ਮਿੱਟੀ ਦੀ ਉਪਜਾਊ ਸ਼ਕਤੀ 'ਚ ਵਾਧਾ ਕਰਨ, ਵਾਤਾਵਰਨ ਪ੍ਰਦੂਸ਼ਣ ਘਟਾਉਣ ਤੇ ਪਾਣੀ ਦੀ ਬੱਚਤ 'ਚ ਵੀ ਲਾਹੇਵੰਦ ਹੈ।

ਮਿੱਟੀ ਦੀ ਉਪਜਾਊ ਸਕਤੀ ਬਣਾਈ ਰੱਖਣ, ਫ਼ਸਲ ਦੇ ਚੰਗੇ ਝਾੜ ਤੇ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਲਈ ਰਸਇਣਕ ਖਾਦਾਂ ਦੀ ਸੰਤੁਲਿਤ ਵਰਤੋਂ ਹੀ ਕਰਨੀ ਚਾਹੀਦੀ ਹੈ। ਰਸਇਣਕ ਖਾਦਾਂ ਦੀ ਵਰਤੋਂ ਦੇ ਨਾਲ-ਨਾਲ ਦੇਸੀ ਖਾਦਾਂ (ਰੂੜੀ ਦੀ ਖਾਦ, ਮੁਰਗੀਆਂ ਦੀ ਖਾਦ, ਪਰੈੱਸ ਮੱਡ, ਗੋਬਰ ਗੈਸ ਪਲਾਂਟ ਦੀ ਸੱਲਰੀ, ਝੋਨੇ ਦੀ ਫੱਕ ਆਦਿ), ਜੈਵਿਕ ਖਾਦਾਂ, ਹਰੀ ਖਾਦ ਦੀ ਵੀ ਵਰਤੋਂ ਕਰਨੀ ਚਾਹੀਦੀ ਹੈ। ਦੇਸੀ ਖਾਦਾਂ ਫ਼ਸਲ ਨੂੰ ਜ਼ਰੂਰੀ ਤੱਤ ਮੁਹੱਈਆ ਕਰਵਾਉਂਦੀਆਂ ਹਨ ਤੇ ਮਿੱਟੀ 'ਚ ਜੈਵਿਕ ਮਾਦਾ ਵੀ ਬਣਾਈ ਰਖਦੀਆਂ ਹਨ। ਆਮ ਤੌਰ ਤੇ ਕਿਸਾਨ ਫ਼ਸਲਾਂ ਨੂੰ ਨਾਈਟ੍ਰੋਜਨ ਤੇ ਫਾਸਫੋਰਸ ਵਾਲੀਆਂ ਖਾਦਾਂ ਜ਼ਿਆਦਾ ਪਾਉਂਦੇ ਹਨ। ਪੋਟਾਸ਼ੀਅਮ, ਸਲਫ਼ਰ ਤੇ ਹੋਰ ਤੱਤ ਵੀ ਫ਼ਸਲੀ ਉਤਪਾਦਨ, ਖ਼ਾਸ ਕਰਕੇ ਹਾੜ੍ਹੀ ਦੀਆਂ ਫ਼ਸਲਾਂ ਲਈ ਬਹੁਤ ਮਹੱਤਵ ਰੱਖਦੇ ਹਨ। ਨਾਈਟ੍ਰੋਜਨ ਦੀ ਜ਼ਿਆਦਾ ਵਰਤੋਂ ਨਾਲ ਫ਼ਸਲ ਦੇ ਡਿੱਗਣ ਦਾ ਖ਼ਤਰਾ ਵਧ ਜਾਂਦਾ ਹੈ ਅਤੇ ਕੀੜੇ-ਮਕੌੜੇ ਤੇ ਬਿਮਾਰੀਆਂ ਵੀ ਜ਼ਿਆਦਾ ਲਗਦੀਆਂ ਹਨ। ਇਸ ਲਈ ਲੋੜ ਮੁਤਾਬਿਕ ਨਾਈਟ੍ਰੋਜਨ ਤੱਤ ਦੀ ਵਰਤੋਂ ਕਰਨ ਲਈ ਪੱਤਾ ਰੰਗ ਚਾਰਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਚਾਰਟ ਦੀ ਵਰਤੋਂ ਝੋਨੇ, ਮੱਕੀ ਅਤੇ ਕਣਕ ਵਿਚ ਵੀ ਕੀਤੀ ਜਾ ਸਕਦੀ ਹੈ। ਇਸ ਤਕਨੀਕ ਨਾਲ ਲਗਪਗ 15 ਫ਼ੀਸਦੀ ਨਾਈਟ੍ਰੋਜਨ ਖਾਦ ਦੀ ਬੱਚਤ ਹੋ ਸਕਦੀ ਹੈ। ਕਣਕ ਵਿਚ ਗੰਨੇ ਦੀ ਖੋਰੀ ਦੀ ਰਾਖ ਵਰਤਣ ਨਾਲ 50 ਫ਼ੀਸਦੀ ਫਾਸਫੋਰਸ ਦੀ ਬੱਚਤ ਹੁੰਦੀ ਹੈ ਅਤੇ ਇਸ ਤੋਂ ਬਾਅਦ ਬੀਜੇ ਝੋਨੇ ਵਿਚ ਫਾਸਫੋਰਸ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਤੁਪਕਾ ਪ੍ਰਣਾਲੀ ਖ਼ੁਰਾਕੀ ਅਤੇ ਬਾਗਬਾਨੀ ਫ਼ਸਲਾਂ ਵਿਚ ਪਾਣੀ ਤੇ ਖਾਦਾਂ ਦੀ ਬੱਚਤ 'ਚ ਬਹੁਤ ਸਹਾਈ ਹੋ ਰਹੀ ਹੈ। ਇਸ ਵਿਧੀ ਨਾਲ ਫ਼ਸਲਾਂ 'ਚ 20-45 ਫ਼ੀਸਦੀ ਤਕ ਪਾਣੀ ਅਤੇ 20 ਫ਼ੀਸਦੀ ਤਕ ਖਾਦ ਦੀ ਬੱਚਤ ਹੁੰਦੀ ਹੈ। ਖ਼ੁਰਾਕੀ ਤੱਤਾਂ ਦੀ ਸੁਚੱਜੀ ਵਰਤੋਂ ਲਈ ਆਲੂ ਦੀ ਫ਼ਸਲ 'ਚ ਖਾਦ-ਤੁਪਕਾ ਸਿੰਚਾਈ ਦੀ ਸਿਫਾਰਸ਼ ਕੀਤੀ ਗਈ ਹੈ। ਅਜਿਹੀਆਂ ਸਿਫਾਰਸ਼ਾਂ ਕਿੰਨੂ, ਬਹਾਰ ਰੁੱਤ ਦੀ ਮੱਕੀ, ਕਣਕ, ਮਿਰਚਾਂ ਤੇ ਪਿਆਜ਼ ਵਿਚ ਵੀ ਕੀਤੀਆਂ ਗਈਆ ਹਨ। ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ, ਫ਼ਸਲਾਂ ਨੂੰ ਜ਼ਮੀਨ ਵਿੱਚੋਂ ਖਾਦਾਂ ਦੀ ਵਧੇਰੇ ਉਪਲਬਧਤਾ ਲਈ ਕਈ ਜੈਵਿਕ ਖਾਦਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਵੱਖ-ਵੱਖ ਫ਼ਸਲਾਂ ਵਿਚ ਜੈਵਿਕ ਖਾਦਾਂ, ਜਿਵੇਂ ਕਨਸ਼ੋਰਸ਼ੀਅਮ ਜੈਵਿਕ ਖਾਦ ਵਿਚ ਅਰਬਸਕੂਲਰ ਮਾਈਕੋਰਹਾਈਜਲ ਉੱਲੀ ਅਤੇ ਰਾਈਜੋਬੈਟੀਰੀਅਮ ਹੁੰਦਾ ਹੈ, ਦੀ ਵਰਤੋਂ ਕਣਕ ਵਿਚ, ਰਾਈਜੋਬੀਅਮ/ਰਾਈਜੋਬੈਟੀਰੀਅਮ ਦੀ ਵਰਤੋਂ ਛੋਲੇ, ਮਟਰ, ਅਰਹਰ, ਮਸਰ, ਮੂੰਗੀ, ਸੋਇਆਬੀਨ ਆਦਿ ਵਿਚ, ਕਨਸ਼ੋਰਸ਼ੀਅਮ ਜੈਵਿਕ ਖਾਦ/ਅਜੋਟੋਬੈਕਟਰ ਦੀ ਵਰਤੋਂ ਗੰਨੇ ਵਿਚ ਕੀਤੀ ਜਾ ਸਕਦੀ ਹੈ। ਇਨ੍ਹਾਂ ਤੋਂ ਇਲਾਵਾ ਫਾਸਫੋਰਸ ਸੋਲੂਬਲਾਈਜ਼ਿੰਗ ਬੈਕਟੀਰੀਆ ਦੀ ਵਰਤੋਂ ਨਾਲ ਰਸਾਇਣਕ ਖਾਦਾਂ 'ਤੇ ਨਿਰਭਰਤਾ ਘਟਾਉਣ ਵਿਚ ਮਦਦ ਮਿਲ ਸਕਦੀ ਹੈ। ਇਨ੍ਹਾਂ ਦੀ ਵਰਤੋਂ ਨਾਲ ਭੂਮੀ 'ਚ ਸੁਧਾਰ ਹੁੰਦਾ ਹੈ ਤੇ ਬੂਟਿਆਂ ਦੀ ਸਿਹਤ ਚੰਗੀ ਹੁੰਦੀ ਹੈ।

### ਪਰਾਲੀ ਦੀ ਸੰਭਾਲ

ਪਰਾਲੀ ਤੇ ਨਾੜ ਸਾੜਨ ਨਾਲ ਵਾਤਾਵਰਨ ਦੂਸ਼ਿਤ ਹੁੰਦਾ ਹੈ ਤੇ ਜ਼ਮੀਨ ਵਿਚਲੇ ਖ਼ੁਰਾਕੀ ਤੇ ਜੀਵਿਕ ਤੱਤ ਨਸ਼ਟ ਹੋ ਜਾਂਦੇ ਹਨ। ਮਿੱਟੀ ਵਿਚਲੇ ਸੂਖ਼ਮ ਜੀਵਾਂ 'ਤੇ ਮਾੜਾ ਅਸਰ ਪੈਂਦਾ ਹੈ। ਪਰਾਲੀ ਸਾੜਨ ਨਾਲ ਸਾਰਾ ਜੈਵਿਕ ਕਾਰਬਨ, 80-90 ਫ਼ੀਸਦੀ ਨਾਈਟ੍ਰੋਜਨ ਤੇ ਗੰਧਕ, 40-50 ਫ਼ੀਸਦੀ ਪੋਟਾਸ਼ ਤੇ ਜਿਸਤ, ਲੋਹਾ, ਮੈਂਗਨੀਜ਼ ਆਦਿ ਲਘੂ ਤੱਤ ਤੇ 10-20 ਫ਼ੀਸਦੀ ਪੋਟਾਸ਼ ਤੇ ਫਾਸਫੋਰਸ ਨਸ਼ਟ ਹੋ ਜਾਂਦੇ ਹਨ। ਪਰਾਲੀ ਦੇ ਸੁਚੱਜੇ ਪ੍ਰਬੰਧ ਲਈ ਬਿਨਾਂ ਵਾਹੀ ਕਣਕ ਦੀ ਬਿਜਾਈ ਵਾਲੀਆਂ ਮਸ਼ੀਨਾਂ, ਨਾੜ ਵੱਢਣ ਵਾਲੇ ਚੌਪਰ, ਮਲਚਰ ਆਦਿ ਦੀ ਵਰਤੋਂ ਲਾਹੇਵੰਦ ਹੈ। ਹੈਪੀ ਸੀਡਰ ਰਾਹੀਂ ਕਟਾਈ ਉਪਰੰਤ ਝੋਨੇ ਦੇ ਵੱਢ 'ਚ ਕਣਕ ਦੀ ਬਿਜਾਈ ਹੁੰਦੀ ਹੈ। ਹੈਪੀ ਸੀਡਰ ਦੀ ਕਾਰਜ ਕੁਸ਼ਲਤਾ ਵਧਾਉਣ ਲਈ ਸਟਰਾਅ ਮੈਨੇਜਮੈਂਟ ਸਿਸਟਮ (ਐੱਸਐੱਮਐੱਸ) ਵਿਕਸਤ ਕੀਤਾ ਗਿਆ ਹੈ, ਜਿਸ ਨਾਲ ਖੇਤ 'ਚ ਪਰਾਲੀ ਇਕਸਾਰ ਵਿਛਾਈ ਜਾਂਦੀ ਹੈ। ਕੰਬਾਈਨ ਨਾਲ ਇਹ ਢਾਂਚਾ ਫਿੱਟ ਕਰ ਕੇ ਝੋਨੇ ਦੀ ਕਟਾਈ ਕਰਨੀ ਲਾਜ਼ਮੀ ਕਰ ਦਿੱਤੀ ਗਈ ਹੈ। ਪਰਾਲੀ ਦਾ ਕੁਤਰਾ ਕਰਨ ਲਈ ਚੌਪਰ ਮਸ਼ੀਨ ਵਿਕਸਤ ਕੀਤੀ ਗਈ ਹੈ। ਇਨ੍ਹਾਂ ਮਸ਼ੀਨਾਂ ਰਾਹੀਂ ਫ਼ਸਲੀ ਰਹਿੰਦ ਖੂੰਹਦ ਨੂੰ ਖੇਤ 'ਚ ਮਿਲਾਉਣ ਤੋਂ ਇਲਾਵਾ ਪਰਾਲੀ ਦੀ ਵਰਤੋਂ ਖੇਤੀ ਤੇ ਬਾਗ਼ਬਾਨੀ ਫ਼ਸਲਾਂ 'ਚ ਮਲਚਿੰਗ ਦੇ ਤੌਰ 'ਤੇ ਕੀਤੀ ਜਾ ਸਕਦੀ ਹੈ। ਇਸ ਨਾਲ ਪਾਣੀ ਦੀ ਬੱਚਤ, ਨਦੀਨਾਂ ਦੀ ਰੋਕਥਾਮ, ਫ਼ਸਲ ਦੇ ਝਾੜ 'ਚ ਵਾਧਾ ਹੁੰਦਾ ਹੈ। ਪਰਾਲੀ ਦੀ ਵਰਤੋਂ ਖੁੰਬਾਂ ਦੇ ਉਤਪਾਦਨ ਲਈ ਵੀ ਕੀਤੀ ਜਾ ਸਕਦੀ ਹੈ।

### ਸਰਵਪੱਖੀ ਖੇਤੀ ਢਾਂਚਾ

ਢੁਕਵੇਂ ਲਾਗਤ ਮੁੱਲ ਤੇ ਸੁਖਾਲੇ ਮੰਡੀਕਰਨ ਤੇ ਕਣਕ-ਝੋਨੇ ਦੇ ਫ਼ਸਲੀ ਚੱਕਰ ਨਾਲ ਪੰਜਾਬ ਦੀ ਜੈਵਿਕ ਵਿਭਿੰਨਤਾ ਤੇ ਕੁਦਰਤੀ ਸੋਮਿਆਂ ਦਾ ਘਾਣ ਹੋਇਆ ਹੈ। ਇਸ ਲਈ ਫ਼ਸਲੀ ਵੰਨ ਸੁਵੰਨਤਾ ਨਾਲ ਪੰਜਾਬ 'ਚ ਫ਼ਸਲੀ ਵਿਭਿੰਨਤਾ ਨੂੰ ਹੁਲਾਰਾ ਦੇਣ ਲਈ ਝੋਨੇ ਦੇ ਬਦਲ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ ਦੇ ਵਿਕਾਸ ਨੂੰ ਵਧੇਰੇ ਮਹੱਤਰਾ ਦੇਣੀ ਚਾਹੀਦਾ ਹੈ। ਸਬਜ਼ੀਆਂ, ਬਾਗ਼ਾਂ, ਨਰਮਾ/ਕਪਾਹ, ਮੱਕੀ, ਸੋਇਆਬੀਨ, ਦਾਲਾਂ, ਤੇਲ ਬੀਜ ਫ਼ਸਲਾਂ, ਕਮਾਦ ਹੇਠ ਰਕਬਾ ਵਧਾ ਕੇ ਕੁਦਰਤੀ ਸੋਮਿਆਂ ਦੀ ਬੱਚਤ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਸਰਵਪੱਖੀ ਖੇਤੀ ਜ਼ਰੀਏ ਆਮਦਨ 'ਚ ਵੀ ਵਾਧਾ ਹੁੰਦਾ ਹੈ।





## ਕੀੜੇ ਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ

ਕੀੜੇ ਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ ਵਿਚ ਇਨ੍ਹਾਂ ਨੂੰ ਕਾਬੂ ਕਰਨ ਲਈ ਸਮੁੱਚੇ ਅਜਿਹੇ ਉਪਰਾਲੇ ਕੀਤੇ ਜਾਂਦੇ ਹਨ ਜਿਨ੍ਹਾਂ ਨਾਲ ਕੀੜਿਆਂ ਤੇ ਬਿਮਾਰੀਆਂ ਦੀ ਰੋਕਥਾਮ ਵੀ ਹੁੰਦੀ ਹੋਵੇ ਅਤੇ ਵਾਤਾਵਰਨ ਵੀ ਦੂਸ਼ਿਤ ਨਾ ਹੁੰਦਾ ਹੋਵੇ। ਇਸ ਨਾਲ ਮਿੱਤਰ ਕੀਟਾਂ ਦੀ ਵੀ ਬੱਚਤ ਹੋ ਜਾਂਦੀ ਹੈ ਤੇ ਫ਼ਸਲੀ ਲਾਗਤ ਵੀ ਘੱਟ ਆਉਂਦੀ ਹੈ। ਕੀਟਨਾਸ਼ਕਾਂ, ਉੱਲੀਨਾਸ਼ਕਾਂ ਤੇ ਨਦੀਨਨਾਸ਼ਕਾਂ ਦੀ ਯੋਗ ਵਰਤੋਂ ਦੇ ਨਾਲ-ਨਾਲ ਦੂਸਰੇ ਢੰਗਾਂ ਨਾਲ ਕੀੜਿਆਂ, ਬਿਮਾਰੀਆਂ ਤੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਕੀੜਿਆਂ ਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ ਟਿਕਾਊ ਖੇਤੀ ਦਾ ਅਹਿਮ ਅੰਗ ਹੈ। ਇਸ ਲਈ ਪੀਏਯੂ ਨੇ ਕਈ ਖੇਤੀ ਤੇ ਬਾਗ਼ਬਾਨੀ ਫ਼ਸਲਾਂ ਵਿਚ ਕੀੜਿਆਂ ਤੇ ਬਿਮਾਰੀਆਂ ਦੀ ਰੋਕਥਾਮ ਲਈ ਕਈ ਤਕਨੀਕਾਂ ਵਿਕਸਤ ਕੀਤੀਆਂ ਗਈਆਂ ਹਨ। ਖੇਤਾਂ ਦੁਆਲਿਉਂ ਨਦੀਨਾਂ, ਕੀੜਿਆਂ ਤੇ ਬਿਮਾਰੀਆਂ ਦੇ ਸਰੋਤਾਂ ਨੂੰ ਖ਼ਤਮ ਕਰਨਾ, ਕੀੜਿਆਂ ਤੇ ਬਿਮਾਰੀਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਬਿਜਾਈ, ਬੀਜਾਂ ਦੀ ਸੋਧ ਤੋਂ ਇਲਾਵਾ ਕਈ ਤਰਾਂ ਦੇ ਜੈਵਿਕ ਏਜੰਟਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਦਾਹਰਨ ਦੇ ਤੌਰ 'ਤੇ ਗੰਨੇ ਦੀ ਫ਼ਸਲ ਵਿਚ ਸ਼ੂਟ ਬੋਰਰ, ਤਰਈ ਬੋਰਰ, ਟੌਪ ਬੋਰਰ ਦੀ ਰੋਕਥਾਮ ਲਈ ਟਰਾਈਕੋਗਰਾਮਾ ਦੀ ਵਰਤੋਂ ਕੀਤੀ ਜਾ ਸਕਦੀ ਹੈ। ਫ਼ਸਲਾਂ ਤੇ ਸਬਜ਼ੀਆਂ ਵਿਚ ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ ਲਈ ਸਟਿੱਕੀ ਟਰੈਪ ਲਗਾਏ ਜਾ ਸਕਦੇ ਹਨ। ਫਲ ਦੀ ਮੱਖੀ ਦੀ ਰੋਕਥਾਮ ਲਈ 16 ਫਰੂਟ ਫਲਾਈ ਟਰੈਪ ਪ੍ਰਤੀ ਏਕੜ ਲਗਾਏ ਜਾ ਸਕਦੇ ਹਨ। ਨਿੰਬੂ ਜਾਤੀ ਦੇ ਫਲਾਂ ਵਿਚ ਸਿੱਲੇ ਤੇ ਤੇਲੇ ਦੀ ਰੋਕਥਾਮ ਲਈ ਹਾਰਟੀਕਲਚਰ ਮਿਨਰਲ ਆਇਲ ਦੀ ਸ਼ਿਫਾਰਸ਼ ਕੀਤੀ ਗਈ ਹੈ। ਯੂਨੀਵਰਸਿਟੀ ਵੱਲੋਂ ਬਾਗ਼ਾਂ ਵਿਚ ਮਿੱਟੀ ਦੇ ਘੜਿਆਂ ਤੋਂ ਬਣਾਏ ਟਰੈਪ ਨਾਲ ਸਿਉਂਕ ਦੀ ਰੋਕਥਾਮ ਲਈ ਵੀ ਤਕਨੀਕ ਵਿਕਸਿਤ ਕੀਤੀ ਗਈ ਹੈ।

ਖੇਤੀ ਨੂੰ ਲੰਬੇ ਸਮੇਂ ਤਕ ਟਿਕਾਊ ਰੱਖਣ, ਖੇਤੀ ਖ਼ਰਚੇ ਘਟਾਉਣ, ਕੁਦਰਤੀ ਸੋਮਿਆਂ ਦੀ ਸੁਚੱਜੀ ਵਰਤੋਂ, ਵਧੇਰੇ ਝਾੜ ਤੇ ਚੰਗੀ ਗੁਣਵੱਤਾ ਲਈ ਕਿਸਾਨਾਂ ਨੂੰ ਇਹ ਤਕਨੀਕਾਂ ਜ਼ਰੂਰ ਅਪਣਾਉਣੀਆਂ ਚਾਹੀਦੀਆਂ ਹਨ। •

• ਸੰਦੀਪ ਰਹੇਜਾ, ਜੇਐੱਸ ਬਰਾੜ, 81462-21600

*ਪੰਜਾਬ ਵਿਚ ਕਿੰਨੂ ਦੇ ਬਾਗ਼ਾਂ 'ਚ ਫਲਾਂ ਦੇ ਕੇਰੇ ਦੀ ਸਮੱਸਿਆ ਕਾਫ਼ੀ ਜ਼ਿਆਦਾ ਹੈ। ਇਸ ਕੇਰੇ ਦਾ ਕਾਰਨ ਬਿਮਾਰੀਆਂ, ਫ਼ਸਲੀ ਕੀਟ, ਖ਼ਾਦਾਂ ਦੀ ਬਹੁਤਾਤ ਤੇ ਹਾਰਮੋਨਜ਼ ਦਾ ਅਸਾਵਾਂਪਨ ਹੁੰਦਾ ਹੈ। ਜੇ ਸਮਾਂ ਰਹਿੰਦਿਆਂ ਸਮੱਸਿਆ 'ਤੇ ਕਾਬੂ ਨਾ ਪਾਇਆ ਜਾਵੇ ਤਾਂ ਇਹ ਗੰਭੀਰ ਰੂਪ ਧਾਰਨ ਕਰ ਕੇ ਵੱਡੇ ਵਿੱਤੀ ਨੁਕਸਾਨ ਦਾ ਕਾਰਨ ਬਣ ਸਕਦੀ ਹੈ...*



# ਨਿੰਬੂ ਜਾਤੀ ਦੇ ਫਲਾਂ ਦੇ ਕੇਰੇ ਦੀ ਰੋਕਥਾਮ

ਨਿੰਬੂ ਜਾਤੀ ਦੇ ਬੂਟਿਆਂ 'ਤੇ ਔਸਤ ਦੋ ਤੋਂ ਢਾਈ ਲੱਖ ਫੁੱਲ ਲਗਦੇ ਹਨ, ਜਿਨ੍ਹਾਂ ਵਿੱਚੋਂ ਕੁਝ ਫ਼ੀਸਦੀ ਫੁੱਲ ਹੀ ਫਲ ਬਣਨ ਤੇ ਇਸ ਤੋਂ ਬਾਅਦ ਫਲ ਬਣਨ ਤਕ ਅੱਪੜਦੇ ਹਨ। ਬਾਕੀ ਫੁੱਲ ਤੇ ਫਲ ਡਿੱਗ ਪੈਂਦੇ ਹਨ। ਫਲਾਂ ਦਾ ਇਹ ਕੇਰਾ ਵੱਖ-ਵੱਖ ਅਵਸਥਾਵਾਂ 'ਚ ਹੁੰਦਾ ਹੈ। ਨਿੰਬੂ ਜਾਤੀ ਦੇ ਬੂਟਿਆਂ 'ਚ ਫਲਾਂ ਦਾ ਕੇਰਾ ਮੁੱਖ ਸਮੱਸਿਆ ਹੈ। ਕਿੰਨੂ 'ਚ ਇਹ ਸਮੱਸਿਆ ਬਹੁਤ ਗੰਭੀਰ ਹੁੰਦੀ ਹੈ ਕਿਉਂਕਿ ਕਿੰਨੂ ਬਹੁਤ ਜ਼ਿਆਦਾ ਫਲ ਦੇਣ ਵਾਲਾ ਬੂਟਾ ਹੈ। ਇਸ 'ਤੇ ਲੱਗੇ ਲੱਖਾਂ ਫੁੱਲਾਂ 'ਚੋਂ ਹਜ਼ਾਰਾਂ ਫਲ ਬਣਦੇ ਹਨ ਤੇ ਇਸ ਸਾਰੇ ਫਲ ਸਿਰੇ ਨਹੀ ਚੜ੍ਹ ਸਕਦੇ। ਫਲ ਸਮੇਂ-ਸਮੇਂ 'ਤੇ ਡਿੱਗਦੇ ਰਹਿੰਦੇ ਹਨ।

ਅਪ੍ਰੈਲ ਮਹੀਨੇ ਛੋਟੇ ਆਕਾਰ ਦੇ ਫਲ ਡਿੱਗਦੇ ਹਨ, ਜੋ ਕੁਦਰਤੀ ਕੇਰ ਸਮਝੀ ਜਾਂਦੀ ਹੈ ਤੇ ਇਸ ਕੇਰੇ ਨਾਲ ਬੂਟਾ ਆਪਣੀ ਸਮਰਥਾ ਨਾਲੋਂ ਵਧੇਰੇ ਬੋਝ ਹਲਕਾ ਕਰ ਲੈਂਦਾ ਹੈ। ਇਸ ਲਈ ਇਸ ਬਾਰੇ ਚਿੰਤਾ ਕਰਨ ਦੀ ਕੋਈ ਲੋੜ ਨਹੀ ਪਰ ਵੇਖਿਆ ਗਿਆ ਹੈ ਕਿ ਕੁਦਰਤੀ ਕੇਰ ਦੀ ਅਵਸਥਾ ਲੰਘਣ ਤੋਂ ਬਾਅਦ ਵੀ ਬਹੁਤ ਸਾਰੇ ਬਾਗ਼ਾਂ ਵਿਚ ਫਲ ਲਗਾਤਾਰ ਡਿੱਗਦੇ ਰਹਿੰਦੇ ਹਨ। ਇਹ ਕੁਦਰਤੀ ਨਹੀ ਹੁੰਦਾ ਸਗੋਂ ਕਿਸੇ ਨਾ ਕਿਸੇ ਤੱਤ ਦੀ ਘਾਟ, ਹਾਰਮੋਨਜ਼ ਦਾ ਅਸਾਵੇਂਪਨ, ਪਾਣੀ ਦੀ ਵਾਧ-ਘਾਟ, ਬਿਮਾਰੀਆਂ ਜਾਂ ਕੀੜਿਆਂ ਕਾਰਨ ਹੁੰਦਾ ਹੈ।

ਪੰਜਾਬ ਦੇ ਦੱਖਣ-ਪੱਛਮੀ ਖਿੱਤੇ ਵਿਚ ਕਿੰਨੂ ਦੇ ਫਲ ਡਿੱਗਣ ਦਾ ਸਭ ਤੋਂ ਵੱਡਾ ਕਾਰਨ ਹਾਰਮੋਨਜ਼ ਦਾ ਅਸਾਵਾਂਪਨ ਤੇ ਬਿਮਾਰੀ ਦਾ ਹਮਲਾ ਹੈ। ਹੁਸ਼ਿਆਰਪੁਰ ਬੈਲਟ 'ਚ ਫਲ ਦੀ ਮੱਖੀ ਦੇ ਹਮਲੇ ਕਾਰਨ ਕਾਫ਼ੀ ਕੇਰ ਪੈਂਦੀ ਹੈ। ਫਲਾਂ ਦੇ ਕੇਰੇ ਦੇ ਕਈ ਹੋਰ ਕਾਰਨ, ਜਿਵੇਂ ਕਿ ਪ੍ਰਤੀਕੂਲ ਮੌਸਮ, ਬਾਗ਼ਾਂ ਦੀ ਸਹੀ ਤਰੀਕੇ ਨਾਲ ਰੱਖ-ਰਖਾਓ ਦੀ ਘਾਟ ਆਦਿ ਵੀ ਹਨ।

## ਕਾਰਨ

ਕਿੰਨੂ 'ਚ ਹਨੇਰੀਆਂ ਤੋਂ ਇਲਾਵਾ, ਬਿਮਾਰੀਆਂ ਤੇ ਕੀੜੇ ਵੀ ਕੇਰੇ ਦਾ ਕਾਰਨ ਬਣਦੇ ਹਨ।

**ਤੱਤਾਂ ਦੀ ਵਾਧ-ਘਾਟ** : ਹਾਰਮੋਨਜ਼ ਦੀ ਵਾਧ-ਘਾਟ ਨਾਲ ਫਲਾਂ ਦਾ ਡਿੱਗਣਾ (ਫਿਜ਼ਿਆਲੋਜੀਕਲ ਡਰਾਪ) ਮਈ-ਜੂਨ ਤੇ ਫਿਰ ਸਤੰਬਰ-ਅਕਤੂਬਰ 'ਚ ਜ਼ਿਆਦਾ ਹੁੰਦਾ ਹੈ। ਬੂਟਿਆਂ 'ਚ ਬਣਨ ਵਾਲੇ ਇਹ ਤੱਤ ਬਹੁਤ ਥੋੜ੍ਹੀ ਮਾਤਰਾ 'ਚ ਬੂਟੇ ਨੂੰ ਚਾਹੀਦੇ ਹਨ ਤੇ ਇਨ੍ਹਾਂ ਦੀ ਘਾਟ ਪੂਰੀ ਕਰਨ ਲਈ ਜੇ ਅਸੀ ਇਨ੍ਹਾਂ ਦੇ ਛਿੜਕਾਅ ਨੂੰ ਸਹੀ ਸਮੇਂ ਕਰੀਏ ਤਾਂ ਫਲਾਂ ਦੇ ਕੇਰੇ ਨੂੰ ਕਾਫ਼ੀ ਹੱਦ ਤਕ ਰੋਕਿਆ ਜਾ ਸਕਦਾ ਹੈ। ਹਾਰਮੋਨਜ਼ ਦੀ ਕਮੀ ਕਾਰਨ ਡਿੱਗਿਆ ਫਲ ਹਰੇ ਰੰਗ ਦਾ ਹੁੰਦਾ ਹੈ ਪਰ ਇਹ ਡੰਡੀ ਵਾਲੇ ਪਾਸਿਓਂ ਪੀਲੇ ਹੁੰਦੇ ਹਨ ਜਦਕਿ ਬਿਮਾਰੀ ਕਾਰਨ ਡਿੱਗੇ ਫਲ ਡੰਡੀ ਵਾਲੀ ਥਾਂ ਤੋਂ ਭੂਰੇ ਜਾਂ ਕਾਲੇ ਹੋ ਜਾਂਦੇ ਹਨ।

**ਬਿਮਾਰੀਆਂ ਕਾਰਨ ਕੇਰਾ** : ਬਿਮਾਰੀ ਨਾਲ ਪੈਣ ਵਾਲਾ ਕੇਰਾ (ਪੈਥਾਲੋਜੀਕਲ ਡਰਾਪ) ਫਲ ਦਾ ਕਰੀਬ ਪੂਰਾ ਆਕਾਰ ਬਣਨ 'ਤੇ ਸ਼ੁਰੂ ਹੁੰਦਾ ਹੈ ਤੇ ਫਲ ਪੱਕਣ ਤਕ ਜਾਰੀ ਰਹਿੰਦਾ ਹੈ। ਇਹ ਕੇਰ ਬਹੁਤ ਨੁਕਸਾਨਦੇਹ ਹੈ। ਇਸ ਕੇਰ ਨਾਲ ਨਾ ਸਿਰਫ਼ ਬਾਗ਼ਬਾਨਾਂ ਦਾ ਵਿੱਤੀ ਨੁਕਸਾਨ ਹੁੰਦਾ ਹੈ ਸਗੋਂ ਬੂਟਿਆਂ 'ਚੋਂ ਖ਼ੁਰਾਕ ਵੀ ਨੁੱਚੜ ਜਾਂਦੀ ਹੈ। ਇਸ ਤਰ੍ਹਾਂ ਦੀ ਕੇਰ ਦੀ ਨੀਂਹ ਬੂਟਿਆਂ 'ਚ ਬਹੁਤ ਪਹਿਲਾਂ ਰੱਖੀ ਜਾਂਦੀ ਹੈ ਤੇ ਬਾਗ਼ਬਾਨਾਂ ਨੂੰ ਅਕਸਰ ਬਿਮਾਰੀ ਦਾ ਪਤਾ ਉਦੋਂ ਲਗਦਾ ਹੈ ਜਦੋਂ ਰੋਗ ਵਾਲੇ ਫਲ ਡਿੱਗਣੇ ਸ਼ੁਰੂ ਹੋ ਜਾਂਦੇ ਹਨ। ਜੇ ਇਸ ਦੀ ਵੇਲੇ ਸਿਰ ਰੋਕਥਾਮ ਨਾ ਕੀਤੀ ਜਾਵੇ ਤਾਂ ਕਈ ਵਾਰ ਸਾਰੇ ਫਲ ਤੁੜਾਈ ਤੋਂ ਪਹਿਲਾਂ ਡਿੱਗ ਸਕਦੇ ਹਨ। ਡਿੱਗਾ ਹੋਇਆ ਫਲ ਮੰਡੀਕਰਨ ਦੇ ਯੋਗ ਨਹੀ ਰਹਿੰਦਾ। ਰੋਗੀ ਫਲ ਜਲਦੀ ਖ਼ਰਾਬ ਹੋਣ ਕਾਰਨ ਡੱਬਾਬੰਦੀ ਦੇ ਵੀ ਯੋਗ ਨਹੀ ਰਹਿੰਦਾ। ਇਸ ਤਰ੍ਹਾਂ ਦੀ ਕੇਰ ਦਾ ਕਾਰਨ ਬਣਨ ਵਾਲੀ ਬਿਮਾਰੀ ਖੜ੍ਹੇ ਬੂਟਿਆਂ 'ਤੇ ਲਗਦੀ ਹੈ ਤੇ ਫਲ ਵਧਣ ਦੇ ਨਾਲ ਵਧਦੀ ਹੈ।

ਸ਼ੁਰੂ 'ਚ ਇਸ ਦਾ ਪਤਾ ਨਹੀ ਲੱਗਦਾ। ਜਦੋਂ ਫਲ ਦੀ ਡੰਡੀ ਦੁਆਲੇ ਹਲਕੇ ਭੂਰੇ ਤੇ ਗੋਲ ਧੱਬੇ ਪੈ ਜਾਂਦੇ ਹਨ ਤੇ ਬਾਅਦ 'ਚ ਇਹ ਸਿੱਕੇ ਦੀ ਸ਼ਕਲ ਵਰਗੇ ਲੱਗਣ ਲਗਦੇ ਹਨ ਤੇ ਉਸ ਸਮੇਂ ਬਿਮਾਰੀ ਬਹੁਤ ਫ਼ੈਲ ਚੁੱਕੀ ਹੁੰਦੀ ਹੈ। ਫਲਾਂ ਦਾ ਗਲਣਾ ਡੰਡੀ ਵਾਲੇ ਪਾਸੇ ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਫਲ ਧੁੰਨੀ ਤਕ ਪਹੁੰਚ ਕੇ ਸਾਰੇ ਫਲ ਨੂੰ ਢਕ ਲੈਂਦਾ ਹੈ। ਗਲੇ ਹੋਏ ਫਲ ਤੁੜਾਈ ਤੋਂ ਪਹਿਲਾਂ ਹੀ ਝੜ ਜਾਂਦੇ ਹਨ ਤੇ ਕੁਝ ਬੂਟੇ 'ਤੇ ਲਟਕਦੇ ਰਹਿੰਦੇ ਹਨ। ਬਿਮਾਰੀ ਕਾਰਨ ਫਲ ਦੀ ਡੰਡੀ ਸੁੱਕ ਜਾਂਦੀ ਹੈ ਤੇ ਇਸ 'ਤੇ ਚਮਕੀਲੇ ਉੱਲੀ ਵਾਲੇ ਕਣ ਵਿਖਾਈ ਦਿੰਦੇ ਹਨ। ਇਨ੍ਹਾਂ ਕਣਾਂ ਤੋਂ ਅਗਲੇ ਸਾਲ ਮੁੜ ਬਿਮਾਰੀ ਲੱਗਣ ਦੇ ਆਸਾਰ ਪੈਦਾ ਹੋ ਜਾਂਦੇ ਹਨ। ਕਈ ਵਾਰ ਬਿਮਾਰੀ ਕਾਰਨ ਫਲ ਦੀ ਡੰਡੀ ਸੁੱਕਣ ਤੇ ਗਲਣ ਕਾਰਨ ਵੀ ਫਲ ਡੰਡੀ ਨਾਲੋਂ ਵੱਖ ਹੋ ਕੇ ਕੇਰੇ ਦਾ ਰੂਪ ਲੈ ਲੈਂਦੇ ਹਨ। ਇਹ ਡੰਡੀ ਬੂਟਿਆਂ ਉੱਪਰ



ਹੀ ਲੱਗੀ ਰਹਿੰਦੀ ਹੈ ਤੇ ਅਗਲੇ ਸਾਲ ਬਿਮਾਰੀ ਦੇ ਵਾਧੇ ਦਾ ਕਾਰਨ ਬਣਦੀ ਹੈ। ਕਈ ਵਾਰੀ ਫਲ ਦਾ ਗਲਣਾ ਫਲ ਧੁੰਨੀ ਵਲੋਂ ਸ਼ੁਰੂ ਹੋ ਕੇ ਉੱਪਰ ਵੱਲ ਨੂੰ ਵਧਦਾ ਹੈ। ਇਸ ਫਲ ਨੂੰ ਜੇ ਕੱਟ ਕੇ ਵੇਖੀਏ ਤਾਂ ਇਹ ਵਿੱਚੋਂ ਗਲਿਆ ਤੇ ਕਾਲੇ ਰੰਗ ਦਾ ਹੁੰਦਾ ਹੈ। ਕਈ ਵਾਰੀ ਗਲੇ ਹੋਏ ਫਲਾਂ 'ਤੇ ਚਿੱਟੇ ਰੰਗ ਦੀ ਉੱਲੀ ਵੀ ਵਿਖਾਈ ਦਿੰਦੀ ਹੈ ਤੇ ਫਲ ਬਦਬੂ ਮਾਰਨ ਲਗਦੇ ਹਨ।

**ਕੀੜਿਆਂ ਕਾਰਨ ਕੇਰਾ** : ਫਲ ਦੀ ਮੱਖੀ ਤੇ ਰਸ ਚੂਸਣ ਵਾਲੇ ਪਤੰਗੇ ਦਾ ਹਮਲਾ ਵੀ ਕੇਰੇ ਦਾ ਕਾਰਨ ਬਣਦਾ ਹੈ। ਇਸ ਤਰ੍ਹਾਂ ਦੀ ਕੇਰ ਪੰਜਾਬ ਦੇ ਉੱਤਰੀ ਖਿੱਤੇ 'ਚ ਜ਼ਿਆਦਾ ਹੁੰਦੀ ਹੈ। ਇਹ ਕੇਰ ਬਰਸਾਤਾਂ ਦੇ ਮੌਸਮ ਤੇ ਇਸ ਤੋਂ ਬਾਅਦ ਪੈਂਦੀ ਹੈ। ਫਲ ਦੀ ਮੱਖੀ ਦੇ ਹਮਲੇ ਹੇਠ ਆਏ ਫਲਾਂ ਉੱਪਰ ਗੋਲ ਧੱਬੇ ਦਿਖਾਈ ਦੇਣ ਲਗਦੇ ਹਨ ਤੇ ਫਲ ਨੂੰ ਦਬਾਉਣ 'ਤੇ ਉਨ੍ਹਾਂ ਵਿੱਚੋਂ ਰਸ ਨਿਕਲਦਾ ਹੈ। ਰਸ ਚੂਸਣ ਵਾਲੇ ਪਤੰਗੇ ਵੀ ਫਲਾਂ ਦਾ ਰਾਤ ਸਮੇਂ ਨੁਕਸਾਨ ਕਰਦੇ ਹਨ ਤੇ ਇਸ ਦੇ ਹਮਲੇ ਹੇਠ ਆਏ ਫਲਾਂ ਵਿੱਚੋਂ ਰਸ ਟਪਕਿਆ ਨਜ਼ਰ ਅਉਂਦਾ ਹੈ। ਬਹੁਤ ਜ਼ਿਆਦਾ ਗਰਮੀ ਤੇ ਖ਼ੁਸ਼ਕੀ ਵੀ ਗਰਮੀ 'ਚ ਪੈਣ ਵਾਲੀ ਕੇਰ ਦਾ ਕਾਰਨ ਹੈ ਪਰ ਪੰਜਾਬ ਵਿਚ ਬਾਗ਼ਾਂ 'ਚ ਸੁਚੱਜਾ ਸਿੰਚਾਈ ਪ੍ਰਬੰਧ ਹੋਣ ਕਰਕੇ ਕੇਰੇ ਦੀ ਇਸ ਤਰ੍ਹਾਂ ਗੰਭੀਰ ਸਮੱਸਿਆ ਨਹੀ। ਹਨੇਰੀਆਂ ਤੇ ਝੱਖੜ ਵੀ ਫਲਾਂ ਨੂੰ ਭਾਰੀ ਮਾਤਰਾ 'ਚ ਕੇਰ ਦਿੰਦੇ ਹਨ।

## ਰੋਕਥਾਮ

**ਸੁੱਕੀਆਂ ਟਾਹਣੀਆਂ ਦੀ ਕਟਾਈ** : ਫਲਾਂ ਨੂੰ ਝੜਨ ਤੋਂ ਰੋਕਣ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਸਕਦੇ ਹਨ। ਫਲ ਦੇ ਕੇਰੇ ਦਾ ਵਾਧਾ ਸੁੱਕੀਆਂ ਤੇ ਰੋਗੀ ਟਹਿਣੀਆਂ ਤੋਂ ਹੁੰਦਾ ਹੈ। ਬਿਮਾਰੀ ਦੇ ਫੈਲਾਅ ਨੂੰ ਅਗਲੇ ਸਾਲ ਲੱਗਣ ਤੋਂ ਰੋਕਣ ਲਈ ਫਲ ਤੋੜਨ ਤੋਂ ਬਾਅਦ (ਜਨਵਰੀ-ਫਰਵਰੀ) ਵਿਚ ਸਾਰੀ ਸੋਕ ਨੂੰ ਕੱਟ ਕੇ ਸਾੜ ਦਿਓ। ਇਸ ਗੱਲ ਦਾ ਧਿਆਨ ਰੱਖੋ ਕਿ ਕੱਟੀ ਹੋਈ ਸੋਕ ਦੇ ਬਾਗ਼ ਜਾਂ ਨਰਸਰੀ ਦੇ ਨੇੜੇ ਢੇਰ ਨਾ ਲਗਾਉ ਨਹੀ ਤਾਂ ਬਾਰਸ਼ਾਂ ਤੋਂ ਬਾਅਦ ਇਸ ਤੋਂ ਬਿਮਾਰੀ ਬਾਗ਼ ਵਿਚ ਫੈਲ ਸਕਦੀ ਹੈ। ਕਟਾਈ ਕਰਦੇ ਸਮੇਂ ਸੁੱਕੀ ਟਾਹਣੀ ਨਾਲ ਥੋੜ੍ਹੀ ਜਿਹੀ ਹਰੀ ਨਰੋਈ ਟਾਹਣੀ ਜ਼ਰੂਰ ਕੱਟੋ। ਕਟਾਈ ਤੋਂ ਬਾਅਦ ਬੋਰਡੋ ਮਿਸ਼ਰਣ (2:2:250) ਜਾਂ ਕਾਪਰ ਔਕਸੀਕਲੋਰਾਈਡ (3.0 ਗ੍ਰਾਮ ਪ੍ਰਤੀ ਲੀਟਰ ਪਾਣੀ) ਦਾ ਬੂਟੇ 'ਤੇ ਛਿੜਕਾਅ ਕਰੋ।

**ਖਾਦਾਂ ਦੀ ਵਰਤੋਂ** : ਤੰਦਰੁਸਤ ਬੂਟੇ ਬਿਮਾਰੀਆਂ ਨੂੰ ਸਹਿਣ ਦੀ ਸਮਰਥਾ ਰੱਖਦੇ ਹਨ। ਬੂਟਿਆਂ ਦੀ ਸਿਹਤ ਬਰਕਰਾਰ ਰੱਖਣ ਲਈ ਸਿਫਾਰਸ਼ ਕੀਤੀ ਗਲੀ-ਸੜੀ ਰੂੜੀ ਤੇ ਰਸਾਇਣਕ ਖਾਦਾਂ ਹੀ ਪਾਉ। ਜ਼ਿਆਦਾ ਜਾਂ ਗ਼ੈਰ-ਸਿਫਾਰਸ਼ੀ ਖਾਦਾਂ ਬੂਟਿਆਂ ਦਾ ਖ਼ੁਰਾਕੀ ਸੰਤੁਲਨ ਵਿਗਾੜ ਦਿੰਦੀਆਂ ਹਨ। ਲਘੂ ਤੱਤਾਂ ਦੀ ਘਾਟ ਪੂਰੀ ਕਰਦੇ ਰਹੋ। ਇਨ੍ਹਾਂ ਤੱਤਾਂ ਦੀ ਘਾਟ ਦਾ ਪਤਾ ਲਗਾਉਣ ਲਈ 2-3 ਸਾਲਾਂ ਬਾਅਦ ਪੱਤਿਆਂ ਦੀ ਪਰਖ ਕਰਵਾਉਂਦੇ ਰਹੋ।

**ਗਲੇ ਹੋਏ ਫਲਾਂ ਨੂੰ ਨਸ਼ਟ ਕਰਨਾ** : ਬਿਮਾਰੀ ਕਾਰਨ ਡਿੱਗੇ ਫਲ ਜਾਂ ਦਰੱਖ਼ਤਾਂ ਉੱਪਰ ਲਟਕਦੇ ਬਿਮਾਰੀ-ਗ੍ਰਸਤ ਫਲਾਂ ਨੂੰ ਤੋੜ ਕੇ ਜ਼ਮੀਨ ਵਿਚ ਡੂੰਘਾ ਟੋਆ ਪੁੱਟ ਕੇ ਨੱਪ ਦਿਓ ਜਾਂ ਸਾੜ ਦਿਓ। ਬਿਮਾਰੀ ਗ੍ਰਸਤ ਇਹ ਫਲ ਵੀ ਕੇਰਾ ਰੋਗ ਨੂੰ ਫੈਲਾਉਣ ਦਾ ਕਾਰਨ ਬਣਦਾ ਹੈ।

**ਬਾਗ਼ ਦੀ ਵਹਾਈ** : ਬਾਗ਼ਾਂ ਨੂੰ ਜ਼ਿਆਦਾ ਤੇ ਡੂੰਘਾ ਨਾ ਵਾਹੋ ਕਿਉਂਕਿ ਜ਼ਿਆਦਾ ਤੇ ਡੂੰਘਾ ਵਾਹੁਣ ਨਾਲ ਬੂਟਿਆਂ ਦੀਆਂ ਜੜ੍ਹਾ ਨੁਕਸਾਨੀਆਂ ਜਾਂਦੀਆਂ ਹਨ ਤੇ ਬੂਟਿਆਂ ਦੀ ਬਹੁਤੀ ਊਰਜਾ ਮੁੜ ਜੜ੍ਹਾਂ ਦੇ ਵਾਧੇ ਉੱਤੇ ਖਪਤ ਹੁੰਦੀ ਰਹਿੰਦੀ ਹ। ਇਸ ਨਾਲ ਜ਼ਮੀਨ 'ਚੋਂ ਲੱਗਣ ਵਾਲੀਆਂ ਬਿਮਾਰੀਆਂ 'ਚ ਵੀ ਵਾਧਾ ਹੁੰਦਾ ਹੈ। ਨਿੰਬੂ ਜਾਤੀ ਦੇ ਬੂਟਿਆਂ ਦੀਆਂ ਖ਼ੁਰਾਕ ਤੇ ਪਾਣੀ ਲੈਣ ਵਾਲੀਆਂ ਜ਼ਿਆਦਾਤਰ ਜੜ੍ਹਾਂ ਜ਼ਮੀਨ ਤੋਂ ਇਕ ਫੁੱਟ ਸਤਹਿ 'ਚ ਹੁੰਦੀਆਂ ਹਨ ਇਸ ਲਈ ਡੂੰਘੀ ਵਹਾਈ ਨਾ ਕਰੋ। ਬਾਗ਼ਾਂ ਵਿਚ ਸਰਵਪੱਖੀ ਤਰੀਕੇ ਨਾਲ ਨਦੀਨਾ ਦੀ ਰੋਕਥਾਮ ਕਰੋ। ਸਾਲ 'ਚ ਇਕ-ਦੋ ਵਾਰ ਰੋਟਾਵੇਟਰ ਨਾਲ ਵਾਹੀ ਕਰੋ ਤੇ ਇਕ ਦੋ ਵਾਰ ਸ਼ਿਫਾਰਸ਼ ਕੀਤੇ ਗਏ ਨਦੀਨ ਨਾਸ਼ਕਾਂ ਦਾ ਛਿੜਕਾਅ ਕਰੋ।

**ਲੋੜ ਅਨੁਸਾਰ ਕਰੋ ਸਿੰਚਾਈ** : ਬੂਟਿਆਂ ਨੂੰ ਲੋੜ ਅਨੁਸਾਰ ਪਾਣੀ ਦਿਓ। ਜ਼ਿਆਦਾ ਜਾਂ ਘੱਟ ਪਾਣੀ ਵੀ ਕੇਰਾ ਰੋਗ ਦੇ ਹਮਲੇ 'ਚ ਵਾਧਾ ਕਰਦਾ ਹੈ। ਨਿੰਬੂ ਜਾਤੀ ਦੇ ਬਾਗ਼ਾਂ ਨੂੰ ਹਮੇਸ਼ਾ ਹਲਕੇ ਪਾਣੀ ਦੀ ਜ਼ਰੂਰਤ ਹੁੰਦੀ ਹੈ ਪਰ ਜੇ ਬਾਗ਼ ਵਾਲੀ ਜ਼ਮੀਨ ਦੀ ਜ਼ਿਆਦਾ ਵਹਾਈ ਕੀਤੀ ਗਈ ਹੋਵੇ ਤਾਂ ਪਾਣੀ ਵੀ ਬਹੁਤ ਜ਼ਿਆਦਾ ਮਾਤਰਾ 'ਚ ਲਗਦਾ ਹੈ, ਜੋ ਫਲਾਂ ਦੇ ਕੇਰੇ, ਜੜ੍ਹਾਂ ਗਲਣ ਤੇ ਗੂੰਦੀਆ ਰੋਗ ਨੂੰ ਕਾਫ਼ੀ ਹੱਦ ਤਕ ਵਧਾ ਦਿੰਦਾ ਹੈ।

**ਰਸਾਇਣਕ ਰੋਕਥਾਮ** : ਕਿੰਨੂ ਦੇ ਫਲ ਦੇ ਕੇਰੇ ਦੀ ਸੰਪੂਰਨ ਰੋਕਥਾਮ ਲਈ ਜ਼ੀਰਮ 27 ਐੱਸਸੀ (1250 ਮਿ.ਲੀ.)+5 ਗ੍ਰਾਮ 2,4-ਡੀ (ਸੋਡੀਅਮ ਸਾਲਟ ਹੌਰਟੀਕਲਚਰ ਗਰੇਡ) ਜਾਂ ਪ੍ਰੋਪੀਕੋਨਾਜ਼ੋਲ 25 ਈਸੀ (500 ਮਿ.ਲੀ.)+5 ਗ੍ਰਾਮ 2,4-ਡੀ ਜਾਂ ਬਾਵਿਸਟਨ 50 ਡਬਲਿਊਪੀ (500 ਗ੍ਰਾਮ)+5 ਗ੍ਰਾਮ 2,4 ਡੀ ਦਾ ਛਿੜਕਾਅ ਅੱਧ ਅਪ੍ਰੈਲ, ਅਗਸਤ ਤੇ ਸਤੰਬਰ ਦੇ ਮਹੀਨੇ ਕਰੋ। ਇਸ ਤੋ ਇਲਾਵਾ ਇਕੱਲੀ ਜ਼ੀਰਮ 27 ਐੱਸਸੀ (1250 ਮਿ.ਲੀ) ਜਾਂ ਪ੍ਰੋਪੀਕੋਨਾਜ਼ੋਲ 25 ਈਸੀ (500 ਮਿ.ਲੀ.) ਜਾਂ ਬਾਵਿਸਟਨ 50 ਡਬਲਿਊਪੀ (500 ਗ੍ਰਾਮ) ਦੇ ਛਿੜਕਾਅ ਅਖ਼ੀਰ ਜੁਲਾਈ ਤੇ ਅਖ਼ੀਰ ਸਤੰਬਰ ਵਿਚ ਹੋਰ ਕਰੋ। ਜੇ ਬਾਗ਼ ਵਿਚ ਚੌੜੇ ਪੱਤਿਆਂ ਵਾਲੀ ਫ਼ਸਲ ਬੀਜੀ ਹੋਵੇ ਜਾਂ ਨਾਲ ਦੇ ਖੇਤਾਂ ਵਿਚ ਕਪਾਹ ਜਾਂ ਹੋਰ ਕੋਈ ਅਜਿਹੀ ਫ਼ਸਲ ਹੋਵੇ ਤਾਂ 2,4-ਡੀ ਦੀ ਵਰਤੋਂ ਨਾ ਕਰੋ ਬਲਕਿ ਇਸ ਦੀ ਥਾਂ 10 ਗ੍ਰਾਮ ਪ੍ਰਤੀ 500 ਲੀਟਰ ਪਾਣੀ ਜੀਏ-3 (ਜਿਬਰੈਲਿਕ ਐਸਿਡ) ਦੀ ਵਰਤੋਂ ਕਰੋ। ਫਲ ਦੀ ਮੱਖੀ ਤੇ ਰਸ ਚੂਸਣ ਵਾਲੇ ਪਤੰਗੇ ਦੇ ਹਮਲੇ ਕਾਰਨ ਹੁੰਦੇ ਕੇਰੇ ਨੂੰ ਕਾਬੂ ਕਰਨ ਲਈ ਬਾਗ਼ਾਂ ਨੂੰ ਸਾਫ਼-ਸੁਥਰਾ ਰੱਖੋ। ਮਿਲੀ ਬੱਗ ਨੂੰ ਵੀ ਕਾਬੂ ਵਿਚ ਰੱਖੋ ਕਿਉਂਕਿ ਇਹ ਬੂਟਿਆਂ ਦੀਆਂ ਲਗਰਾਂ ਵਿੱਚੋਂ ਖ਼ੁਰਾਕ ਲੈ ਕੇ ਉਨ੍ਹਾਂ ਨੂੰ ਕਮਜ਼ੋਰ ਕਰਦੀ ਹੈ ਤੇ ਬੂਟਿਆਂ ਦੀਆਂ ਨਵੀਆਂ ਟਹਿਣੀਆਂ ਤੇ ਫਲਾਂ ਦੀਆਂ ਡੰਡੀਆਂ ਨੂੰ ਨੁਕਸਾਨ ਪਹੁੰਚਾ ਕੇ ਫਲਾਂ ਦੇ ਕੇਰੇ 'ਚ ਵਾਧਾ ਕਰਦੀ ਹੈ। •

### ਕੇਰੇ ਦੇ ਹਮਲੇ ਦਾ ਸਮਾਂ

ਬਿਮਾਰੀ ਨਾਲ ਪੈਣ ਵਾਲਾ ਕੇਰਾ ਬੂਟਿਆਂ 'ਤੇ ਫਲ ਲੱਗਣ ਤੋਂ 5-6 ਮਹੀਨੇ ਮਗਰੋਂ ਸ਼ੁਰੂ ਹੁੰਦਾ ਹੈ। ਇਹ ਕੇਰਾ ਜੁਲਾਈ ਤੋਂ ਸ਼ੁਰੂ ਹੋ ਕੇ ਫਲ ਦੀ ਤੁੜਾਈ ਤਕ ਚਲਦਾ ਰਹਿੰਦਾ ਹੈ। ਸਭ ਤੋਂ ਜ਼ਿਆਦਾ ਕੇਰਾ ਸਤੰਬਰ-ਅਕਤੂਬਰ ਮਹੀਨੇ ਹੁੰਦਾ ਹੈ ਤੇ ਮੌਸਮ ਠੰਢਾ ਹੋਣ ਨਾਲ ਕੁਝ ਘਟ ਜਾਂਦੀ ਹੈ ਤੇ ਫਲਾਂ ਦੀ ਤੁੜਾਈ ਤਕ ਚੱਲਦਾ ਰਹਿੰਦਾ ਹੈ। ਅਸਲ ਵਿਚ ਬਿਮਾਰੀ ਵਾਲੀ ਕੇਰ ਦੀ ਸ਼ੁਰੂਆਤ ਮੌਸਮ ਵਿਚ ਗਰਮਾਇਸ਼ ਅਉਣ ਨਾਲ ਮਾਰਚ ਵਿਚ ਹੀ ਹੋ ਜਾਂਦੀ ਹੈ ਬਾਅਦ ਵਿਚ ਅਪ੍ਰੈਲ ਤੋਂ ਜੂਨ ਦੀ ਗਰਮੀ ਕਾਰਨ ਇਸ ਬਿਮਾਰੀ ਦਾ ਵਾਧਾ ਰੁਕ ਜਾਂਦਾ ਹੈ। ਜਿਵੇਂ ਹੀ ਮੌਨਸੂਨ ਦੀ ਬਾਰਸ਼ ਸ਼ੁਰੂ ਹੁੰਦੀ ਹੈ ਤਾਂ ਬਿਮਾਰੀ ਵਧਣ ਲਗਦੀ ਹੈ। ਇਸ ਲਈ ਸਪਰੇਅ ਮਾਰਚ-ਅਪ੍ਰੈਲ ਤੋਂ ਹੀ ਸ਼ੁਰੂ ਕਰ ਦੇਣੀ ਚਾਹੀਦੀ ਹੈ ਨਹੀ ਤਾਂ ਫ਼ਲਾਂ ਦੀ ਕੇਰ ਵੇਲੇ ਛਿੜਕਾਅ ਕਰਨ ਦਾ ਬਹੁਤਾ ਫ਼ਾਇਦਾ ਨਹੀਂ ਹੁੰਦਾ। ਰੋਗੀ ਟਾਹਣੀਆਂ, ਪੱਤਿਆਂ ਤੇ ਫੁੱਲਾਂ ਦੀਆਂ ਡੰਡੀਆਂ 'ਤੇ ਲੱਗੇ ਉੱਲੀ ਦੇ ਕਾਲੇ ਟਿਮਕਣੇ ਬਿਮਾਰੀ ਦੇ ਫ਼ੈਲਾਅ ਤੇ ਅਗਲੇ ਸਾਲ ਬਿਮਾਰੀ ਦੀ ਲਾਗ ਦਾ ਕਾਰਨ ਬਣਦੇ ਹਨ। ਵਾਤਾਵਰਣ 'ਚ ਬਹੁਤੀ ਸਿੱਲ੍ਹ ਤੇ ਵਰਖਾ ਕਿੰਨੂ ਦੀ ਇਸ ਕੇਰ ਦੇ ਵਾਧੇ ਲਈ ਅਨੁਕੂਲ ਹੁੰਦੇ ਹਨ। ਜੇਕਰ ਬਹਾਰ ਸਮੇਂ ਬਾਰਿਸ਼ ਹੋ ਜਾਵੇ ਤਾਂ ਇਹ ਬਿਮਾਰੀ ਫਰਵਰੀ-ਮਾਰਚ ਵਿਚ ਹੀ ਰੋਗੀ ਟਾਹਣੀਆਂ ਤੋਂ ਸ਼ੁਰੂ ਹੋ ਜਾਂਦੀ ਹੈ ਪਰ ਅਪ੍ਰੈਲ-ਜੂਨ ਦੇ ਮਹੀਨੇ ਗਰਮੀ ਦੌਰਾਨ ਇਸ ਦਾ ਵਾਧਾ ਰੁਕ ਜਾਂਦਾ ਹੈ ਤੇ ਵਰਖਾ ਰੁੱਤ 'ਚ ਇਹ ਰੋਗ ਫੈਲਣਾ ਸ਼ੁਰੂ ਹੋ ਜਾਂਦਾ ਹੈ।

# ਬੋਲਣ ਨਾਲ ਸੰਬੰਧਤ ਰੋਗਾਂ ਦਾ ਇਲਾਜ



**ਬੋਲਣ ਨਾਲ ਸੰਬੰਧਤ ਰੋਗਾਂ 'ਚੋਂ ਕੁਝ ਰੋਗ ਜਮਾਂਦਰੂ ਹੁੰਦੇ ਹਨ ਜਦਕਿ ਕੁਝ ਰੋਗਾਂ ਦੇ ਕਾਰਨ ਸਮਾਜਿਕ ਤੇ ਮਾਨਸਿਕ ਹੁੰਦੇ ਹਨ...**

ਆਵਾਜ਼ ਕੁਦਰਤ ਦੁਆਰਾ ਬਖਸ਼ਿਆ ਹੋਇਆ ਇਹ ਇੱਕ ਅਜਿਹਾ ਤੋਹਫਾ ਹੈ ਜੋ ਸਾਡੇ ਜਨਮ ਤੋਂ ਮੌਤ ਤੱਕ ਦੇ ਸਫ਼ਰ ਵਿਚ ਸਾਥ ਨਿਭਾਉਂਦਾ ਹੈ। ਪਰ ਅੱਜ ਦੇ ਯੁੱਗ ਵਿੱਚ ਸਰੀਰਕ ਤੇ ਮਾਨਸਿਕ ਸਮੱਸਿਆਵਾ ਐਨੀਆਂ ਵਧ ਗਈਆ ਹਨ ਕਿ ਹਰ ਬੱਚੇ ਤੋਂ ਲੈਕੇ ਵਡੇਰੀ ਉਮਰ ਤੱਕ ਦੇ ਲੋਕਾਂ ਵਿਚ ਵੀ ਹੋਰ ਰੋਗਾਂ ਦੇ ਨਾਲ ਨਾਲ ਬੋਲਣ ਨਾਲ ਸੰਬੰਧਤ ਰੋਗਾਂ ਵਿਚ ਵੀ ਵਾਧਾ ਹੋ ਰਿਹਾ ਹੈ। ਵਿਗਿਆਨਕ ਯੁੱਗ ਨਾਲ ਅੱਜ ਸਾਇੰਸ ਨੇ ਇਨਸਾਨ ਦੇ ਹਰ ਰੋਗ ਦੇ ਸੰਭਵ ਹੱਲ ਕੱਢਣ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਪਰ ਅਜੇ ਵੀ ਬਹੁਤ ਅਜਿਹੇ ਰੋਗ ਮੌਜੂਦ ਹਨ ਜਿਨ੍ਹਾਂ ਦੀ ਜੇ ਸਮਾਂ ਰਹਿੰਦੇ ਗੌਰ ਜਾਂ ਇਲਾਜ ਨਾ ਕੀਤਾ ਜਾਵੇ ਤਾਂ ਬਾਅਦ ਵਿਚ ਡਾਕਟਰੀ ਇਲਾਜ ਨਾਲ ਵੀ ਉਨ੍ਹਾਂ ਰੋਗਾਂ ਦਾ ਹੱਲ ਨਹੀਂ ਕੱਢਿਆ ਜਾ ਸਕਦਾ। ਜੇ ਆਵਾਜ਼ ਨਾਲ ਸੰਬੰਧਤ ਰੋਗਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਅਜਿਹੇ ਰੋਗ ਹੁੰਦੇ ਹਨ ਜਿਸ ਨਾਲ ਰੋਗੀ ਦੇ ਜੀਵਨ ਵਿਚ ਸਫਲਤਾ ਦੀ ਰਫਤਾਰ ਮੱਠੀ ਪੈ ਜਾਂਦੀ ਹੈ। ਬੋਲਣ ਨਾਲ ਸੰਬੰਧਤ ਰੋਗ ਕਈ ਪ੍ਰਕਾਰ ਦੇ ਹੁੰਦੇ ਹਨ। ਜਿਨ੍ਹਾਂ ਵਿਚੋਂ ਕੁਝ ਰੋਗ ਜਨਮ ਸਮੇਂ ਤੋਂ ਹੀ ਬੱਚਿਆਂ ਵਿਚ ਪਾਏ ਜਾਂਦੇ ਹਨ ਅਤੇ ਕੁਝ ਰੋਗਾਂ ਦੇ ਸਮਾਜਿਕ ਤੇ ਮਾਨਸਿਕ ਕਾਰਨ ਹੁੰਦੇ ਹਨ। ਦੋਵੇਂ ਹੀ ਤਰ੍ਹਾਂ ਦੇ ਰੋਗਾਂ ਦੇ ਲੱਛਣ ਪਛਾਣ ਕੇ ਸਹੀ ਇਲਾਜ ਕੀਤਾ ਜਾ ਸਕਦਾ ਹੈ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਬੋਲਣ ਦੀ ਇੱਕ ਮੁੱਖ ਬਿਮਾਰੀ ਜੋ ਨਵੀਂ ਪੀੜ੍ਹੀ ਵਿੱਚ ਕਾਫ਼ੀ ਪਾਈ ਜਾਂਦੀ ਹੈ।

## ਹਕਲਾਉਣਾ

ਇਹ ਬੋਲਣ ਦੀ ਇੱਕ ਅਜਿਹੀ ਸਮੱਸਿਆ ਹੈ ਜੋ ਕਿ ਛੋਟੀ ਉਮਰ ਦੇ ਬੱਚਿਆਂ ਤੋਂ ਲੈਕੇ ਅੱਲੜ ਉਮਰ ਜਾਂ ਬਾਲਗਾਂ ਵਿੱਚ ਵੀ ਪਾਈ ਜਾਂਦੀ ਹੈ। ਹਕਲਾਉਣ ਦੀ ਸਮੱਸਿਆ ਦਾ ਮੁੱਖ ਕਾਰਨ ਮਾਨਸਿਕ ਹੁੰਦਾ ਹੈ। ਇਸ ਰੋਗ ਨਾਲ ਪੀੜਤ ਬੱਚਾ ਜਾਂ ਕੋਈ ਬਾਲਗ ਹਰ ਗੱਲ ਦੁਹਰਾ ਕੇ ਜਾਂ ਅਟਕ-ਅਟਕ ਕੇ ਬੋਲਦਾ ਹੈ ਜਾਂ ਫਿਰ ਉਸ ਨੂੰ ਬੋਲਣ ਲੱਗੇ ਸਬਦਾਂ ਦੇ ਉਚਾਰਨ ਸਮੇਂ ਜ਼ੋਰ ਲਾਉਣਾ ਪੈਂਦਾ ਹੈ। ਹਕਲਾਉਣ ਦੀ ਸਮੱਸਿਆ ਵਿਰਸੇ ਵਿਚ ਮਿਲੇ ਰੋਗਾਂ ਵਿੱਚ ਸ਼ਾਮਲ ਨਹੀਂ ਹੁੰਦੀ। ਡਾਕਟਰੀ ਭਾਸ਼ਾ ਅਨੁਸਾਰ ਇਸ ਨੂੰ ਬਿਮਾਰੀ ਘੱਟ ਅਤੇ ਆਦਤ ਜ਼ਿਆਦਾ ਮੰਨਿਆ ਜਾਂਦਾ ਹੈ। ਬੋਲਣ ਸਮੇਂ ਅੱਖਾਂ ਮੀਚਣਾ ਜਾਂ ਬੁੱਲ੍ਹਾਂ ਦਾ ਕੰਬਣਾ ਵੀ ਹਕਲਾਉਣ ਦੇ ਹੀ ਲੱਛਣ ਮੰਨੇ ਜਾਂਦੇ ਹਨ। ਇਸ ਰੋਗ ਦੇ ਹੋਰ ਵੀ ਕਈ ਕਾਰਨ ਹਨ ਜਿਵੇਂ ਛੋਟੇ ਬੱਚਿਆਂ ਵਿਚ ਇਹ ਰੋਗ ਦੂਜੇ ਬੱਚੇ ਨਕਲ ਕਰਨ ਕਾਰਨ ਵੀ ਹੋ ਜਾਂਦਾ ਹੈ। ਕਈ ਵਾਰ ਸਕੂਲਾਂ ਜਾਂ ਆਲੇ ਦੁਆਲੇ ਦੇ ਕਿਸੇ ਬੱਚੇ ਜਾਂ ਬਾਲਗ ਵਿਚ ਹਕਲਾਉਣ ਦੀ ਸਮੱਸਿਆ ਹੁੰਦੀ ਹੈ ਤੇ ਦੂਜੇ ਬੱਚੇ ਵਲੋਂ ਉਸਦੀ ਨਕਲ ਕਰਕੇ ਉਸ ਵਾਂਗ ਬੋਲਿਆ ਜਾਂਦਾ ਹੈ ਅਜਿਹਾ ਲੰਬੇ ਸਮੇਂ ਤੱਕ ਕਰਨ ਨਾਲ ਦੂਜੇ ਬੱਚੇ ਨੂੰ ਹਕਲਾਉਣ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੀ ਮਾਨਸਿਕ ਤੌਰ 'ਤੇ ਪ੍ਰੇਸ਼ਾਨੀ ਜਾਂ ਦਬਾਅ ਕਾਰਨ ਵੀ ਇਹ ਸਮੱਸਿਆ ਹੋ ਸਕਦੀ ਹੈ। ਕਈ ਵਾਰ ਜ਼ਿਆਦਾ ਤੇਜ਼ ਬੋਲਣ ਨਾਲ ਵੀ ਹਕਲਾਉਣ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਹਲਕਉਣ ਦੀ ਸਮੱਸਿਆ ਨਿਊਰੋ ਮਸਲ ਵਿਚ ਅਸੰਤੁਲਨ ਕਾਰਨ ਅਤੇ ਵੋਕਲ ਕਾਰਡ ਵਿੱਚ ਕੋਈ ਸਮੱਸਿਆ ਆ ਜਾਣ ਕਾਰਨ ਵੀ ਹੋ ਸਕਦੀ ਹੈ। ਇਹ ਸਮੱਸਿਆ ਜ਼ਿਆਦਾਤਰ ਮਰਦਾਂ ਵਿਚ ਪਾਇਆ ਜਾਂਦੀ ਹੈ। ਦੇਸ਼ ਦੇ ਲਗਭਗ ਇੱਕ ਜਾਂ ਦੋ ਪ੍ਰਤੀਸ਼ਤ ਹਕਲਾਉਣ ਦੀ ਸਮੱਸਿਆ ਨਾਲ ਪੀੜਤ ਰੋਗੀਆਂ ਵਿਚੋਂ 75 ਪ੍ਰਤੀਸ਼ਤ ਦੇ ਕਰੀਬ ਮਰਦ ਹੀ ਹਨ।

## ਹੱਲ

ਹਕਲਾਉਣ ਦੀ ਸਮੱਸਿਆ ਦਾ ਸਪੀਚ ਥਰੈਪੀ ਨਾਲ ਇਲਾਜ ਕੀਤਾ ਜਾ ਸਕਦਾ ਹੈ। ਇਸ ਦਾ ਮੁੱਖ ਲੱਛਣ ਹੈ ਜੇਕਰ ਇਹ ਸਮੱਸਿਆ ਬੱਚੇ ਵਿਚ 5 ਸਾਲ ਤੋਂ ਜ਼ਿਆਦਾ ਉਮਰ ਵਿਚ ਚਲਦੀ ਹੈ ਜਾਂ 6-7 ਮਹੀਨੇ ਤੋਂ ਜ਼ਿਆਦਾ ਚਲਦੀ ਹੈ ਤਾਂ ਸੰਬੰਧਤ ਰੋਗਾਂ ਦੇ ਮਾਹਿਰ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇ ਮਾਨਸਿਕ ਤੌਰ 'ਤੇ ਹੱਲ ਦੀ ਗੱਲ ਕੀਤੀ ਜਾਵੇ ਤਾਂ ਸਭ ਤੋਂ ਪਹਿਲਾਂ ਰੋਗੀ ਵਿਚ ਸਮੱਸਿਆ ਪੈਦਾ ਹੋਣ ਦੇ ਕਾਰਨ ਨੂੰ ਲੱਭਣਾ ਪਵੇਗਾ। ਉਸ ਦੀ ਦਿਮਾਗੀ ਪ੍ਰੇਸ਼ਾਨੀ ਜਾਂ ਦਬਾਅ ਨੂੰ ਖ਼ਤਮ ਕਰਕੇ ਹੀ ਰੋਗੀ ਇਸ ਰੋਗ ਤੋਂ ਨਿਜਾਤ ਪਾ ਸਕਦਾ ਹੈ। ਰੋਗੀ ਨੂੰ ਸਪੀਚ ਥੈਰੇਪੀ ਦੇ ਕੇ ਅਤੇ ਰੋਗੀ ਨੂੰ ਸਹੀ ਸਬਦਾਂ ਪ੍ਰਤੀ ਗਿਆਨ ਦੇ ਕੇ ਹਕਲਾਉਣ ਦੀ ਸਮੱਸਿਆ ਨੂੰ ਖ਼ਤਮ ਕੀਤਾ ਜਾ ਸਕਦਾ ਹੈ।



**ਹਕਲਾਉਣ ਦੀ ਸਮੱਸਿਆ ਦਾ ਸਬੰਧ ਵਿਅਕਤੀ ਦੇ ਪਰਿਵਾਰਕ ਇਤਿਹਾਸ ਨਾਲ ਨਹੀਂ ਹੁੰਦਾ...**

**ਬੱਚਿਆਂ ਵਿਚ ਤੋਤਲੇਪਣ ਦੀ ਸਮੱਸਿਆ ਦੂਰ ਕਰਨ ਲਈ ਉਨ੍ਹਾਂ ਨੂੰ ਤੋਤੇ ਦਾ ਜੂਠਾ ਖੁਆਇਆ ਜਾਂਦਾ ਹੈ ਜੋ ਮਹਿਜ਼ ਇਕ ਅੰਧਵਿਸ਼ਵਾਸ ਹੈ...**

## ਤੁਤਲਾਉਣਾ ਜਾਂ ਸਾਫ਼ ਨਾ ਬੋਲਣਾ

ਤੁਤਲਾਉਣ ਦੀ ਸਮੱਸਿਆ ਜ਼ਿਆਦਾਤਰ ਬੱਚਿਆ ਵਿਚ ਪਾਈ ਜਾਂਦੀ ਹੈ। ਜੇ 1 ਤੋਂ 5 ਸਾਲ ਤੱਕ ਦੇ ਬੱਚਿਆਂ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਵਿਚ ਸਾਫ਼ ਨਾ ਬੋਲਣ ਜਾਂ ਤੁਤਲਾਉਣ ਦੀ ਸਮੱਸਿਆ ਕਿਸੇ ਵੀ ਖਤਰੇ ਦੀ ਘੰਟੀ ਨਹੀਂ ਹੈ ਕਿਉਂਕਿ 5 ਸਾਲ ਤੱਕ ਉਮਰ ਦੇ ਬੱਚਿਆਂ ਵਿਚ ਆਵਾਜ਼ ਦਾ ਵਿਕਾਸ ਹੋਣ ਕਾਰਨ ਇਹ ਸਮੱਸਿਆ ਹੋਣੀ ਆਮ ਗੱਲ ਹੁੰਦੀ ਹੈ। ਸਾਫ਼ ਨਾ ਬੋਲਣ ਜਾਂ ਤੋਤਲੇਪਣ ਦੇ ਕਈ ਮੁੱਖ ਕਾਰਨ ਹਨ। ਜਿਸ ਵਿਚ ਸਭ ਤੋਂ ਪਹਿਲਾਂ ਬੱਚਿਆਂ ਦੇ ਸਾਫ਼ ਨਾ ਬੋਲਣ ਦਾ ਇੱਕ ਵੱਡਾ ਕਾਰਨ ਮਾਪੇ ਵੀ ਹੁੰਦੇ ਹਨ ਕਿਉਂਕਿ ਮਾਪਿਆਂ ਵਲੋਂ ਲਾਡ ਪਿਆਰ ਵਿਚ ਆਪਣੇ ਬੱਚਿਆਂ ਨਾਲ ਤੋਤਲੇਪਣ ਵਿਚ ਗੱਲਾਂ ਕੀਤੀਆਂ ਜਾਂਦੀਆਂ ਹਨ ਜੋ ਕਿ ਬਾਅਦ ਵਿਚ ਬੱਚੇ ਦੀ ਆਵਾਜ਼ ਦੇ ਵਿਕਾਸ ਵਿਚ ਸਮੱਸਿਆ ਪੈਦਾ ਕਰਦੀਆਂ ਹਨ। ਮਾਪਿਆਂ ਵਲੋਂ ਆਪਣੇ ਬੱਚਿਆਂ ਦੀ ਭਾਸ਼ਾ ਤੇ ਸ਼ਬਦਾਂ ਨੂੰ ਜਾਣ-ਬੁੱਝ ਕੇ ਖ਼ਰਾਬ ਕੀਤਾ ਜਾਂਦਾ ਹੈ। ਅਕਸਰ ਬੱਚਿਆ ਨੂੰ ਪਾਣੀ ਦੀ ਥਾਂ ਮਮ ਜਾਂ 'ਕ' ਅਤੇ 'ਲ' ਦੀ ਜਗ੍ਹਾ 'ਤ' ਦੀ ਵਰਤੋਂ ਕਰਨਾ ਸਿਖਾਇਆ ਜਾਂਦਾ ਹੈ ਜੋ ਕਿ ਇੱਕ ਆਦਤ ਬਣਕੇ ਬੱਚੇ ਦੀ ਅਗਲੇਰੀ ਜ਼ਿੰਦਗੀ ਵਿਚ ਕਈ ਵਾਰ ਨਿਰਾਸ਼ਾ ਤੇ ਆਤਮ ਵਿਸ਼ਵਾਸ ਨੂੰ ਖ਼ਤਮ ਕਰਦੇ ਹਨ। ਇਸ ਦੇ ਹੱਲ ਲਈ ਬਹੁਤ ਵਾਰ ਮਾਪਿਆਂ ਵਲੋਂ ਆਪਣੇ ਬੱਚੇ ਦੇ ਤੋਤਲੇਪਣ ਨੂੰ ਖ਼ਤਮ ਕਰਨ ਲਈ ਕਾਂ ਜਾਂ ਤੋਤੇ ਦਾ ਜੂਠਾ ਵੀ ਖਵਾਇਆ ਜਾਂਦਾ ਹੈ ਜੋਕਿ ਮਹਿਜ਼ ਇੱਕ ਅੰਧਵਿਸ਼ਵਾਸ਼ ਹੈ ਜਿਸ ਨਾਲ ਬੱਚਾ ਬਿਮਾਰ ਵੀ ਹੋ ਸਕਦਾ ਹੈ। ਜੇ ਇਸ ਰੋਗ ਦੇ ਲੱਛਣ ਮਿਲਣ ਤਾਂ ਇਸ ਰੋਗ ਦੇ ਸਹੀ ਇਲਾਜ ਲਈ ਸੰਬੰਧਤ ਰੋਗਾਂ ਮਾਹਿਰਾਂ ਦੇ ਕੋਲ ਜਾਣਾ ਹੀ ਸਭ ਤੋਂ ਵਧੀਆ ਰਾਹ ਹੁੰਦਾ ਹੈ।

## ਹੱਲ

ਇਸ ਸਮੱਸਿਆ ਦੇ ਹੱਲ ਲਈ ਸਭ ਤੋਂ ਪਹਿਲਾਂ ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਗੱਲ ਕਰਦੇ ਸਮੇਂ ਤੋਤਲੇ ਜਾਂ ਗ਼ਲਤ ਸ਼ਬਦਾਂ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਜੇਕਰ ਕੋਈ ਬੱਚਾ ਜਾਂ ਬਾਲਗ ਜ਼ਿਆਦਾ ਤੁਤਲਾਉਣ ਜਾਂ ਸਾਫ਼ ਨਾ ਬੋਲਣ ਦੇ ਰੋਗ ਨਾਲ ਪੀੜਤ ਹੈ ਤਾਂ ਉਸਨੂੰ ਅਸੀ ਸਪੀਚ ਥੈਰੇਪੀ ਦੀ ਸਹਾਇਤਾ ਨਾਲ ਹੱਲ ਕਰ ਸਕਦੇ ਹਾਂ। ਜਿਸਨੂੰ ਪੰਜਾਬੀ ਵਿਚ ਬੋਲਣ ਦੀ ਟਰੇਨਿੰਗ ਵੀ ਕਹਿ ਸਕਦੇ ਹਾਂ। ਇਸ ਦੀ ਸਹਾਇਤਾ ਨਾਲ ਪਹਿਲਾਂ ਰੋਗੀ ਕਿਹੜੇ ਅੱਖਰਾਂ ਗ਼ਲਤ ਉਚਾਰਨ ਕਰਦਾ ਹੈ ਉਸ ਨੂੰ ਪਛਾਣਿਆ ਜਾਂਦਾ ਹੈ ਅਤੇ ਫਿਰ ਸਹੀ ਜ਼ੁਬਾਨ ਦੀ ਪੁਜ਼ੀਸਨ 'ਤੇ ਅਭਿਆਸ ਕਰਵਾਇਆ ਜਾਂਦਾ ਹੈ। ਜਿਸ ਨਾਲ ਰੋਗੀ ਨੂੰ ਕ੍ਰਮਵਾਰ ਅੱਖਰਾਂ ਤੇ ਸ਼ਬਦਾਂ ਨੂੰ ਸਹੀ ਢੰਗ ਤੇ ਸਾਫ ਬੋਲਣ ਦਾ ਅਭਿਆਸ ਕਰਵਾ ਕੇ ਇਸ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

## ਆਵਾਜ਼ ਸੰਬੰਧੀ ਸਮੱਸਿਆਵਾਂ

ਆਵਾਜ਼ ਨਾਲ ਸੰਬੰਧਤ ਸਮੱਸਿਆਵਾਂ ਉਹ ਹੁੰਦੀਆਂ ਹਨ ਜਿਸ ਵਿਚ ਬੱਚੇ ਤੋਂ ਬਾਲਗ ਉਮਰ ਵਿੱਚ ਜਾਣ ਨਾਲ ਆਵਾਜ਼ ਵਿਚ ਆਪਣੇ ਆਪ ਬਦਲਾਅ ਆ ਜਾਂਦਾ ਹੈ ਪਰ ਕਈ ਵਾਰ ਕਿਸੇ ਸਮੱਸਿਆ ਦੇ ਕਾਰਨ ਇਹ ਬਦਲਾਅ ਨਹੀਂ ਆਉਂਦਾ ਜਿਸ ਕਾਰਨ ਰੋਗੀ ਦੀ ਆਵਾਜ਼ ਵੱਡੀ ਉਮਰ ਵਿਚ ਜਾ ਕੇ ਵੀ ਬੱਚਿਆਂ ਜਿਹੀ ਹੀ ਰਹਿੰਦੀ ਹੈ।

## ਆਵਾਜ਼ ਦਾ ਬੈਠਣਾ

ਅੱਜ ਕੱਲ ਆਵਾਜ਼ ਦਾ ਬੈਠਣਾ ਵੀ ਹਰ ਉਮਰ ਦੇ ਵਿਅਕਤੀਆਂ ਵਿਚ ਪਾਇਆ ਜਾਂਦਾ ਹੈ। ਅਜਿਹਾ ਹੋਣ ਦਾ ਇੱਕ ਮੁੱਖ ਕਾਰਨ ਹੁੰਦਾ ਹੈ ਆਵਾਜ਼ ਦੀ ਜ਼ਿਆਦਾ ਵਰਤੋਂ ਕਰਨੀ ਜਾਂ ਉੱਚੀ ਆਵਾਜ਼ ਵਿਚ ਲਗਾਤਾਰ ਬੋਲਣਾ। ਜਿਸ ਕਾਰਨ ਆਵਾਜ਼ ਬੈਠ ਜਾਂਦੀ ਹੈ। ਇਸ ਸਮੱਸਿਆ ਦੀ ਸ਼੍ਰੇਣੀ ਵਿਚ ਅਧਿਆਪਕ, ਕੰਡਕਟਰ, ਨੇਤਾ, ਗਾਇਕ ਜਾਂ ਅਜਿਹੇ ਹੋਰ ਵਰਗ ਦੇ ਲੋਕ ਸ਼ਾਮਲ ਹੁੰਦੇ ਹਨ ਜੋ ਲਗਾਤਾਰ ਉੱਚੇ ਸੁਰਾਂ ਵਿਚ ਆਪਣੀ ਆਵਾਜ਼ ਦੀ ਵਰਤੋਂ ਕਰਦੇ ਹਨ। ਇਸ ਤੋਂ ਇਲਾਵਾ ਕਈ ਵਾਰ ਕਿਸੇ ਵੱਡੀ ਦੁਰਘਟਨਾ ਵਾਪਰਨ ਨਾਲ ਜਾਂ ਸਿਰ ਤੇ ਵੱਡੀ ਸੱਟ ਲੱਗਣ ਕਾਰਨ ਵੀ ਆਵਾਜ਼ ਨਾਲ ਸੰਬੰਧਤ ਰੋਗ ਪੈਦਾ ਹੋ ਜਾਂਦੇ ਹਨ। ਜ਼ਿਆਦਾ ਸੱਟ ਕਾਰਨ ਬੋਲਣ ਤੇ ਸਮਝਣ ਦੀ ਸਮੱਸਿਆ ਆ ਜਾਂਦੀ ਹੈ।

ਜੇਕਰ ਮਾਪਿਆਂ ਵਲੋਂ ਬੋਲਣ ਨਾਲ ਸੰਬੰਧਤ ਰੋਗਾਂ ਦੇ ਲੱਛਣ ਪਛਾਣ ਕੇ ਤੁਰੰਤ ਹੀ ਉਨ੍ਹਾਂ ਦਾ ਹੱਲ ਕੀਤਾ ਜਾਵੇ ਤਾਂ ਬਹੁਤ ਸਾਰੇ ਅਜਿਹੇ ਬੱਚਿਆਂ ਦਾ ਸਹੀ ਵਿਕਾਸ ਸੰਭਵ ਹੋ ਸਕੇਗਾ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਹੀ ਤੇ ਸਾਫ਼ ਮਾਹੌਲ ਦੇਣਾ ਚਾਹੀਦਾ ਹੈ ਕਿਉਂਕਿ ਛੋਟੀ ਉਮਰ ਦੇ ਬੱਚਿਆਂ ਦੇ ਵਿਕਾਸ ਕਰ ਰਹੇ ਦਿਮਾਗ਼ ਵਿਚ ਸਭ ਤੋਂ ਜਿਆਦਾ ਅਸਰ ਆਪਣੇ ਆਲੇ ਦੁਆਲੇ ਅਤੇ ਪਰਿਵਾਰ ਦੇ ਮਾਹੌਲ ਦਾ ਹੀ ਹੁੰਦਾ ਹੈ। ਸੋ ਮਾਪਿਆਂ ਨੂੰ ਵੀ ਆਪਣੇ ਲਾਡ ਪਿਆਰ ਸਮੇਂ ਸਹੀ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ। ਬੋਲਣ ਦੀ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਤਾਂ ਉਸਨੂੰ ਬੋਲਣ ਦੀਆਂ ਬਿਮਾਰੀਆਂ ਦੇ ਮਾਹਿਰਾਂ ਦੀ ਸਲਾਹ ਲੈਣੀ ਚਾਹੀਦੀ ਹੈ ।

ਮੂਲ- ਡਾ. ਪੂਨਮ
ਅਨੁਵਾਦਕ : ਭੁਪਿੰਦਰਵੀਰ ਸਿੰਘ
99149-57073

## ਤ੍ਰਿਕੋਣ ਆਸਨ

**ਯੋਗ ਕਰਦੇ ਸਮੇਂ ਸਰੀਰ ਦਾ ਆਕਾਸ ਤ੍ਰਿਕੋਣ ਵਰਗਾ ਹੋਣ ਕਾਰਨ ਇਸ ਆਸਨ ਨੂੰ ਤ੍ਰਿਕੋਣ ਆਸਨ ਕਿਹਾ ਜਾਂਦਾ ਹੈ। ਇਸ ਆਸਨ ਨਾਲ ਪੇਟ, ਕਮਰ, ਪੱਟਾਂ ਅਤੇ ਲੱਕ ਦੁਆਲੇ ਵਾਧੂ ਚਰਬੀ ਨੂੰ ਆਸਾਨੀ ਨਾਲ ਘਟਾਇਆ ਜਾ ਸਕਦਾ ਹੈ।**

ਮੋਟਾਪੇ ਤੋਂ ਪਰੇਸ਼ਾਨ ਲੋਕਾਂ ਲਈ ਇਹ ਸਭ ਤੋਂ ਸੌਖਾ ਅਤੇ ਲਾਭਦਾਇਕ ਆਸਨ ਹੈ। ਇਸ ਆਸਨ ਦਾ ਨਿਯਮਿਤ ਅਭਿਆਸ ਕਰਨ ਨਾਲਪੇਟ, ਕਮਰ, ਪੱਟਾਂ ਅਤੇ ਲੱਕ ਦੁਆਲੇ ਵਾਧੂ ਚਰਬੀ ਨੂੰ ਆਸਾਨੀ ਨਾਲ ਘਟਾਇਆ ਜਾ ਸਕਦਾ ਹੈ।

**ਵਿਧੀ :**

- ਸਭ ਤੋਂ ਪਹਿਲਾਂ ਸਮਤਲ ਜਗ੍ਹਾ 'ਤੇ ਦੋਹਾਂ ਪੈਰਾਂ ਵਿਚ ਕੁਝ ਫਾਸਲਾ ਰੱਖਦੇ ਹੋਏ ਖੜ੍ਹੇ ਹੋ ਜਾਓ।
- ਸੱਜੇ ਪੈਰ ਨੂੰ ਸੱਜੇ ਪਾਸੇ ਮੋੜ ਕੇ ਰੱਖੋ।
- ਮੋਢੇ ਦੀ ਉਚਾਈ ਤਕ ਆਪਣੇ ਦੋਵੇਂ ਹੱਥਾਂ ਨੂੰ ਬਗਲ 'ਚ ਫੈਲਾ ਲਓ।
- ਹੁਣ ਹੌਲੀ ਹੌਲੀ ਸਾਹ ਭਰੋ ਅਤੇ ਸੱਜੇ ਪਾਸੇ ਝੁਕੋ। ਝੁਕਦੇ ਸਮੇਂ ਆਪਣੀਆਂ ਨਜ਼ਰਾਂ ਨੂੰ ਸਾਹਮਣੇ ਵੱਲ ਰੱਖੋ।
- ਹੁਣ ਸੱਜੇ ਹੱਥ ਨਾਲ ਆਪਣੇ ਖੱਬੇ ਪੈਰ ਨੂੰ ਛੂਹਣ ਦੀ ਕੋਸ਼ਿਸ਼ ਕਰੋ।
- ਇਸ ਅਵਸਥਾ ਵਿਚ ਤੁਹਾਡਾ ਖੱਬਾ ਹੱਥ ਸਿੱਧਾ ਆਸਮਾਨ ਵੱਲ ਰੱਖੋ ਅਤੇ ਨਜ਼ਰਾਂ ਆਪਣੇ ਖੱਬੇ ਹੱਥ ਦੀਆਂ ਉਂਗਲਾਂ ਵੱਲ ਰੱਖੋ।
- ਹੁਣ ਸਾਧਾਰਨ ਅਵਸਥਾ ਵਿਚ ਵਾਪਸ ਆ ਕੇ ਖੱਬੇ ਹੱਥ ਨਾਲ ਇਹੀ ਕਿਰਿਆ ਦੁਹਰਾਓ।
- ਅਜਿਹਾ ਘੱਟੋ ਘੱਟ 20 ਵਾਰ ਕਰੋ।
- ਸਰੀਰ ਉਠਾਉਂਦੇ ਸਮੇਂ ਸਾਹਾਂ ਨੂੰ ਅੰਦਰ ਭਰੋ ਅਤੇ ਝੁਕਦੇ ਸਮੇਂ ਸਾਹ ਛੱਡੋ।

**ਲਾਭ :**

- ਨਿਯਮਿਤ ਰੂਪ ਨਾਲ ਇਹ ਆਸਨ ਕਰਨ ਨਾਲ ਗਰਦਨ, ਪਿੱਠ, ਕਮਰ ਅਤੇ ਪੈਰ ਦੇ ਸਾਰੇ ਹਿੱਸੇ ਮਜ਼ਬੂਤ ਹੁੰਦੇ ਹਨ।
- ਸਰੀਰ ਸੰਤੁਲਿਤ ਕਰਨ ਵਿਚ ਮਦਦ ਕਰਦਾ ਹੈ।
- ਪੇਟ ਫੁੱਲਣਾ ਵਰਗੀ ਸਮੱਸਿਆ ਤੋਂ ਛੁਟਕਾਰਾ ਦਿਲਾਉਣ ਵਿਚ ਮਦਦਗਾਰ ਹੈ।
- ਚਿੰਤਾ ਤਣਾਅ ਨੂੰ ਘੱਟ ਕਰਦਾ ਹੈ ਅਤੇ ਤਨ ਮਨ 'ਚ ਚੁਸਤੀ ਦਾ ਸੰਚਾਰ ਕਰਦਾ ਹੈ।
- ਪੇਟ 'ਤੇ ਜੰਮੀ ਵਾਧੂ ਚਰਬੀ ਘਟਾ ਕੇ ਮੋਟਾਪੇ ਦੀ ਸਮੱਸਿਆ ਦੂਰ ਕਰਦਾ ਹੈ।
- ਸਰੀਰ ਨੂੰ ਸੁਡੌਲ ਅਤੇ ਲਚੀਲਾ ਬਣਾਉਂਦਾ ਹੈ।

**ਸਾਵਧਾਨੀਆਂ :**

- ਅਨਿਯਮਿਤ ਬਲੱਡ ਪ੍ਰੈਸ਼ਰ ਦੌਰਾਨ ਇਹ ਆਸਨ ਨਹੀਂ ਕਰਨਾ ਚਾਹੀਦਾ।
- ਸਿਰ ਦਰਦ, ਗਰਦਨ ਦਰਦ ਜਾਂ ਪਿੱਠ ਦੇ ਦਰਦ ਦੌਰਾਨ ਇਹ ਆਸਨ ਨਾ ਕਰੋ।





## ਓਹੜ ਪੋਹੜ

**ਥੋੜ੍ਹੀ ਜਿਹੀ ਹਲਦੀ, ਦੋ ਲਸਣ ਅਤੇ ਦੋ ਲੌਂਗਾਂ ਨੂੰ ਮਿਕਸੀ ਵਿਚ ਪੀਹ ਕੇ ਇਕ ਕਪ ਗਰਮ ਦੁੱਧ ਜਾਂ ਗਰਮ ਪਾਣੀ ਵਿਚ ਮਿਲਾ ਕੇ ਰੋਜ਼ ਪੀਣ ਨਾਲ ਇਨ੍ਹਾਂ ਬਿਮਾਰੀਆਂ ਤੋਂ ਬਚਾਅ ਹੋਵੇਗਾ :**



- ਪੇਟ ਗੈਸ, ਪੇਟ ਦਰਦ ਆਦਿ ਪੇਟ ਦੀਆਂ ਸਮੱਸਿਆਂ ਤੋਂ ਛੁਟਕਾਰਾ ਮਿਲੇਗਾ।
- ਬੰਦ ਨੱਕ ਖੁੱਲ੍ਹ ਜਾਵੇਗੀ।
- ਜ਼ੁਕਾਮ 'ਚ ਰਾਹਤ ਮਿਲੇਗੀ।
- ਸ਼ੂਗਰ ਦਾ ਪੱਧਰ ਘਟ ਹੋਵੇਗਾ।
- ਡਾਇਬਟੀਜ਼ ਨੂੰ ਕੰਟਰੋਲ ਕਰੇਗਾ।
- ਇਹ ਤਿੰਨੋਂ ਮਿਲ ਕੇ ਵਧੀਆ ਐਂਟੀਬਾਇਓਟਿਕ ਦਾ ਕੰਮ ਕਰਦੇ ਹਨ। ਇਸ ਨਾਲ ਐਲਰਜੀ ਆਦਿ ਦੀ ਸਮੱਸਿਆ ਨਹੀਂ ਹੋਵੇਗੀ।
- ਸਵੇਰੇ ਖਾਲੀ ਪੇਟ ਇਹ ਮਿਸ਼ਰਣ ਪੀਣ ਨਾਲ ਵਜ਼ਨ ਘਟਦਾ ਹੈ।
- ਕੋਲੈਸਟਰਾਲ ਦਾ ਪੱਧਰ ਘੱਟ ਹੋ ਜਾਂਦਾ ਹੈ।
- ਦਿਲ ਦੀ ਸਿਹਤ ਲਈ ਬਹੁਤ ਲਾਭਦਾਇਕ ਹੈ।
- ਇਨਫੈਕਸ਼ਨ ਤੋਂ ਬਚਾਅ ਕਰਦਾ ਹੈ।
- ਰੋਗ ਰੋਕੂ ਸਮਰੱਥਾ ਵਧਾਉਣ ਵਿਚ ਸਹਾਇਕ ਹੈ।

# ਨਾਸ਼ਤਾ ਨਾ ਕਰਨਾ ਹਾਰਟ ਅਟੈਕ ਨੂੰ ਸੱਦਾ



ਆਧੁਨਿਕ ਜ਼ਿੰਦਗੀ ਵਿਚ ਮਸਰੂਫ਼ੀਅਤ ਨੇ ਮਨੁੱਖ ਦੀ ਸਿਹਤ ਨੂੰ ਹਾਸ਼ੀਏ 'ਤੇ ਰੱਖ ਦਿੱਤਾ ਹੈ। ਨਤੀਜਾ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ ਪਰ ਅਸੀਂ ਫਿਰ ਵੀ ਜਾਗਰੂਕ ਨਹੀਂ ਹੁੰਦੇ। ਵਾਤਾਵਰਣ ਅਤੇ ਮਨੁੱਖੀ ਸਿਹਤ ਦਾ ਤਾਣਾ ਬਾਣਾ ਇੰਨਾ ਉਲਝ ਚੁੱਕਾ ਹੈ ਕਿ ਸਾਡੀਆਂ ਨਿੱਕੀਆਂ ਨਿੱਕੀਆਂ ਆਦਤਾਂ ਵੀ ਵੱਡੇ ਵੱਡੇ ਸਿਹਤ ਖ਼ਤਰਿਆਂ ਨੂੰ ਸੱਦਾ ਦੇ ਰਹੀਆਂ ਹਨ। ਅਜਿਹੀ ਹੀ ਇਕ ਆਦਤ ਹੈ ਨਾਸ਼ਤਾ ਨਾ ਕਰਨਾ। ਇਕ ਖੋਜ ਦੌਰਾਨ ਇਹ ਤੱਥ ਸਾਹਮਣੇ ਆਇਆ ਹੈ ਕਿ ਨਾਸ਼ਤਾ ਨਾ ਕਰਨ ਵਾਲੇ ਵਿਅਕਤੀਆਂ ਨੂੰ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਕਾਫ਼ੀ ਵਧ ਜਾਂਦੀ ਹੈ।



ਸਵੇਰੇ ਕੰਮਾਂ ਕਾਰਾਂ 'ਤੇ ਜਾਣ ਦੀ ਜਲਦੀ ਵਿਚ ਜੇਕਰ ਤੁਸੀਂ ਵੀ ਆਪਣਾ ਨਾਸ਼ਤਾ ਟੇਬਲ 'ਤੇ ਹੀ ਛੱਡ ਜਾਂਦੇ ਹੋ ਤਾਂ ਇਹ ਆਦਤ ਤੁਹਾਡੇ ਲਈ ਬਹੁਤ ਖ਼ਤਰਨਾਕ ਸਾਬਿਤ ਹੋ ਸਕਦੀ ਹੈ। ਇਸ ਸਬੰਧੀ ਹੋਈ ਇਕ ਖੋਜ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਰੋਜ਼ਾਨਾ ਨਾਸ਼ਤਾ ਕਰਨ ਵਾਲਿਆਂ ਦੀ ਤੁਲਨਾ ਵਿਚ ਨਾਸ਼ਤਾ ਨ ਕਰਨ ਵਾਲਿਆਂ ਨੂੰ ਦਿਲ ਦੇ ਦੌਰੇ ਅਤੇ ਕੋਰੋਨਰੀ ਹਾਰਟ ਡਿਜ਼ੀਜ਼ ਹੋਣ ਦਾ ਖ਼ਤਰਾ 27 ਫ਼ੀਸਦੀ ਜ਼ਿਆਦਾ ਹੁੰਦਾ ਹੈ। ਖੋਜ ਵਿਚ 45 ਤੋਂ 82 ਸਾਲ ਦੀ ਉਮਰ ਵਾਲੇ 26902 ਵਿਅਕਤੀਆਂ 'ਤੇ 16 ਸਾਲ ਤਕ ਉਨ੍ਹਾਂ ਦੇ ਰੋਜ਼ਮੱਰਾ ਦੇ ਕੰਮਾਂ ਕਾਰਾਂ ਦਾ ਚਾਰਟ ਬਣਾਉਣ ਤੋਂ ਬਾਅਦ ਸਿਹਤ ਨਤੀਜਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ। ਅਧਿਐਨ ਦੌਰਾਨ 1572 ਮਰਦਾਂ ਨੂੰ ਪਹਿਲੀ ਵਾਰ ਦਿਲ ਨਾਲ ਸਬੰਧਤ ਸ਼ਿਕਾਇਤ ਹੋਈ। ਨਾਸ਼ਤਾ ਨਾ ਕਰਨ ਨਾਲ ਮੋਟਾਪਾ ਹਾਈ ਬਲੱਡ ਪ੍ਰੈਸ਼ਰ, ਹਾਈ ਕੋਲੈਸਟਰਾਲ ਅਤੇ ਸ਼ੂਗਰ ਵਰਗੇ ਰੋਗ ਹੋਣ ਦਾ ਖ਼ਤਰਾ ਵੀ ਵਧ ਜਾਂਦਾ ਹੈ। ਖੋਜ ਵਿਗਿਆਨੀਆਂ ਮੁਤਾਬਕ ਅਧਿਐਨ ਵਿਚ 97 ਫ਼ੀਸਦੀ ਲੋਕ ਯੂਰਪੀ ਮੂਲ ਦੇ ਸਨ।

# ਡਾਇਬਟੀਜ਼ ਅਤੇ ਹੋਮਿਓਪੈਥਿਕ ਇਲਾਜ

**ਹੋਮਿਓਪੈਥੀ ਇਕ ਅਜਿਹੀ ਇਲਾਜ ਪ੍ਰਣਾਲੀ 'ਤੇ ਅਧਾਰਿਤ ਹੈ ਜਿਸ ਵਿਚ ਰੋਗ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾਂਦਾ ਹੈ..**

ਡਾਇਬਟੀਜ਼ ਇਕ ਅਜਿਹੀ ਬਿਮਾਰੀ ਹੈ ਜਿਸ ਵਿਚ ਖ਼ੂਨ ਵਿਚ ਪਾਏ ਜਾਣ ਵਾਲੇ ਗੁਲੂਕੋਜ਼ ਦੀ ਮਾਤਰਾ ਸਧਾਰਨ ਤੋਂ ਵੀ ਵੱਧ ਜਾਂਦੀ ਹੈ। ਸਾਡੇ ਸਰੀਰ ਵਿਚ ਇਨਸੂਲਿਨ ਨਾਂ ਦਾ ਹਾਰਮੋਨ ਹੁੰਦਾ ਹੈ ਕਿ ਪੈਨਕਰੀਆਜ਼ ਨਾਂ ਦੀ ਗ੍ਰੰਥੀ ਤੋਂ ਨਿਕਲਦਾ ਹੈ ਅਤੇ ਸਾਡੇ ਸਰੀਰ ਦੇ ਗਲੂਕੋਜ਼ ਦੇ ਲੈਵਲ ਨੂੰ ਕੰਟਰੋਲ ਕਰਦਾ ਹੈ। ਜੇਕਰ ਕਿਸੇ ਕਾਰਨ ਇਸ ਗ੍ਰੰਥੀ ਦੇ ਸੈੱਲ ਨਸ਼ਟ ਹੋ ਜਾਂਦੇ ਹਨ ਤਾਂ ਇਨਸੂਲਿਨ ਬਣਨਾ ਬੰਦ ਹੋ ਜਾਂਦਾ ਹੈ ਜਿਸ ਨਾਲ ਸਰੀਰ ਵਿਚ ਸ਼ੂਗਰ ਦੀ ਮਾਤਰਾ ਵੱਧ ਜਾਂਦੀ ਹੈ।

### ਲੱਛਣ

- ਬਹੁਤ ਜ਼ਿਆਦਾ ਪਿਆਸ ਲੱਗਣਾ
- ਵਾਰ ਵਾਰ ਮੂੰਹ ਸੁੱਕਣਾ।
- ਭਾਰ ਵਿਚ ਕਮੀ।
- ਨਜ਼ਰ ਦਾ ਧੁੰਦਲਾ ਹੋਣਾ।
- ਵਾਰ ਵਾਰ ਭੁੱਖ ਲੱਗਣਾ।

### ਹੋਮਿਉਪੈਥਿਕ ਇਲਾਜ

ਸਹੀ ਨਿਯਮਾਂ ਅਨੁਸਾਰ ਦਵਾਈ ਦੇਣ ਨਾਲ ਉਸ ਸਰੀਰ ਦੀ ਬਿਮਾਰੀ ਨਾਲ ਲੜਨ ਦੀ ਸ਼ਕਤੀ ਵੱਧ ਜਾਂਦੀ ਹੈ। ਇਸ ਲਈ ਸਾਨੂੰ ਮਰੀਜ਼ ਦੇ ਸਰੀਰ ਦੇ ਲੱਛਣ ਜਿਵੇਂ ਭੁੱਖ, ਪਿਆਸ, ਗਰਮੀ ਜਾਂ ਸਰਦੀ ਲਈ ਸਹਿਣ ਸ਼ਕਤੀ ਅਤੇ ਉਸਦੇ ਸੁਭਾਅ ਮੁਤਾਬਕ ਦਵਾਈ ਦਿੱਤੀ ਜਾਂਦੀ ਹੈ ਜਿਸ ਨਾਲ ਪੈਨਕ੍ਰਿਆਜ਼ ਗ੍ਰੰਥੀ ਦੇ ਸੈੱਲਾਂ ਨੂੰ ਮੁੜ ਉਤੇਜਿਤ ਕਰਕੇ ਇਨਸੂਲਿਨ ਵਿਚ ਵਾਧਾ ਕੀਤਾ ਜਾਂਦਾ ਹੈ ਜਿਸ ਨਾਲ ਸ਼ੂਗਰ ਦੀ ਮਾਤਰਾ ਕੰਟਰੋਲ ਵਿਚ ਆ ਜਾਂਦੀ ਹੈ।

ਡਾ. ਪੰਕਜ ਸ਼ਰਮਾ
8901101553



**ਦਿਲ ਵਿਚ ਵਾਲਵ ਦਾ ਕੰਮ ਲਗਾਤਾਰ ਇਕ ਦਿਸ਼ਾ ਵਿਚ ਖ਼ੂਨ ਦੇ ਵਹਾਅ ਨੂੰ ਬਣਾਈ ਰੱਖਣਾ ਹੁੰਦਾ ਹੈ। ਇਹ ਵਾਲਵ ਬਹੁਤ ਹੀ ਨਾਜ਼ੁਕ ਹੁੰਦੇ ਹਨ। ਡਾਕਟਰੀ ਵਿਗਿਆਨ ਦੀ ਤਰੱਕੀ ਤੋਂ ਬਾਅਦ ਦਿਲ ਸਬੰਧੀ ਰੋਗਾਂ ਨੂੰ ਬਿਨਾਂ ਕਿਸੇ ਖ਼ਾਸ ਮੁਸ਼ਕਿਲ ਤੋਂ ਠੀਕ ਕਰ ਲਿਆ ਜਾਂਦਾ ਹੈ...**

# ਕੀ ਹੈ ਹਾਰਟ ਵਾਲਵ ਸਰਜਰੀ

ਹਾਰਟ ਵਾਲਵ ਰਿਪਲੇਸਮੈਂਟ ਜਾਂ ਰਿਪੇਅਰ ਸਰਜਰੀ ਦਿਲ ਦੇ ਰੋਗਾਂ ਦੇ ਇਲਾਜ ਲਈ ਕੀਤੀ ਜਾਣ ਵਾਲੀ ਸਰਜਰੀ ਹੈ। ਹਾਰਟ ਵਾਲਵ ਰਿਪਲੇਸਮੈਂਟ 'ਤੇ ਗੱਲ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਹਾਰਟ ਵਾਲਵ ਬਾਰੇ ਕੁਝ ਜਾਣ ਲਿਆ ਜਾਵੇ ਕਿ ਆਖ਼ਿਰ ਇਹ ਇਹ ਹੈ ਕੀ? ਅਤੇ ਇਸ ਦਾ ਮਨੁੱਖੀ ਸਰੀਰ ਵਿਚ ਕੀ ਕੰਮ ਹੁੰਦਾ ਹੈ। ਇਸ ਦੇ ਨੁਕਸਾਨੇ ਜਾਣ ਜਾਂ ਰੋਗਗ੍ਰਸਤ ਹੋਣ 'ਤੇ ਸਰੀਰ ਨੂੰ ਕੀ ਨੁਕਸਾਨ ਹੋ ਸਕਦਾ ਹੈ?

### ਕੀ ਹੁੰਦਾ ਹੈ ਹਾਰਟ ਵਾਲਵ

ਮਨੁੱਖ ਦੇ ਦਿਲ ਵਿਚ ਝਿੱਲੀਨੁਕਮਾ ਬਣਤਰ ਬਾਰੇ ਚਾਰ ਹਾਰਟ ਵਾਲਵ ਹੁੰਦੇ ਹਨ। ਚਾਰ ਹਿੱਸਿਆਂ ਵਾਰੇ ਦਿਲ ਵਿਚ ਵਾਲਵ ਦਾ ਕੰਮ ਲਗਾਤਾਰ ਇਕ ਦਿਸ਼ਾ ਵਿਚ ਖ਼ੂਨ ਦੇ ਵਹਾਅ ਨੂੰ ਬਣਾਈ ਰੱਖਣਾ ਹੁੰਦਾਹੈ। ਵਾਲਵ ਉਪਰੀ ਅਤੇ ਹੇਠਲੇ ਹਿੱਸਿਆ ਦੇ ਐਂਗੇ ਅਤੇ ਨਿਕਾਸ ਰਾਹ 'ਤੇ ਮੌਜੂਦ ਹੁੰਦੇ ਹਨ। ਇਨ੍ਹਾਂ ਦਾ ਕੰਮ ਖ਼ੂਨ ਨੂੰ ਅੱਗੇ ਭੇਜਣਾ ਅਤੇ ਵਾਪਿਸ ਮੁੜਨ ਤੋਂ ਰੋਕਣਾ ਹੁੰਦਾ ਹੈ। ਇਹ ਫੋਲਡ ਹੋਣ ਦੇ ਨਾਲ ਹੀ ਬੰਦ ਵੀ ਹੋ ਜਾਂਦੇ ਹਨ। ਹਾਰਟ ਵਾਲਵ ਬਹੁਤ ਹੀ ਨਾਜ਼ੁਕ ਹੁੰਦੇ ਹਨ। ਡਾਕਟਰੀ ਵਿਗਿਆਨ ਦੀ ਤਰੱਕੀ ਤੋਂ ਬਾਅਦ ਹਾਰਟ ਸਬੰਧੀ ਰੋਗਾਂ ਨੂੰ ਬਿਨਾ ਕਿਸੇ ਖ਼ਾਸ ਮੁਸ਼ਕਿਲ ਤੋਂ ਠੀਕ ਕਰ ਲਿਆ ਜਾਂਦਾ ਹੈ।

### ਵਾਲਵ ਬਦਲਣ ਦੀ ਕਿਉਂ ਪੈਂਦੀ ਹੈ ਲੋੜ?

ਹਾਰਟ ਵਾਲਵ ਰਿਪੇਅਰ ਜਾਂ ਰਿਪਲੇਸਮੈਂਟ ਸਰਜਰੀ ਦਿਲ ਦੇ ਰੋਗਾਂ ਦੇ ਇਲਾਜ ਕਰਨ ਦਾ ਤਰੀਕਾ ਹੈ। ਜਦੋਂ ਦਿਲ ਦੇ ਵਾਲਵ ਨੁਕਸਾਨਗ੍ਰਸਤ ਜਾਂ ਰੋਗਗ੍ਰਸਤ ਹੋ ਜਾਣ ਕਾਰਨ ਸੁਚਾਰੂ ਰੂਪ ਨਾਲ ਕੰਮ ਨਹੀਂ ਕਰ ਸਕਦੇ ਤਾਂ ਸਰਜਰੀ ਦੀ ਲੋੜ ਪੈਂਦੀ ਹੈ। ਦਿਲ ਦੇ ਵਾਲਵ ਦਾ ਸਹੀ ਢੰਗ ਨਾ ਕੰਮ ਨਾ ਕਰਨਾ ਗੰਭੀਰ ਸਮੱਸਿਆ ਦਾ ਕਾਰਨ ਬਣ ਸਕਦਾ ਹੈ। ਵਾਲਵ ਦੇ ਸਖ਼ਤ ਹੋਣ ਤੇ ਦਿਲ ਦੀਆਂ ਮਾਸਪੇਸ਼ੀਆਂ ਨੂੰ ਬਲੱਡ ਖਿਚਣ ਲਈ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ। ਜੇ ਚਾਰਾਂ ਵਿਚੋਂ ਇਕ ਜਾਂ ਇਕ ਤੋਂ ਜ਼ਿਆਦਾ ਵਾਲਵ ਲੀਕ ਕਰਨ ਲੱਗਣ ਤਾਂ ਖ਼ੂਨ ਵਾਪਸ ਆਉਣਾ ਸ਼ੁਰੂ ਹੋ ਜਾਂਦਾ ਹੈ। ਖ਼ੂਨ ਵਾਪਿਸ ਆਉਣ ਅਤੇ ਸਹੀ ਦਿਸ਼ਾ ਵਿਚ ਖ਼ੂਨ ਨਾ ਜਾਣ ਕਾਰਨ ਗੰਭੀਰ ਸਮੱਸਿਆ ਪੈਦਾ ਹੋ ਜਾਂਦੀ ਹੈ। ਰੋਗੀ ਦੀ ਬਿਮਾਰੀ ਦੇ ਲੱਛਣ ਅਤੇ ਦਿਲ ਦੀ ਜਾਂਚ ਦੇ ਆਧਾਰ 'ਤੇ ਡਾਕਟਰ ਇਹ ਫੈਸਲਾ ਲੈਂਦਾ ਹੈ ਕਿ ਵਾਲਵ ਦੀ ਸਰਜਰੀ ਕਰਕੇ ਰਿਪੇਅਰ ਕੀਤੀ ਜਾਵੇ ਜਾਂ ਇਸ ਨੂੰ ਬਦਲਿਆ ਜਾਵੇ।



### ਬਦਲਣਾ ਕਿਉਂ ਜ਼ਰੂਰੀ

ਵਾਲਵ ਬਦਲਣ ਦੀ ਪ੍ਰਕਿਰਿਆ ਵਿਚ ਨੁਕਸਾਨਗ੍ਰਸਤ ਵਾਲਵ ਨੂੰ ਬਦਲ ਦਿੱਤਾ ਜਾਂਦਾ ਹੈ। ਹਾਰਟ ਵਾਲਵ ਦੀ ਰਿਪੇਅਰ ਜਾਂ ਰਿਪਲਸਮੈਂਟ ਕਰਨ ਦੀ ਪ੍ਰਕਿਰਿਆ ਨੂੰ ਓਪਨ ਹਾਰਟ ਸਰਜਰੀ ਕਿਹਾ ਜਾਂਦਾ ਹੈ। ਇਸ ਵਿਚ ਵਾਲਵ ਦੀ ਰਿਪੇਅਰ ਜਾਂ ਰਿਪਲੇਸਮੈਂਟ ਦੌਰਾਣ ਦਿਲ ਦੇ ਕੁਝ ਫੰਕਸ਼ਨਾਂ ਨੂੰ ਕੁਝ ਸਮੇਂ ਲਈ ਰੋਕ ਦਿੱਤਾ ਜਾਂਦਾ ਹੈ। ਛਾਤੀ ਨੂੰ ਖੋਲ੍ਹਣ ਤੋਂ ਬਾਅਦ ਸਰਜਨ ਰੋਗੀ ਦੀ ਬ੍ਰੈਸਟਬੋਨ ਨੂੰ ਕੱਟਦਾ ਹੈ ਅਤੇ ਇਸ ਨੂੰ ਇਕ ਪਾਸੇ ਕਰ ਦਿੰਦਾ ਹੈ। ਦਿਲ ਦਿਖਾਈ ਦੇਣ ਤੋਂ ਬਾਅਦ ਸਰਜਨ ਦਿਲ ਦੇ ਅੰਦਰ ਟਿਊਬ ਫਿਟ ਕਰ ਦਿੰਦਾ ਹੈ ਤਾਂ ਕਿ ਸਰਜਰੀ ਦੌਰਾਨ ਹਾਰਟ ਲੰਗ ਮਸ਼ੀਨ ਦੇ ਮਾਧਿਅਮ ਨਾਲ ਖ਼ੂਨ ਦਾ ਵਹਾਅ ਸਧਾਰਨ ਢੰਗ ਨਾਲ ਚੱਲਦਾ ਰਹੇ। ਖ਼ੂਨ ਦੇ ਵਹਾਅ ਲਈ ਬਾਇਪਾਸ ਮਸ਼ੀਨ ਹੁੰਦੀ ਹੈ ਕਿਉਂਕਿ ਜਿੰਨੀ ਦੇਰ ਤਕ ਸਰਜਨ ਹਾਰਟ ਵਾਲਵ ਦੀ ਮੁਰੰਮਤ ਜਾਂ ਬਦਲਣ ਦੀ ਪ੍ਰਕਿਰਿਆ ਕਰਦਾ ਹੈ, ਉਸ ਦੌਰਾਨ ਹਾਰਟ ਬੰਦ ਕਰ ਦਿੱਤਾ ਜਾਂਦਾ ਹੈ। ਇਸ ਦੌਰਾਨ ਖ਼ੂਨ ਦਾ ਵਹਾਅ ਸੁਚਾਰੂ ਰੂਪ ਨਾਲ ਚਲਾਉਣ ਲਈ ਲੰਗ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ।



# ਜ਼ਿਲ੍ਹਾ ਖੇਡ ਵਿਭਾਗ ਵੱਲੋਂ ਵੱਖ- ਵੱਖ ਖੇਡਾਂ ਦੇ ਖਿਡਾਰੀਆਂ ਦੀ ਚੋਣ ਟਰਾਇਲਾਂ ਦਾ ਸ਼ਡਿਊਲ ਜਾਰੀ

**ਗੁਰਦਾਸਪੁਰ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾਂ ਖੇਡ ਅਫਸਰ ਗੁਰਦਾਸਪੁਰ ਸ਼੍ਰੀ ਸਿਮਰਨਜੀਤ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ 'ਖੇਡਾਂ ਵਤਨ ਪੰਜਾਬ' ਦੀਆਂ ਤਹਿਤ ਬਲਾਕ ਪੱਧਰੀ ਟੂਰਨਾਮੈਂਟ 1 ਸਤੰਬਰ 2024 ਤੋਂ 10 ਸਤੰਬਰ 2024 ਤੱਕ ਕਰਵਾਏ ਗਏ ਅਤੇ ਜਿਲ੍ਹਾ ਪੱਧਰੀ ਟੂਰਨਾਮੈਂਟ 23-09-2024 ਤੋਂ 28-09-2024 ਤੱਕ ਕਰਵਾਏ ਗਏ ਸਨ।

ਉਨ੍ਹਾਂ ਅੱਗੇ ਦੱਸਿਆ ਕਿ ਜਿਲ੍ਹਾ ਖੇਡ ਮੇਲਿਆਂ ਵਿੱਚ 9 ਉਮਰ ਵਰਗ ਸ਼ਾਮਲ ਕੀਤੇ ਗਏ ਹਨ। ਜ਼ਿਲ੍ਹਾ ਪੱਧਰ ਟੂਰਨਾਮੈਂਟ ਖਤਮ ਹੋ ਗਏ ਇਸ ਦੌਰਾਨ ਜਿਨ੍ਹਾਂ ਗੇਮਾਂ ਦੇ ਟੂਰਨਾਮੈਂਟ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਵਿਚ ਨਹੀਂ ਕਰਵਾਏ ਗਏ ਉਹਨਾਂ ਗੇਮਾਂ ਦੇ ਖਿਡਾਰੀਆਂ ਦੀ ਚੋਣ ਟਰਾਇਲਾਂ ਦੇ ਅਧਾਰ ਤੇ ਕੀਤੀ ਜਾਣੀ ਹੈ, ਉਪਰੰਤ ਸਲੈਕਟ ਕੀਤੇ ਗਏ ਖਿਡਾਰੀ/ ਖਿਡਾਰਨਾਂ ਵਲੋਂ ਸਟੇਟ ਪੱਧਰੀ ਟੂਰਨਾਮੈਂਟ ਵਿਚ ਭਾਗ ਲਿਆ ਜਾਵੇਗਾ।




ਉਨ੍ਹਾਂ ਦੱਸਿਆ ਕਿ ਫੈਨਸਿੰਗ ਦੇ ਟਰਾਈਲ 11 ਅਕਤੂਬਰ ਨੂੰ ( ਲੜਕੀਆਂ) ਅਤੇ 15 ਅਕਤੂਬਰ ਨੂੰ (ਲੜਕੇ) ਖਾਲਸਾ ਸੀਨੀਆਰ ਸੈਕੰਡਰੀ ਸਕੂਲ, ਗੁਰਦਾਸਪੁਰ ਵਿਖੇ ਕਰਵਾਇਆ ਜਾਵੇਗਾ।ਜਿਮਨਾਸਟਿਕ ਦੇ ਟਰਾਈਲ 11 ਅਕਤੂਬਰ ਨੂੰ ( ਲੜਕੀਆਂ) ਅਤੇ 15 ਅਕਤੂਬਰ ਨੂੰ (ਲੜਕੇ) ਦੇ ਜਿਮਨੇਜੀਅਮ ਹਾਲ ਗੁਰਦਾਸਪੁਰ ਵਿਖੇ ਕਰਵਾਇਆ ਜਾਵੇਗਾ।ਰਗਬੀ ਦੇ ਟਰਾਈਲ ਲੜਕੇ ਅਤੇ ਲੜਕੀਆਂ ਦੇ 5 ਅਕਤੂਬਰ ਨੂੰ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਹੋਣ ਗਏ।ਰੋਲਰ ਸਕੈਟਿੰਗ ਲੜਕੇ ਅਤੇ ਲੜਕੀਆਂ ਦੇ 10ਅਕਤੂਬਰ ਨੂੰ ਦਿੱਲੀ ਪਬਲਿਕ ਸਕੂਲ ਗੁਰਦਾਸਪੁਰ ਵਿਖੇ ਹੋਣਗੇ।

ਇਸ ਤੋਂ ਇਲਾਵਾ ਲਾਅਨ ਆਰਚਰੀ, ਤਾਇਕਵਾਡੋ, ਘੋੜ ਸਵਾਰੀ, ਰੋਇੰਗ, ਕੈਕਿੰਗ ਕੈਨੋਇੰਗ,ਜਿਹੜੇ ਖਿਡਾਰੀ/ਖਿਡਾਰਨਾਂ ਵਲੋਂ ਸਬੰਧਤ ਗੇਮਾਂ ਦੇ ਟਰਾਇਲਾਂ ਸਬੰਧੀ ਇਨ੍ਹਾਂ ਨੰਬਰਾਂ ਤੇ 01874-245371, 83600-89345, 87289-73629 ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਟਰਾਇਲ ਲੈਣ ਆ ਰਹੇ ਖਿਡਾਰੀ/ ਖਿਡਾਰਨਾਂ ਨੂੰ ਕੋਈ ਟੀ.ਏ./ਡੀ.ਏ ਨਹੀਂ ਦਿੱਤਾ ਜਾਵੇਗਾ।

# ਸਵੱਛ ਭਾਰਤ ਮਿਸ਼ਨ ਅਧੀਨ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਸਫਾਈ ਕੈਂਪ ਲਗਾਏ



**ਰੂਪਨਗਰ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਦੀ ਯੋਗ ਅਗਵਾਈ ਹੇਠ ਸਵੱਛ ਭਾਰਤ ਮਿਸ਼ਨ ਅਧੀਨ ਸਵੱਛਤਾ ਹੀ ਸੇਵਾ ਪੰਦਰਵਾੜੇ ਤਹਿਤ ਸੁਭਾਅ ਸਵੱਛਤਾ, ਸੰਸਕਾਰ ਸਵੱਛਤਾ ਨੂੰ ਮੁੱਖ ਰੱਖਦੇ ਹੋਏ ਜਿਲ੍ਹਾ ਰੂਪਨਗਰ ਦੇ ਵੱਖ ਵੱਖ ਪਿੰਡਾਂ ਵਿੱਚ ਵਿਸ਼ੇਸ਼ ਸਫਾਈ ਮੁਹਿੰਮ ਚਲਾ ਕੇ ਜਨ ਭਾਗੀਦਾਰੀ ਰਾਹੀਂ ਗੰਦੀਆਂ ਥਾਵਾਂ ਦੀ ਸਫਾਈ ਕੀਤੀ ਗਈ।

ਐਕਸੀਅਨ ਵਾਟਰ ਸਪਲਾਈ ਸ਼੍ਰੀ ਮਾਈਕਲ ਨੇ ਦੱਸਿਆ ਕਿ ਭਾਰਤ ਸਰਕਾਰ ਵਲੋਂ ਸਵੱਛ ਭਾਰਤ ਮਿਸ਼ਨ ਅਧੀਨ ਸਵੱਛਤਾ ਹੀ ਸੇਵਾ ਪੰਦਰਵਾੜਾ ਹਰੇਕ ਸਾਲ 15 ਸਤੰਬਰ ਤੋਂ ਲੈ ਕੇ 5 ਅਕਤੂਬਰ ਤੱਕ ਮਨਾਇਆ ਜਾਂਦਾ ਹੈ, ਜਿਸ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਸਾਫ ਸਫਾਈ ਦੀਆਂ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ।

ਉਨ੍ਹਾਂ ਦੱਸਿਆ ਕਿ ਅਜਿਹੀ ਮੁਹਿੰਮ ਸਾਨੂੰ ਇਹ ਸੰਦੇਸ਼ ਦਿੰਦੀ ਹੈ ਕਿ ਅਸੀਂ ਆਪਣਾ ਘਰ ਅਤੇ ਆਲ਼ਾ ਦੁਆਲਾ ਸਾਫ ਰੱਖੀਏ ਅਤੇ ਹਰੇਕ ਨਾਗਰਿਕ ਪੂਰਾ ਸਾਲ ਖੁਦ ਨੂੰ ਅਤੇ ਆਪਣੇ ਆਲ਼ੇ ਦੁਆਲੇ ਨੂੰ ਸਾਫ ਰੱਖੇ ਤਾਂ ਜੋ ਸਾਫ ਸੁਥਰੇ ਸਮਾਜ ਦੀ ਸਿਰਜਣਾ ਕਰਕੇ ਬਿਮਾਰੀਆਂ ਤੋਂ ਮੁਕਤ ਰਹਿ ਕੇ ਸਵੱਸਥ ਨਾਗਰਿਕ ਹੋਂਣ ਦਾ ਮਾਣ ਪ੍ਰਾਪਤ ਹੋ ਸਕੇ।

# ਸਮਾਜਿਕ ਸਿੱਖਿਆ ਅਧਿਆਪਕਾਂ ਦੀ ਸਮਰੱਥਾ ਸੁਧਾਰ ਪ੍ਰੋਗਰਾਮ ਤਹਿਤ ਟ੍ਰੇਨਿੰਗ ਲਗਾਈ

**ਰੂਪਨਗਰ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਵਿਭਾਗ ਵੱਲੋਂ ਚਲਾਏ ਜਾ ਰਹੇ ਸਮਰਥਾ ਸੁਧਾਰ ਪ੍ਰੋਗਰਾਮ ਤਹਿਤ ਸੀ.ਈ.ਪੀ ਤਹਿਤ ਬਲਾਕ ਸਲੌਰਾ ਦੇ ਸਮਾਜਿਕ ਸਿੱਖਿਆ ਦਾ ਇੱਕ ਰੋਜ਼ਾ ਟ੍ਰੇਨਿੰਗ ਸੈਮੀਨਾਰ ਨਜ਼ਦੀਕੀ ਪਿੰਡ ਬਹਿਰਾਮਪੁਰ ਜਿਮੀਦਾਰਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਲਗਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਰਿਸੋਰਸ ਪਰਸਨ ਰਵਿੰਦਰ ਸਿੰਘ, ਗੁਰਮੀਤ ਸਿੰਘ ਅਤੇ ਨਿਰਮਲ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫਸਰ ਸਕੈਂਡਰੀ ਸਿੱਖਿਆ ਸੰਜੀਵ ਕੁਮਾਰ ਗੌਤਮ ਦੀ ਰਹਿਨੁਮਾਈ ਹੇਠ, ਪ੍ਰਿੰਸੀਪਲ ਡਾਇਟ ਮੋਨਿਕਾ ਭੋਟਾਨੀ ਦੀ ਅਗਵਾਈ ਅਤੇ ਪ੍ਰਿੰਸੀਪਲ ਰੁਚੀ ਗਰੋਵਰ ਦੀ ਦੇਖ-ਰੇਖ ਹੇਠ ਵਿੱਚ ਲਗਾਏ।



ਇਸ ਕੈਂਪ ਵਿੱਚ ਸਲੌਰਾ ਬਲਾਕ ਦੇ ਸਾਰੇ ਸਮਾਜਿਕ ਸਿੱਖਿਆ ਅਧਿਆਪਕਾਂ ਨੇ ਭਾਗ ਲਿਆ। ਸੈਮੀਨਾਰ ਦੌਰਾਨ ਜਿੱਥੇ ਰਿਸੋਰਸ ਪਰਸਨ ਨੇ ਸੀਈਪੀ ਪ੍ਰੋਗਰਾਮ ਦੀ ਲੋੜ ਕਾਰਜਵਿਧੀ, ਅਭਿਆਸ ਟੈਸਟਾਂ ਅਤੇ ਇਸ ਦੇ ਮੁਲਿਆਂਕਣ ਤੇ ਵਿਸ਼ਲੇਸ਼ਣ ਤੋਂ ਅਧਿਆਪਕਾਂ ਨੂੰ ਜਾਣੂ ਕਰਵਾਇਆ ਉਥੇ ਇਸ ਸੈਮੀਨਾਰ ਵਿੱਚ ਹਾਜ਼ਰ ਅਧਿਆਪਕਾਂ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਜ਼ਿਕਰਯੋਗ ਹੈ ਕਿ ਸਕੂਲਾਂ ਵਿੱਚ ਸਮਰੱਥਾ ਸੁਧਾਰ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਦਾ ਪਾਠਕ੍ਰਮ ਦੇ ਨਾਲ ਨਾਲ ਅਭਿਆਸ ਕਰਵਾਇਆ ਜਾ ਰਿਹਾ ਹੈ ਤਾਂ ਕਿ ਉਹ ਸਮਾਜਿਕ ਸਿੱਖਿਆ ਦੇ ਵਿੱਚ ਹੋਰ ਵਧੀਆ ਕਾਰਗੁਜ਼ਾਰੀ ਦਿਖਾ ਸਕਣ। ਇਸ ਮੌਕੇ ਸੁਧਾ ਗਿਰਹੋਤਰਾ, ਬਲਜਿੰਦਰ ਕੌਰ, ਸਿਮਰਨਜੀਤ ਕੌਰ, ਅਕਵਿੰਦਰ ਕੌਰ, ਮਨਦੀਪ ਕੌਰ, ਡੌਲੀ ਸੈਣੀ, ਹਰਪ੍ਰੀਤ ਸਿੰਘ, ਅਮਨਪ੍ਰੀਤ ਸਿੰਘ, ਦਮਨਪ੍ਰੀਤ ਸਿੰਘ, ਜਸਬੀਰ ਕੌਰ, ਸਤਪਾਲ ਕੌਰ, ਰਕੇਸ਼ ਕੁਮਾਰ, ਗਗਨਦੀਪ ਕੌਰ, ਰਾਜਵਿੰਦਰ ਕੌਰ, ਇੰਦਰਜੀਤ ਕੌਰ, ਹਰਪ੍ਰੀਤ ਕੌਰ, ਸੁਰਿੰਦਰ ਕੌਰ, ਬਲਜੀਤ ਕੌਰ, ਮਨਪ੍ਰੀਤ ਕੌਰ, ਹਰਜਿੰਦਰ ਕੌਰ, ਹਰਵਿੰਦਰ ਕੌਰ, ਤਰਸੇਮ ਕੁਮਾਰ ਜਸਵਿੰਦਰ ਸਿੰਘ, ਬਲਜਿੰਦਰ ਸਿੰਘ ਸ਼ਾਂਤਪੁਰੀ ਅਤੇ ਮਨਜਿੰਦਰ ਸਿੰਘ ਚੱਕਲ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਬਲਾਕ ਮਾਹਿਲਪੁਰ 'ਚ ਪਰਾਲੀ ਦੇ ਪ੍ਰਬੰਧਨ ਦਾ ਲਿਆ ਜਾਇਜ਼ਾ



**ਹੁਸ਼ਿਆਰਪੁਰ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਅੱਜ ਬਲਾਕ ਮਾਹਿਲਪੁਰ ਦੇ ਵੱਖ-ਵੱਖ ਪਿੰਡਾਂ ਵਿੱਚ ਝੋਨੇ ਦੀ ਕਟਾਈ ਉਪਰੰਤ ਪਰਾਲੀ ਦੇ ਸੁਚੱਜੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੌਰੇ ਦੌਰਾਨ ਉਨ੍ਹਾਂ ਵਿਸ਼ੇਸ਼ ਤੌਰ 'ਤੇ ਪਿੰਡ ਬਾੜੀਆ ਕਲਾਂ ਵਿੱਚ ਚੱਲ ਰਹੀਆਂ ਬੇਲਰ ਮਸ਼ੀਨਾਂ ਦਾ ਨਿਰੀਖਣ ਕੀਤਾ ਅਤੇ ਉਥੇ ਮੌਜੂਦ ਕਿਸਾਨਾਂ ਨਾਲ ਗੱਲਬਾਤ ਕੀਤੀ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕਰਦਿਆਂ ਕਿਹਾ ਕਿ ਪਰਾਲੀ ਸਾੜਨ ਨਾਲ ਵਾਤਾਵਰਣ ਨੂੰ ਭਾਰੀ ਨੁਕਸਾਨ ਹੁੰਦਾ ਹੈ ਅਤੇ ਕਿਸਾਨਾਂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਲੋੜੀਂਦੀ ਮਸ਼ੀਨਰੀ ਉਪਲਬੱਧ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਕਿਸਾਨ ਨੂੰ ਮਸ਼ੀਨਰੀ ਦੀ ਲੋੜ ਹੈ ਤਾਂ ਉਹ ਸਬੰਧਤ ਖੇਤੀਬਾੜੀ ਵਿਭਾਗ ਦੇ ਦਫ਼ਤਰ ਨਾਲ ਸੰਪਰਕ ਕਰ ਸਕਦਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਕਟਾਈ ਅਤੇ ਪਰਾਲੀ ਨੂੰ ਅੱਗ ਲਗਾਉਣ 'ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਸ਼ਾਮ 7 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਈਨ ਮਸ਼ੀਨਾਂ ਨਾਲ ਝੋਨੇ ਦੀ ਕਟਾਈ ਕਰਨ 'ਤੇ ਪਾਬੰਦੀ ਹੈ।

ਇਸ ਮੌਕੇ ਐਸ.ਡੀ.ਐਮ ਗੜ੍ਹਸ਼ੰਕਰ ਹਰਬੰਸ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਪਿੰਡਾਂ ਵਿੱਚ ਪਿਛਲੇ ਸਾਲ ਪਰਾਲੀ ਸਾੜਨ ਦੀਆਂ ਘਟਨਾਵਾਂ ਸਾਹਮਣੇ ਆਈਆਂ ਸਨ, ਉਨ੍ਹਾਂ ਦਾ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਦੌਰਾ ਕਰਕੇ ਕਿਸਾਨਾਂ ਦੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾ ਰਿਹਾ ਹੈ।

# ਸੀ.ਜੇ.ਐਮ-ਕਮ-ਸਕੱਤਰ ਨੇ ਓਲਡ ਏਜ ਹੋਮ 'ਚ ਮਨਾਇਆ ਅੰਤਰਰਾਸ਼ਟਰੀ ਬਜ਼ੁਰਗ ਦਿਵਸ



**ਹੁਸ਼ਿਆਰਪੁਰ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਮੈਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾ ਅਥਾਰਟੀ, ਐਸ.ਏ.ਐਸ. ਨਗਰ ਦਿਸ਼ਾ-ਨਿਰਦੇਸ਼ਾ ਅਨੁਸਾਰ ਅਤੇ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ, ਹੁਸ਼ਿਆਰਪੁਰ ਦਿਲਬਾਗ ਸਿੰਘ ਜੋਹਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਮਾਨਯੋਗ ਸੀ.ਜੇ.ਐਮ-ਕਮ-ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,ਹੁਸ਼ਿਆਰਪੁਰ ਸ਼੍ਰੀ ਰਾਜ ਪਾਲ ਰਾਵਲ 'ਅੰਤਰਰਾਸ਼ਟਰੀ ਬਜ਼ੁਰਗ ਦਿਵਸ' ਓਲਡ ਏਜ ਹੋਮ ਰਾਮ ਕਾਲੋਨੀ ਕੈਂਪ, ਹੁਸ਼ਿਆਰਪੁਰ ਵਿਖੇ ਰਹਿ ਰਹੇ ਬਜ਼ੁਰਗਾਂ ਨਾਲ ਮਨਾਇਆ ਗਿਆ।

ਇਸ ਮੌਕੇ ਉਨ੍ਹਾਂ ਮੌਜੂਦ ਕਰਮਚਾਰੀਆਂ ਨੂੰ ਕਿਹਾ ਕਿ ਬਚਪਨ ਤੋਂ ਹੀ ਸਾਨੂੰ ਆਪਣੇ ਘਰਾਂ ਵਿੱਚ ਇਹ ਸਿੱਖਿਆ ਦਿੱਤੀ ਜਾਂਦੀ ਹੈ ਕਿ ਸਾਨੂੰ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਬਜ਼ੁਰਗ ਸਾਡੇ ਘਰ ਦੀ ਨੀਂਹ ਹੁੰਦੇ ਹਨ, ਸਾਨੂੰ ਬਜ਼ੁਰਗਾਂ ਦਾ ਆਸ਼ੀਰਵਾਦ ਬਹੁਤ ਕਿਸਮਤ ਨਾਲ ਮਿਲਦਾ ਹੈ, ਇਸ ਲਈ ਹਰ ਕਿਸੇ ਨੂੰ ਆਪਣੇ ਵੱਡੇ ਤੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਡਿਪਟੀ ਚੀਫ ਲੀਗਲ ਏਡ ਡਿਫੇਂਸ਼ ਕਾਊਸਲ ਹਰਜਿੰਦਰ ਕੁਮਾਰ ਵਰਮਾ ਨੇ ਬਜ਼ੁਰਗਾਂ ਦੇ ਕਾਨੂੰਨੀ ਹੱਕਾ ਪ੍ਰਤੀ ਜਾਣਕਾਰੀ ਦਿੱਤੀ ਗਈ।

ਇਸ ਤੋਂ ਇਲਾਵਾ ਸਵੱਛਤਾ ਅਭਿਆਨ ਦੇ ਚਲਦਿਆ ਸੀ.ਜੀ.ਐਮ ਵੱਲੋਂ ਕਰਮਚਾਰੀਆਂ ਨੂੰ ਆਪਣੇ ਸਟਾਫ ਰੂਮ ਨੂੰ ਸਾਫ ਰੱਖਣ ਲਈ ਦਿਸਾ ਨਿਰਦੇਸ਼ ਦਿੱਤੇ ਅਤੇ ਕੋਰਟ ਕੰਪਲੈਕਸ, ਹੁਸ਼ਿਆਰਪੁਰ ਦੇ ਬਾਹਰੀ ਖੇਤਰ ਨੂੰ ਸਾਫ ਰੱਖਣ ਲਈ ਸਫਾਈ ਸੇਵਕਾਂ ਤੋਂ ਆਪਣੀ ਦੇਖ ਰੇਖ ਵਿੱਚ ਸਾਫ ਕਰਵਾਇਆ ਗਿਆ ਤਾ ਜੋ ਮੱਛਰ ਅਤੇ ਡੈਗੂੰ ਵਰਗੀਆਂ ਬਿਮਾਰੀਆਂ ਤੋ ਵੀ ਬਚਿਆ ਜਾ ਸਕੇ। ਉਨ੍ਹਾਂ ਕਰਮਚਾਰੀਆ ਅਤੇ ਸਫਾਈ ਸੇਵਕਾਂ ਨੂੰ ਕਿਹਾ ਕਿ ਆਪਣੇ ਆਲੇ ਦੁਆਲੇ ਨੂੰ ਸਾਫ ਰੱਖਿਆ ਜਾਵੇ।

# ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਫਾਜ਼ਿਲਕਾ ਪ੍ਰਸ਼ਾਸਨ ਦੀ ਕਿਸਾਨਾਂ ਨਾਲ ਰਾਬਤਾ ਕਰਨ ਦੀ ਪਹਿਲ

**ਫਾਜ਼ਿਲਕਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਅੱਜ ਇੱਥੇ ਵੱਖ-ਵੱਖ ਅਧਿਕਾਰੀਆਂ ਨਾਲ ਬੈਠਕ ਕਰਕੇ ਪਰਾਲੀ ਪ੍ਰਬੰਧਨ ਲਈ ਕੀਤੀ ਜਾ ਰਹੀ ਯੋਜਨਾ ਬੰਦੀ ਦੀ ਸਮੀਖਿਆ ਕੀਤੀ। ਉਹਨਾਂ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਸਮੇਤ ਵਧੀਕ ਡਿਪਟੀ ਕਮਿਸ਼ਨਰ, ਐਸਡੀਐਮ, ਤਹਿਸੀਲਦਾਰ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਡੀਡੀਪੀਓ ਅਤੇ ਨਗਰ ਕੌਂਸਲਾਂ ਦੇ ਕਾਰਜ ਸਾਧਕ ਅਫਸਰਾਂ ਨੂੰ ਵੱਖ-ਵੱਖ ਪਿੰਡ ਅਲਾਟ ਕੀਤੇ ਗਏ ਹਨ ਜੋ ਕਿ ਪਿੰਡਾਂ ਦਾ ਦੌਰਾ ਕਰਕੇ ਇਹਨਾਂ ਪਿੰਡਾਂ ਦੇ ਕਿਸਾਨਾਂ ਨਾਲ ਸਿੱਧਾ ਰਾਬਤਾ ਕਾਇਮ ਕਰਨਗੇ ਤਾਂ ਜੋ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕੀਤਾ ਜਾ ਸਕੇ ।

ਉਹਨਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਵੱਧ ਤੋਂ ਵੱਧ ਲੋਕਾਂ ਨਾਲ ਸੰਪਰਕ ਕਰਕੇ ਉਹਨਾਂ ਨੂੰ ਪਰਾਲੀ ਨੂੰ ਬਿਨਾਂ ਸਾੜੇ ਇਸ ਦਾ ਨਿਪਟਾਰਾ ਕਰਨ ਲਈ ਪ੍ਰੇਰਿਤ ਕੀਤਾ ਜਾਵੇ ।

ਉਹਨਾਂ ਦੱਸਿਆ ਕਿ ਜਿਨਾਂ ਪਿੰਡਾਂ ਵਿੱਚ ਪਿਛਲੇ ਸਾਲ ਪਰਾਲੀ ਸਾੜਨ ਦੀਆਂ ਜਿਆਦਾ ਘਟਨਾਵਾਂ ਵਾਪਰੀਆਂ ਸਨ ਉੱਥੇ ਜਿਆਦਾ ਤਵੱਜੋ ਦਿੱਤੀ ਜਾਵੇ । ਕਲਸਟਰ ਅਫਸਰਾਂ ਅਤੇ ਨੋਡਲ ਅਫਸਰਾਂ ਵਿਚਕਾਰ ਬਿਹਤਰ ਤਾਲਮੇਲ ਰਾਹੀਂ ਇਹ ਜਾਗਰੂਕਤਾ ਮੁਹਿੰਮ ਨੂੰ ਹਰ ਕਿਸਾਨ ਤੱਕ ਪਹੁੰਚਾਇਆ ਜਾਵੇਗਾ ।

ਉਹਨਾਂ ਇਹ ਵੀ ਦੱਸਿਆ ਕਿ ਜ਼ਿਲ੍ਹੇ ਵਿੱਚ ਇਸ ਸਮੇਂ ਪਰਾਲੀ ਪ੍ਰਬੰਧਨ ਲਈ 6070 ਮਸ਼ੀਨਾਂ ਉਪਲਬਧ ਹਨ । ਉਨ੍ਹਾਂ ਨੇ ਖੇਤੀਬਾੜੀ ਵਿਭਾਗ ਨੂੰ ਇਹ ਵੀ ਹਦਾਇਤ ਕੀਤੀ ਕਿ ਹਰੇਕ ਮਸ਼ੀਨ ਦਾ ਰਿਕਾਰਡ ਰੱਖਿਆ ਜਾਵੇ ਅਤੇ ਇਹ ਆਕੜੇ ਜੁਟਾਏ ਜਾਣ ਕਿ ਮਸ਼ੀਨ ਦੇ ਮਾਲਕ ਨੇ ਸੀਜ਼ਨ ਦੌਰਾਨ ਕਿਸ ਕਿਸ ਹੋਰ ਕਿਸਾਨ ਦੀ ਪਰਾਲੀ ਪ੍ਰਬੰਧਨ ਵਿੱਚ ਸਹਿਯੋਗ ਕੀਤਾ ਅਤੇ ਮਸ਼ੀਨ ਨਾਲ ਕਿੰਨਾ ਕੰਮ ਲਿਆ ਗਿਆ । ਉਹਨਾਂ ਨੇ ਕਿਹਾ ਕਿ ਉਨਤ ਕਿਸਾਨ ਐਪ ਰਾਹੀਂ ਵੀ ਕਿਸਾਨ ਉਪਲਬਧ ਮਸ਼ੀਨਾਂ ਦੀ ਜਾਣਕਾਰੀ ਹਾਸਿਲ ਕਰ ਸਕਦੇ ਹਨ। ਬੈਠਕ ਵਿੱਚ ਵਧੀਕ ਡਿਪਟੀ ਕਮਿਸ਼ਨਰ ਜਨਰਲ ਡਾ ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸੁਭਾਸ਼ ਚੰਦਰ, ਐਸਡੀਐਮ ਅਬੋਹਰ ਕ੍ਰਿਸ਼ਨਾ ਪਾਲ ਰਾਜਪੂਤ, ਐਸਡੀਐਮ ਜਲਾਲਾਬਾਦ ਕੰਵਰ ਜੀਤ ਸਿੰਘ ਮਾਨ, ਜਿਲਾ ਵਿਕਾਸ ਅਤੇ ਪੰਚਾਇਤ ਅਫਸਰ ਗੁਰਦਰਸ਼ਨ ਲਾਲ ਕੁੰਡਲ, ਮੁੱਖ ਖੇਤੀਬਾੜੀ ਅਫਸਰ ਸੰਦੀਪ ਰਿਣਵਾ, ਕਾਰਜਸਾਧਕ ਅਫਸਰ ਜਗਸੀਰ ਸਿੰਘ ਸਮੇਤ ਵੱਖ-ਵੱਖ ਅਧਿਕਾਰੀ ਹਾਜ਼ਰ ਸਨ।



# ਨਗਰ ਕੌਂਸਲ ਖੰਨਾ ਦੀ ਮੀਟਿੰਗ ਵਿੱਚ ਹੰਗਾਮਾ



**ਖੰਨਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਅੱਜ ਨਗਰ ਕੌਂਸਲ ਖੰਨਾ ਦੀ ਮੀਟਿੰਗ 'ਚ ਭ੍ਰਿਸ਼ਟਾਚਾਰ ਤੇ ਕੂੜੇ ਦੇ ਟੈਂਡਰ ਸਬੰਧੀ ਵੱਡਾ ਹੰਗਾਮਾ ਹੋਇਆ। ਇਸ ਮੌਕੇ ਰਸੂਲੜਾ ਸਥਿਤ ਮੁੱਖ ਡੰਪ ਵਾਲੀ ਥਾਂ 'ਤੇ ਕੂੜਾ ਚੁੱਕਣ ਲਈ 3 ਕਰੋੜ 83 ਲੱਖ ਰੁਪਏ ਦੇ ਟੈਂਡਰ ਵਿੱਚ ਵਾਧਾ ਕਰਨ ਅਤੇ ਵਾਰਡ ਨੰਬਰ- 25 ਵਿੱਚ ਬਣੀ ਸੜਕ ਦੇ ਨਾਂ ਸਬੰਧੀ ਗੰਭੀਰ ਦੋਸ਼ ਲਾਏ ਗਏ। ਕੌਂਸਲਰਾਂ ਦੇ ਵਿਰੋਧ ਉਪਰੰਤ ਕੂੜੇ ਦੀ ਰੈਮੀਡੇਸ਼ਨ ਦਾ ਮਤਾ ਰੱਦ ਕੀਤਾ ਗਿਆ। ਮੀਟਿੰਗ ਦੌਰਾਨ 'ਆਪ' ਕੌਂਸਲਰ ਅਮਲੋਹ ਰੋਡ ਸਥਿਤ ਸਨਸਿਟੀ ਦੇ ਨਾਲ ਬਣ ਰਹੀ ਸੜਕ ਦੇ ਮੁੱਦੇ 'ਤੇ ਭਿੜਦੇ ਨਜ਼ਰ ਆਏ।ਜਾਣਕਾਰੀ ਅਨੁਸਾਰ ਕੌਂਸਲ ਦੇ ਮੁੱਖ ਡੰਪ 'ਤੇ ਕੂੜੇ ਕਰਕਟ ਦੀ ਰੈਮੀਡੇਸ਼ਨ ਕਰਨ ਲਈ ਕੌਂਸਲ ਵੱਲੋਂ ਮਤਾ ਨੰਬਰ 65 ਅਕਤੂਬਰ 2022 ਤੇ ਚੀਫ਼ ਇੰਜਨੀਅਰ ਨਗਰ ਕੌਂਸਲ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਨਵੰਬਰ 2022 ਦੀ ਮਨਜ਼ੂਰੀ ਉਪਰੰਤ ਟੈਂਡਰ ਪ੍ਰਕਿਰਿਆ ਪੂਰੀ ਕਰ ਲਈ ਗਈ ਸੀ। ਇਸ ਉਪਰੰਤ ਇਹ ਕੰਮ ਸ਼ਿਓਰ ਟਰੇਡ ਰਿਸਰਚ ਪ੍ਰਾਈਵੇਟ ਲਿਮਟਿਡ ਨਵੀਂ ਦਿੱਲੀ ਨੂੰ ਦਿੰਦਿਆਂ 90 ਹਜ਼ਾਰ ਮੀਟ੍ਰਿਕ ਟਨ ਲਿਗੇਸੀ ਵੇਸਟ ਦੀ ਰੈਮੀਡੇਸ਼ਨ ਦੇ ਕੰਮ ਦਾ 3 ਕਰੋੜ 83 ਲੱਖ ਦਾ ਵਰਕ ਆਰਡਰ ਜਾਰੀ ਕੀਤਾ ਗਿਆ ਸੀ, ਪਰ ਕੰਪਨੀ ਦੀ ਸਰਵੇਖਣ ਰਿਪੋਰਟ ਵਿੱਚ ਇਸ ਡੰਪ 'ਤੇ 1 ਲੱਖ 47 ਹਜ਼ਾਰ ਮੀਟਰਿਕ ਟਨ ਕੂੜਾ ਮਿਲਿਆ ਜਿਸ 'ਤੇ ਵੱਧ ਕੂੜੇ ਦੇ ਨਿਪਟਾਰੇ ਦੀ ਪ੍ਰਵਾਨਗੀ ਲਈ ਮਤਾ ਲਿਆਂਦਾ ਗਿਆ, ਪਰ ਇਹ ਪਾਸ ਨਹੀਂ ਹੋਇਆ। ਇਸ ਮੌਕੇ 'ਆਪ ਕੌਂਸਲਰ ਸੁਨੀਲ ਕੁਮਾਰ ਨੀਟਾ, ਜਤਿੰਦਰ ਪਾਠਕ, ਸੁਖਮਨਜੀਤ ਸਿੰਘ, ਪਰਮਪ੍ਰੀਤ ਸਿੰਘ ਪੌਂਪੀ ਨੇ ਦੋਸ਼ ਲਾਇਆ ਕਿ ਇਸ ਵਿੱਚ ਵੱਡਾ ਘਪਲਾ ਹੈ, ਜਿਸ ਦੀ ਜਾਂਚ ਕਰਵਾਈ ਜਾਵੇਗੀ। ਇਸੇ ਤਰ੍ਹਾਂ ਵਾਰਡ ਨੰਬਰ-25 ਦੀ ਕੌਂਸਲਰ ਅਮਨਦੀਪ ਕੌਰ ਨੇ ਕਿਹਾ ਕਿ ਇਸ ਵਾਰਡ ਵਿੱਚ ਬੀਰੂ ਦੀ ਗਲੀ ਸਬੰਧੀ ਕਈ ਵਾਰ ਲਿਖਤੀ ਸ਼ਿਕਾਇਤ ਦਿੱਤੀ ਗਈ ਸੀ ਪਰ ਇਸ ਦੇ ਬਾਵਜੂਦ ਗਲੀ ਬਣਾਈ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਮੇਟੀ ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਸ਼ਿਕਾਇਤ ਦੀ ਅਜੇ ਤੱਕ ਜਾਂਚ ਨਹੀਂ ਕੀਤੀ ਗਈ ਅਤੇ ਜੋ ਇਲਜ਼ਾਮ ਉਨ੍ਹਾਂ 'ਤੇ ਲਾਏ ਜਾ ਰਹੇ ਹਨ, ਉਹ ਸਰਾਸਰ ਝੂਠੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਹ ਗਲੀ ਅਧਿਕਾਰੀਆਂ ਅਤੇ ਠੇਕੇਦਾਰ ਦੀ ਮਿਲੀਭੁਗਤ ਨਾਲ ਬਣੀ ਹੈ।ਨਗਰ ਕੌਂਸਲ ਪ੍ਰਧਾਨ ਕਮਲਜੀਤ ਸਿੰਘ ਲੱਧੜ ਨੇ ਕਿਹਾ ਕਿ ਕੂੜੇ ਦਾ ਰੈਮੀਡੇਸ਼ਨ ਮਤਾ ਕੌਂਸਲਰਾਂ ਦੇ ਲਿਖਤੀ ਇਤਰਾਜ਼ ਉਪਰੰਤ ਰੱਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਕੂੜੇ ਨੂੰ ਡੋਰ-ਟੂ-ਡੋਰ ਇਕੱਠਾ ਕਰਨ ਦਾ ਟੈਂਡਰ ਲਗਾ ਦਿੱਤਾ ਗਿਆ ਹੈ ਅਤੇ ਅਗਲੇ ਦੋ ਮਹੀਨਿਆਂ ਵਿੱਚ ਸ਼ਹਿਰ 'ਚ ਕਿਧਰੇ ਵੀ ਕੂੜੇ ਦੇ ਢੇਰ ਨਜ਼ਰ ਨਹੀਂ ਆਉਣਗੇ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਨੂੰ ਜਾਣਬੁੱਝ ਕੇ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ।

# ਆਈਸੀਆਈਸੀਆਈ ਬੈਂਕ ਦਾ ਫੈਸਟੀਵ ਬੋਨਾਂਜ਼ਾ ਵੱਡਾ ਬ੍ਰਾਂਡ

**ਲੁਧਿਆਣਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈਸੀਆਈਸੀਆਈ ਬੈਂਕ ਦਾ ਸਲਾਨਾ ਫੈਸਟੀਵ ਬੋਨਾਂਜ਼ਾ ਇਲੈਕਟ੍ਰੋਨਿਕ,ਮੋਬਾਈਲ, ਫੈਸ਼ਨ, ਆਭੂਸ਼ਨ, ਫੰਚਰ, ਯਾਤਰਾ, ਈ-ਕਾਮਰਸ ਅਤੇ ਡਾਈਨਿੰਗ ਵਰਗੇ ਵੱਡੇ ਬ੍ਰਾਂਡ 'ਤੇ ਡਿਲ ਦੇ ਨਾਲ ਵਾਪਸ ਆ ਗਿਆ ਹੈ। ਬੈਂਕ ਦੇ ਗਾਹਕ/ਡੇਬਿਟ ਕਾਰਡ, ਇੰਟਰਨੈੱਟ ਬੈਂਕ, ਕਾਰਡਲੇਸ ਈਐਮਆਈ ਅਤੇ ਕੰਜ਼ਿਊਮਰ ਫਾਈਨੇਸ ਦੇ ਉਪਯੋਗ ਕਰਕੇ ਤੁਹਾਡੀ ਪੇਸ਼ਕਸ਼ ਦਾ ਲਾਭ ਉਠਾ ਸਕਦੇ ਹਨ ਅਤੇ ?40,000 ਤੱਕ ਦੀ ਛੋਟ ਦੇ ਸਕਦੇ ਹਨ। ਤੁਸੀਂ ਆਪਣੇ ਕ੍ਰੈਡਿਟ/ਡੇਬਿਟ ਕਾਰਡ ਦੀ ਵਰਤੋਂ ਕਰਕੇ ਕਾਸਟ ਈਐਮਆਈ ਦਾ ਲਾਭ ਉਠਾਉਣ ਦੇ ਵਿਕਲਪ ਵੀ ਚੁਣ ਸਕਦੇ ਹੋ।

# ਸਵੱਛਤਾ ਦਿਵਸ ਮੌਕੇ ਨਗਰ ਕੌਂਸਲ ਫਾਜਿਲਕਾ ਅਤੇ ਬੀ.ਐਸ.ਐਫ 52 ਬਟਾਲੀਅਨ ਵੱਲੋਂ ਸਫਾਈ ਅਭਿਆਨ ਚਲਾਇਆ



**ਫਾਜ਼ਿਲਕਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ ਮੈਡਮ ਮਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਤੇ ਕਾਰਜ ਸਾਧਕ ਅਫਸਰ ਜਗਜੀਤ ਸਿੰਘ ਧਾਲੀਵਾਲ ਦੀ ਰਹਿਨੁਮਾਈ ਹੇਠ 5 ਅਕਤੂਬਰ ਨੂੰ ਸਵੱਛਤਾ ਦਿਵਸ ਮੌਕੇ ਸਵੱਛਤਾ ਹੀ ਸੇਵਾ ਮੁਹਿੰਮ ਦੌਰਾਨ ਨਗਰ ਕੌਂਸਲ ਫਾਜਿਲਕਾ ਅਤੇ ਬੀ.ਐਸ.ਐਫ 52 ਬਟਾਲੀਅਨ ਵੱਲੋਂ ਸਫਾਈ ਅਭਿਆਨ ਚਲਾਇਆ ਗਿਆ। ਸਿਵਲ ਹਸਪਤਾਲ ਫਾਜ਼ਿਲਕਾ ਦੇ ਬਾਹਰ ਬਾਰਡਰ ਰੋਡ ਤੇ ਬੀਐਸਐਫ ਦੇ ਅਧਿਕਾਰੀਆਂ ਅਤੇ ਨਗਰ ਕੌਂਸਲ ਦੇ ਕਰਮਚਾਰੀਆਂ ਵੱਲੋਂ ਸਫਾਈ ਕੀਤੀ ਗਈ ਅਤੇ ਵਧੀਆ ਕੰਮ ਕਰਨ ਵਾਲੀਆਂ ਐਨਜੀਓ ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ।

ਨਗਰ ਕੌਂਸਲ ਦੇ ਸੁਪਰਡੰਟ ਨਰੇਸ਼ ਖੇੜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਗਰ ਕੌਂਸਲ ਵੱਲੋਂ 17 ਸਤੰਬਰ ਤੋਂ 5 ਅਕਤੂਬਰ ਤੱਕ ਵੱਖ-ਵੱਖ ਗਤੀਵਿਧੀਆਂ ਕੀਤੀਆਂ ਗਈਆਂ ਅਤੇ ਗਤੀਵਿਧੀਆਂ ਦੌਰਾਨ ਬਿਹਤਰੀਨ ਕਾਰਗੁਜ਼ਾਰੀ ਕਰਨ ਵਾਲਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

5 ਅਕਤੂਬਰ ਦੀ ਗਤੀਵਿਧੀ ਦੌਰਾਨ ਸਕੂਲ ਦੇ ਬੱਚਿਆਂ ਵੱਲੋਂ ਸਵੱਛਤਾ ਤੇ ਸੰਦੇਸ਼ ਦਿੰਦਾ ਨਾਟਕ ਪੇਸ਼ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਕੇ.ਵੀ.ਐਸ ਸਕੂਲ ਤੋਂ ਮੁਸਕਾਨ, ਪਾਵਾਨੀ, ਰਿਤਿਕਾ, ਕਬੀਰ, ਰੀਆ ਤੇ ਅਮ੍ਰਿਤ ਮਾਡਲ ਸਕੂਲ ਤੋਂ ਕੋਮਲ ਤੇ ਵਾਣੀ ਵੱਲੋਂ ਨਾਟਕ ਰਾਹੀਂ ਆਲੇ-ਦੁਆਲੇ ਨੂੰ ਸਾਫ-ਸੁਥਰਾ ਰੱਖਣ ਪ੍ਰਤੀ ਜਾਗਰੂਕ ਕੀਤਾ ਗਿਆ।ਉਨ੍ਹਾਂ ਕਿਹਾ ਕਿ ਸਭਨਾ ਨੂੰ ਸਾਫ-ਸਫਾਈ ਦਾ ਮਹੱਤਵ ਜਾਣਨਾ ਬਹੁਤ ਜਰੂਰੀ ਹੈ।

ਉਨ੍ਹਾਂ ਕਿਹਾ ਕਿ ਗਿਲੇ-ਸੁਕੇ ਕੂੜੇ ਨੂੰ ਵੱਖਰਾ-ਵੱਖਰਾ ਵੇਸਟ ਕੁਲੈਕਟਰਾਂ ਨੂੰ ਜਮ੍ਹਾਂ ਕਰਵਾਇਆ ਜਾਵੇ ਤੇ ਕੂੜੇ ਨੂੰ ਸੜਕਾਂ *ਤੇ ਸੁੱਟਣ ਦੀ ਬਜਾਏ ਡਸਟਬਿਨਾਂ ਵਿਚ ਹੀ ਰਖਿਆ ਜਾਵੇ। ਉਨ੍ਹਾਂ ਕਿਹਾ ਕਿ 5 ਅਕਤੂਬਰ ਦੀ ਸੱਤਛਤਾ ਦਿਵਸ ਦੀ ਗਤੀਵਿਧੀ ਨੂੰ ਸਮਾਜ ਸੇਵੀ ਲੀਲਾਧਾਰ, ਐਨਜੀਓ ਨੌਜਵਾਨ ਸਮਾਜ ਸੇਵਾ ਸੰਸਥਾ ਤੇ ਦੁਰਗਿਆਣਾ ਮੰਦਰ ਵੈਲਫੇਅਰ ਐਸੋਸੀਏਸ਼ਨ ਦੇ ਸਹਿਯੋਗ ਨਾਲ ਕਰਵਾਈ ਗਈ।

ਇਸ ਦੌਰਾਨ ਰਵੀ ਰੰਜਨ ਕਮਾਂਡੈਂਟ 52ਵੀ ਬਟਾਲੀਅਨ ਬੀ.ਐਸ.ਐਫ, ਨਰੇਸ਼ ਕੁਮਾਰ ਸ਼ਿਉਕਰਨ ਬੀ.ਐਸ.ਐਫ. ਅਧਿਕਾਰੀ, ਸੀ.ਐਫ ਪਵਨ ਕੁਮਾਰ ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ।

# ਚੱਬੇਵਾਲ ਮੰਡੀ 'ਚ ਝੋਨੇ ਦੀ ਖਰੀਦ ਸ਼ੁਰੂ: ਕੋਮਲ ਮਿੱਤਲ



**ਹੁਸ਼ਿਆਰਪੁਰ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਅੱਜ ਚੱਬੇਵਾਲ ਮੰਡੀ ਵਿੱਚ ਝੋਨੇ ਦੀ ਖਰੀਦ ਸ਼ੁਰੂ ਹੋ ਗਈ ਹੈ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਮੰਡੀ ਵਿੱਚ ਚੱਲ ਰਹੀ ਝੋਨੇ ਦੀ ਖਰੀਦ ਪ੍ਰਕਿਰਿਆ ਦਾ ਬਾਰੀਕੀ ਨਾਲ ਨਿਰੀਖਣ ਕਰਨ ਅਤੇ ਯਕੀਨੀ ਬਣਾਉਣ ਕਿ ਮੰਡੀਆਂ ਵਿੱਚ ਝੋਨੇ ਦੀ ਖਰੀਦ ਪ੍ਰਬੰਧਾਂ ਨੂੰ ਲੈ ਕੇ ਕੋਈ ਕਮੀ ਨਾ ਰਹੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਬਾਕੀ ਮੰਡੀਆਂ ਵਿੱਚ ਵੀ ਜਲਦੀ ਹੀ ਝੋਨੇ ਦੀ ਖਰੀਦ ਸ਼ੁਰੂ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਵੱਲੋਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਸਬੰਧੀ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਇਸ ਲਈ ਮੰਡੀਆਂ ਵਿੱਚ ਸਾਰੀਆਂ ਸਹੂਲਤਾਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਜ਼ਿਲ੍ਹੇ ਦੇ ਆੜ੍ਹਤੀਆਂ ਨੂੰ ਅਪੀਲ ਕੀਤੀ ਕਿ ਉਹ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਅਤੇ ਝੋਨੇ ਦੀ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਝੋਨੇ ਦੀ ਸਮੇਂ ਸਿਰ ਅਤੇ ਨਿਸ਼ਚਿਤ ਕੀਮਤ ਦੀ ਖਰੀਦ ਨੂੰ ਯਕੀਨੀ ਬਣਾਉਣਾ ਪ੍ਰਸ਼ਾਸਨ ਦੀ ਤਰਜ਼ੀਹ ਹੈ ਅਤੇ ਇਸ ਲਈ ਆੜ੍ਹਤੀਆਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਮੰਡੀਆਂ ਵਿੱਚ ਨਿਰਧਾਰਿਤ ਨਮੀ ਵਾਲਾ ਝੋਨਾ ਹੀ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਪ੍ਰਸ਼ਾਸਨ ਵੱਲੋਂ ਖਰੀਦ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਕਿਸਾਨ ਹਿਤੈਸ਼ੀ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

# ਨਗਰ ਕੌਂਸਲ ਸਨੌਰ ਵੱਲੋਂ ਲਗਾਇਆ ਸਫਾਈ ਮਿੱਤਰਤਾ ਸੁਰਖਿਆ ਕੈਂਪ




**ਸਨੌਰ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਸਨੌਰ ਦੇ ਕਾਰਜ ਸਾਧਕ ਅਫਸਰ ਸਰਦਾਰ ਲਖਬੀਰ ਸਿੰਘ ਜੀ ਦੀ ਯੋਗ ਅਗਵਾਈ ਨਾਲ ਭਾਰਤ ਸਰਕਾਰ ਦੀਆਂ ਗਾਈਡ ਲਾਈਨਾਂ ਅਤੇ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਵੱਛ ਭਾਰਤ ਮਿਸ਼ਨ ਦੇ ਤਹਿਤ ਮਿਤੀ 17-9-2024 ਤੋਂ 2-10-2024 ਤੱਕ ਸਵੱਛਤਾ ਹੀ ਸੇਵਾ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਦੇ ਤਹਿਤ ਅੱਜ ਮਿਤੀ 30-9-2024 ਨੂੰ ਨਗਰ ਕੌਂਸਲ ਸਨੌਰ ਦਫਤਰ ਵਿਖੇ ਸਫਾਈ ਸਫਾਈ ਕਰਮਚਾਰੀਆਂ ਨੂੰ ਵੱਖ ਵੱਖ ਡਿਪਾਰਟਮੈਂਟ ਵਿੱਚ ਚੱਲ ਰਹੀਆਂ ਸਕੀਮਾਂ ਦਾ ਲਾਭ ਦੇਣ ਲਈ ਸਫਾਈ ਮਿੱਤਰਤਾ ਸੁਰੱਖਿਆ ਸੀਵਰ ਲਗਾਇਆ ਗਿਆ ਜਿਸ ਵਿੱਚ ਸਾਰੇ ਹੀ ਸਵਾਈ ਸੇਵਕਾਂ ਅਤੇ ਦਫਤਰੀ ਸਟਾਫ ਨੇ ਭਾਗ ਲਿਆ ਇਸ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਸਹਿਤ ਵਿਭਾਗ, ਫੂਡ ਸਪਲਾਈ ਵਿਭਾਗ, ਮਹਿਲਾ ਬਾਲ ਵਿਕਾਸ ਵਿਭਾਗ, ਬੈਂਕ ਪ੍ਰਧਾਨ ਮੰਤਰੀ ਆਵਾਸ ਯੋਜਨਾ, ਸਵੱਛ ਭਾਰਤ ਮਿਸ਼ਨ ਸਹਿਰੀ ਅਤੇ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਨੁਮਾਇੰਦਿਆਂ ਨੇ ਭਾਗ ਲਿਆ। ਤੇ ਆਪਣੇ ਵਿਭਾਗਾਂ ਵਿੱਚ ਚੱਲ ਰਹੀ ਆ ਸਕੀਮਾਂ ਸਬੰਧੀ ਜਾਣੂ ਕਰਵਾਇਆ ਤੇ ਸਕੀਮਾਂ ਦਾ ਲਾਭ ਸਫਾਈ ਸੇਵਕਾਂ ਨੂੰ ਦਿੱਤਾ ਇਸ ਪ੍ਰੋਗਰਾਮ ਵਿੱਚ ਨੰਦ ਲਾਲ ਟਾਂਕ ਪ੍ਰਧਾਨ ਸਫ਼ਾਈ ਸੇਵਕ ਐਂਡ ਅਦਰ ਵਰਕਸ ਯੂਨੀਅਨ ਨਗਰ ਕੌਂਸਲ ਸਨੌਰ ਰਣਧੀਰ ਸਿੰਘ ਸੀ ਐਫ ਦਵਿੰਦਰ ਸਿੰਘ ਮੇਟ ਸਾਰੇ ਸਫ਼ਾਈ ਕਰਮਚਾਰੀ ਨੇ ਭਾਗ ਲਿਆ।

# ਮੁਲਾਜ਼ਮਾਂ ਵੱਲੋਂ ਤਿੰਨ ਰੋਜ਼ਾ ਸੂਬਾਈ ਪੈਨਸ਼ਨ ਪ੍ਰਾਪਤੀ ਮੋਰਚਾ ਸ਼ੁਰੂ

**ਸੰਗਰੂਰ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਝੰਡੇ ਹੇਠ ਅੱਜ ਮੁੱਖ ਮੰਤਰੀ ਦੀ ਰਿਹਾਇਸ਼ ਨੇੜੇ ਦਿਨ-ਰਾਤ ਚੱਲਣ ਵਾਲੇ 'ਤਿੰਨ ਦਿਨਾ ਪੈਨਸ਼ਨ ਪ੍ਰਾਪਤੀ ਮੋਰਚੇ' ਦਾ ਪੁਰਾਣੀ ਪੈਨਸ਼ਨ ਬਹਾਲ ਕਰੋ ਦੇ ਨਾਅਰਿਆਂ ਨਾਲ਼ ਆਗਾਜ਼ ਕੀਤਾ ਗਿਆ। ਮੋਰਚੇ ਦੇ ਪਹਿਲੇ ਦਿਨ ਸ਼ਾਮ ਨੂੰ ਸ਼ਹਿਰ ਦੇ ਬਾਜ਼ਾਰਾਂ ਵਿੱਚ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਮਸ਼ਾਲ ਮਾਰਚ ਕੀਤਾ ਗਿਆ। ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਵਾਲੀ ਸੜਕ 'ਤੇ ਵੇਰਕਾ ਮਿਲਕ ਪਲਾਂਟ ਨਜ਼ਦੀਕ ਮੁਲਾਜ਼ਮ ਇਕੱਠੇ ਹੋਏ ਜਿੱਥੇ ਟੈਂਟ ਲਗਾ ਕੇ ਮੋਰਚਾ ਸ਼ੁਰੂ ਕਰ ਦਿੱਤਾ। ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਆਗੂਆਂ ਸੂਬਾ ਕਨਵੀਨਰ ਅਤਿੰਦਰਪਾਲ ਸਿੰਘ, ਜ਼ੋਨ ਕਨਵੀਨਰ ਗੁਰਬਿੰਦਰ ਸਿੰਘ ਖਹਿਰਾ, ਇੰਦਰ ਸੁਖਦੀਪ ਸਿੰਘ ਓਢਰਾ ਅਤੇ ਦਲਜੀਤ ਸਫ਼ੀਪੁਰ ਨੇ ਦੱਸਿਆ ਕਿ ਸੰਗਰੂਰ ਮੋਰਚੇ ਦੀ ਲਾਮਬੰਦੀ ਲਈ ਇੱਕ ਮਹੀਨੇ ਤੋਂ ਸਮੂਹ ਜ਼ਿਲ੍ਹਿਆਂ ਵਿੱਚ ਤਿਆਰੀ ਚੱਲ ਰਹੀ ਸੀ। ਇਹ 'ਐੱਨਪੀਐੱਸ ਤੋਂ ਆਜ਼ਾਦੀ' ਮੁਹਿੰਮ ਨਾਲ਼ ਸ਼ੁਰੂ ਕੀਤੀ ਗਈ। ਮੋਰਚੇ ਦੀ ਤਿਆਰੀ ਦੌਰਾਨ ਮੰਤਰੀਆਂ ਅਤੇ ਵਿਧਾਇਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ। ਵਿਸਥਾਰੀ ਮੀਟਿੰਗਾਂ ਕੀਤੀਆਂ ਗਈਆਂ ਤੇ ਸਕੂਲਾਂ ਅਤੇ ਦਫ਼ਤਰਾਂ ਵਿੱਚ ਪਹੁੰਚ ਕਰ ਕੇ ਮੁਲਾਜ਼ਮਾਂ ਨੂੰ ਮੋਰਚੇ ਵਿੱਚ ਸ਼ਾਮਲ ਹੋਣ ਦੇ 'ਸੱਦਾ ਪੱਤਰ' ਵੀ ਵੰਡੇ ਗਏ ਸਨ। ਇਸ ਤੋਂ ਇਲਾਵਾ ਕੇਂਦਰ ਵੱਲੋਂ ਤਜਵੀਜਤ ਯੂਪੀਐੱਸ ਦੀਆਂ ਖ਼ਾਮੀਆਂ ਬਾਰੇ ਐੱਨਪੀਐੱਸ ਮੁਲਾਜ਼ਮਾਂ ਨੂੰ ਜਾਗਰੂਕ ਕੀਤਾ ਗਿਆ ਸੀ।




ਕਿਸਾਨ ਮੋਰਚਿਆਂ ਦੀ ਤਰਜ਼ 'ਤੇ ਪੁਰਾਣੀ ਪੈਨਸ਼ਨ ਲਈ ਲਗਾਏ ਇਸ ਮੋਰਚੇ ਨਾਲ਼ ਮੁਲਾਜ਼ਮ ਸੰਘਰਸ਼ਾਂ ਵਿੱਚ ਨਿਵੇਕਲੀ ਪਹਿਲਕਦਮੀ ਕਰਦਿਆਂ ਤਿੰਨ ਦਿਨ ਚੱਲਣ ਵਾਲੇ ਇਸ ਮੋਰਚੇ ਦੇ ਪਹਿਲੇ ਦਿਨ ਐਂਪਲਾਈਜ਼ ਫੈਡਰੇਸ਼ਨ ਦੇ ਆਗੂਆਂ ਖੁਸ਼ਦੀਪ ਸਿੰਘ ਲਹਿਰਾ, ਗੁਰਛੈਬਰ ਸਿੰਘ, ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਆਗੂ ਗੁਰਪ੍ਰੀਤ ਸਿੰਘ ਅਤੇ ਮਨਿਸਟੀਰੀਅਲ ਐਸੋਸੀਏਸ਼ਨ ਦੇ ਆਗੂ ਲਾਲ ਸਿੰਘ ਰੱਲਾ ਨੇ ਸੰਬੋਧਨ ਕੀਤਾ। ਉਨ੍ਹਾਂ ਪੁਰਾਣੀ ਪੈਨਸ਼ਨ ਦੇ ਕੀਤੇ ਨੋਟੀਫਿਕੇਸ਼ਨ ਨੂੰ ਮਹਿਜ਼ ਜੁਮਲਾ ਦੱਸਿਆ ਕਿਉਂਕਿ ਇਸ ਨੋਟੀਫਿਕੇਸ਼ਨ ਦੇ ਬਾਵਜੂਦ ਇੱਕ ਵੀ ਐੱਨਪੀਐੱਸ ਮੁਲਾਜ਼ਮ ਤੇ ਪੁਰਾਣੀ ਪੈਨਸ਼ਨ ਲਾਗੂ ਨਹੀਂ ਹੋ ਸਕੀ ਹੈ। ਸ਼ਾਮ ਵੇਲੇ ਪੁਰਾਣੀ ਪੈਨਸ਼ਨ ਲਾਗੂ ਕਰਨ ਦੀ ਮੰਗ ਨੂੰ ਉਭਾਰਨ ਲਈ ਸੰਗਰੂਰ ਸ਼ਹਿਰ ਵਿੱਚ ਕੀਤੇ ਮਸ਼ਾਲ ਮਾਰਚ ਵਿੱਚ ਮੁਲਾਜ਼ਮਾਂ ਨੇ ਉਤਸ਼ਾਹ ਨਾਲ਼ ਹਿੱਸਾ ਲਿਆ। ਇਸ ਮੌਕੇ ਜ਼ਿਲ੍ਹਾ ਕਨਵੀਨਰ ਰਮਨਦੀਪ ਬਰਨਾਲਾ, ਲਖਵਿੰਦਰ ਮਾਨਸਾ, ਮਨਦੀਪ ਮੁਕਤਸਰ, ਜਸਵਿੰਦਰ ਕਪੂਰਥਲਾ, ਮਨਜੀਤ ਹੁਸ਼ਿਆਰਪੁਰ, ਅੰਮ੍ਰਿਤਪਾਲ ਹਰੀਗੜ੍ਹ, ਡੀਐੱਮਐੱਫ ਸੂਬਾ ਆਗੂ ਹਰਦੀਪ ਟੋਡਰਪੁਰ, ਡੀਟੀਐੱਫ ਦੇ ਆਗੂ ਰਘਵੀਰ ਸਿੰਘ ਭਵਾਨੀਗੜ੍ਹ ਹਰਵਿੰਦਰ ਰੱਖੜਾ, ਜਗਪਾਲ ਬੰਗੀ, ਪਵਨ ਮੁਕਤਸਰ, ਹਰਵਿੰਦਰ ਅੱਲੂਵਾਲ, ਕਰਮਜੀਤ ਨਦਾਮਪੁਰ, ਕੁਲਵੰਤ ਖਨੌਰੀ ਸ਼ਾਮਲ ਹੋਏ।

# ਇੱਕ ਵੀ ਪੈਸਾ ਫ਼ਜ਼ੂਲ ਨਹੀਂ ਖ਼ਰਚਿਆ, ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਪੰਜਾਬ ਦੇ 249 ਕਰੋੜ ਰੁਪਏ ਕੇਂਦਰ ਸਰਕਾਰ ਵੱਲ ਬਕਾਇਆ: ਸਿਹਤ ਮੰਤਰੀ ਡਾ. ਬਲਬੀਰ ਸਿੰਘ



**ਚੰਡੀਗੜ੍ਹ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ (ਏ.ਬੀ.-ਐੱਮ.ਐੱਮ.ਐੱਸ.ਬੀ.ਵਾਈ.) ਦੇ ਮੁੱਦੇ 'ਤੇ ਸਿੱਧੀ ਗੱਲ ਕਰਦਿਆਂ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਮੰਗਲਵਾਰ ਨੂੰ ਸਪੱਸ਼ਟ ਕੀਤਾ ਕਿ ਕੇਂਦਰ ਸਰਕਾਰ ਦੇ ਫੰਡਾਂ ਦਾ ਕੋਈ ਡਾਇਵਰਸ਼ਨ ਜਾਂ ਗ਼ਲਤ ਇਸਤੇਮਾਲ ਨਹੀਂ ਕੀਤਾ ਗਿਆ , ਸਗੋਂ ਇਸ ਸਕੀਮ ਤਹਿਤ ਕੇਂਦਰ ਸਰਕਾਰ ਵੱਲ ਪੰਜਾਬ ਦੇ 249 ਕਰੋੜ ਰੁਪਏ ਹਾਲੇ ਵੀ ਬਕਾਇਆ ਹਨ।

ਸਿਹਤ ਮੰਤਰੀ ਅੱਜ ਇੱਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ ਤਾਂ ਜੋ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਬਾਰੇ ਸਾਰੇ ਤੱਥ ਸਾਫ਼ ਤੇ ਸਪੱਸ਼ਟ ਤੌਰ 'ਤੇ ਲੋਕਾਂ ਦੇ ਸਾਹਮਣੇ ਆ ਸਕਣ।

20 ਅਗਸਤ, 2019 ਨੂੰ ਲਾਂਚ ਕੀਤੀ ਗਈ , ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ , ਹਰ ਸਾਲ ਪ੍ਰਤੀ ਪਰਿਵਾਰ ਪ੍ਰਤੀ ਸਾਲ 5 ਲੱਖ ਰੁਪਏ ਦਾ ਨਕਦ ਰਹਿਤ ਸਿਹਤ ਬੀਮਾ ਕਵਰ ਪ੍ਰਦਾਨ ਕਰਦੀ ਹੈ। ਪੰਜਾਬ ਨੇ, 44.99 ਲੱਖ ਪਰਿਵਾਰਾਂ ਨੂੰ ਕਵਰ ਕਰਕੇ ਅਤੇ 772 ਹਸਪਤਾਲਾਂ ਨੂੰ ਸੂਚੀਬਧ ਕੀਤਾ ਹੈ ਜਿਨ੍ਹਾਂ ਵਿਚ - 210 ਸਰਕਾਰੀ, 556 ਪ੍ਰਾਈਵੇਟ, ਅਤੇ ਛੇ ਕੇਂਦਰੀ ਸਰਕਾਰੀ ਹਸਪਤਾਲਾਂ ਸ਼ਾਮਲ ਹਨ, ਇਸ ਸਕੀਮ ਅਧੀਨ ਮਹੱਤਵਪੂਰਨ ਤਰੱਕੀ ਕੀਤੀ ਹੈ। ਸਕੀਮ ਦਾ ਬਜਟ ਕੇਂਦਰ ਅਤੇ ਰਾਜ ਸਰਕਾਰਾਂ ਵਿਚਕਾਰ 60:40 ਅਨੁਪਾਤ ਵਿੱਚ ਹੈ , ਜੋ ਸਿਰਫ 16.65 ਲੱਖ ਸਮਾਜਿਕ-ਆਰਥਿਕ ਜਾਤੀ ਜਨਗਣਨਾ(ਐਸ.ਈ.ਸੀ.ਸੀ.) ਪਰਿਵਾਰਾਂ ਲਈ ਹੈ, ਜਦੋਂ ਕਿ ਬਾਕੀ ਰਹਿੰਦੇ 28 ਲੱਖ ਪਰਿਵਾਰਾਂ ਦਾ ਬਜਟ ਰਾਜ ਸਰਕਾਰ ਸਹਿਣ ਕਰਦੀ ਹੈ।

ਡਾ: ਬਲਬੀਰ ਸਿੰਘ ਨੇ ਦੱਸਿਆ ਕਿ ਪਿਛਲੀਆਂ ਸਰਕਾਰਾਂ ਇਸ ਸਕੀਮ ਨੂੰ ਇੰਸ਼ੋਰੈਂਸ ਮੋਡ ਤਹਿਤ ਚਲਾ ਰਹੀਆਂ ਸਨ ਜਿਸ ਤਹਿਤ ਉਹ ਪ੍ਰੀਮੀਅਮ ਅਦਾ ਕਰਦੀਆਂ ਸਨ ਅਤੇ 29 ਦਸੰਬਰ 2021 ਨੂੰ ਉਨ੍ਹਾਂ ਨੇ ਸਬੰਧਤ ਬੀਮਾ ਕੰਪਨੀ ਨਾਲ ਇਕਰਾਰਨਾਮੇ ਨੂੰ ਅਚਾਨਕ ਰੱਦ ਕਰ ਦਿੱਤਾ, ਜਿਸ ਨਾਲ ਗੜਬੜੀ ਪੈਦਾ ਹੋ ਗਈ ਸੀ। ਉਨ੍ਹਾਂ ਕਿਹਾ, "ਸਾਡੀ ਸਰਕਾਰ ਨੂੰ ਇਹ ਟੁੱਟੀ-ਭੱਜੀ ਪ੍ਰਣਾਲੀ ਵਿਰਾਸਤ ਵਿੱਚ ਮਿਲੀ ਹੈ ਅਤੇ ਇਸ ਸਕੀਮ ਨੂੰ ਬੜੀ ਮੁਸ਼ਕਿਲ ਨਾਲ ਮੁੜ ਸੁਚੱਜੇ ਢੰਗ ਨਾਲ ਕਾਰਜਸ਼ੀਲ ਬਣਾਇਆ ਗਿਆ ਹੈ।

ਇਹ ਵੀ ਦੱਸਣਯੋਗ ਹੈ ਕਿ ਪੰਜਾਬ ਸਰਕਾਰ, 16.65 ਲੱਖ ਐਸ.ਈ.ਸੀ.ਸੀ. ਪਰਿਵਾਰਾਂ ਲਈ 60:40 ਪ੍ਰਤੀਸ਼ਤ ਦੇ ਅਨੁਪਾਤ ਨਾਲ ਹਿੱਸਾ ਪ੍ਰਾਪਤ ਕਰਦੀ ਹੈ ਅਤੇ ਐਸ.ਈ.ਸੀ.ਸੀ. ਪਰਿਵਾਰਾਂ ਦੇ ਇਲਾਜ ਲਈ ਲਗਭਗ 585 ਕਰੋੜ ਰੁਪਏ ਦੇ ਕਲੇਮ ਬਣਦੇ ਸਨ, ਜਿਸ ਵਿੱਚ 60 ਫੀਸਦ ਹਿੱਸੇ ਦੇ ਹਿਸਾਬ ਨਾਲ ਕੇਂਦਰ ਵੱਲੋਂ ਲਗਭਗ 350.74 ਕਰੋੜ ਰੁਪਏ ਅਦਾ ਕੀਤੇ ਜਾਣੇ ਸਨ , ਪਰ ਇਸ ਵਿਚੋਂ ਸਿਰਫ 169.34 ਕਰੋੜ ਹੀ ਪੰਜਾਬ ਦੀ ਸਿਹਤ ਏਜੰਸੀ (ਐੱਸ.ਐੱਚ.ਏ.) ਨੂੰ ਪ੍ਰਾਪਤ ਹੋਏ ਹਨ।

ਸਿਹਤ ਮੰਤਰੀ ਨੇ ਦੱਸਿਆ ਕਿ 249.81 ਕਰੋੜ ਰੁਪਏ ਦੀ ਰਾਸ਼ੀ, ਜਿਸ ਵਿੱਚ 51.34 ਕਰੋੜ ਰੁਪਏ ਪ੍ਰਸ਼ਾਸਨਿਕ ਖਰਚੇ ਅਤੇ 17.07 ਕਰੋੜ ਰੁਪਏ ਪਿਛਲੇ ਬਕਾਏ ਸ਼ਾਮਲ ਹਨ, ਕੇਂਦਰ ਸਰਕਾਰ ਕੋਲ ਹਾਲੇ ਵੀ ਬਕਾਇਆ ਹਨ।

ਉਨ੍ਹਾਂ ਦੱਸਿਆ ਕਿ ਰਾਜ ਸਿਹਤ ਏਜੰਸੀ ਦੇ ਸੀਨੀਅਰ ਅਧਿਕਾਰੀਆਂ ਦੀ ਟੀਮ ਨੇ ਕੇਂਦਰੀ ਸਿਹਤ ਮੰਤਰੀ ਜੇ.ਪੀ. ਨੱਡਾ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਬਕਾਇਆ ਭੁਗਤਾਨ ਦੀ ਕਿਸ਼ਤ ਜਾਰੀ ਕਰਨ ਦੀ ਬੇਨਤੀ ਕੀਤੀ ਤਾਂ ਜੋ ਪ੍ਰਾਈਵੇਟ ਹਸਪਤਾਲਾਂ ਨੂੰ ਬਣਦਾ ਭੁਗਤਾਨ ਕੀਤਾ ਜਾ ਸਕੇ। ਉਨ੍ਹਾਂ ਅੱਗੇ ਦੱਸਿਆ ਕਿ ਇਥੋਂ ਤੱਕ ਕਿ ਮੈਂ ਖੁਦ ਵੀ ਕੇਂਦਰੀ ਸਿਹਤ ਮੰਤਰੀ ਜੇ.ਪੀ. ਨੱਡਾ ਨੂੰ ਮੁਲਾਕਾਤ ਲਈ ਪੱਤਰ ਲਿਖਿਆ ਸੀ ਤਾਂ ਜੋ ਉਨ੍ਹਾਂ ਨੂੰ ਬਕਾਇਆ ਭੁਗਤਾਨ ਜਾਰੀ ਕਰਨ ਦੀ ਬੇਨਤੀ ਕਰ ਸਕਾਂ, ਪਰ ਇਹ ਕੋਸ਼ਿਸ਼ਾਂ ਨਾਕਾਮ ਰਹੀਆਂ।

ਉਨ੍ਹਾਂ ਭਰੋਸਾ ਦਿਵਾਇਆ ਕਿ ਕੇਂਦਰ ਸਰਕਾਰ ਦੇ ਫੰਡਾਂ ਦੀ ਕੋਈ ਗਲਤ ਵੰਡ ਨਹੀਂ ਕੀਤੀ ਗਈ ਅਤੇ ਸਾਰੇ ਫੰਡਾਂ ਦੀ ਵਰਤੋਂ ਸਿਰਫ਼ ਲੋਕ ਭਲਾਈ ਲਈ ਕੀਤੀ ਜਾ ਰਹੀ ਹੈ।ਕੈਬਨਿਟ ਮੰਤਰੀ ਨੇ ਹਸਪਤਾਲਾਂ ਨੂੰ ਭੁਗਤਾਨ ਵਿੱਚ ਦੇਰੀ ਦਾ ਕਾਰਨ ਸਪੱਸ਼ਟ ਕਰਦਿਆਂ ਦੱਸਿਆ ਕਿ ਫਰਵਰੀ 2024 ਵਿੱਚ ਕੌਮੀ ਸਿਹਤ ਏਜੰਸੀ (ਐਨ.ਐਚ.ਏ.) ਦੁਆਰਾ ਲਾਂਚ ਕੀਤੇ ਗਏ ਨਵੇਂ ਸਾਫਟਵੇਅਰ ਨੂੰ ਅਪਨਾਉਣ ਤੋਂ ਬਾਅਦ ਇਸ ਸਾਫ਼ਟਵੇਅਰ ਦੀਆਂ ਤਕਨੀਕੀ ਖਾਮੀਆਂ ਕਾਰਨ ਇਹ ਸਮੱਸਿਆ ਪੈਦਾ ਹੋਈ ਹੈ। ਹਾਲਾਂਕਿ, ਰਾਜ ਦੀ ਸਿਹਤ ਏਜੰਸੀ ਨੇ ਇਸ ਮੁੱਦੇ ਨੂੰ ਹੱਲ ਕਰਨ ਲਈ ਤੁਰੰਤ ਕਦਮ ਚੁੱਕਦਿਆਂ ਵਾਧੂ ਸਟਾਫ ਦੀ ਤਾਇਨਾਤੀ ਵੀ ਕੀਤੀ ਹੈ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸਰਕਾਰ ਇਸ ਸਕੀਮ ਤਹਿਤ ਇਲਾਜ ਮੁਹੱਈਆ ਕਰਵਾ ਕੇ 'ਸੇਵਾ' ਕਰਨ ਦੇ ਇੱਛੁਕ ਪ੍ਰਾਈਵੇਟ ਹਸਪਤਾਲਾਂ ਨੂੰ ਅਧਿਕਾਰਤ ਕਰੇਗੀ। ਉਨ੍ਹਾਂ ਨੇ ਅਜਿਹੇ ਪ੍ਰਾਈਵੇਟ ਹਸਪਤਾਲਾਂ, ਜੋ ਇਸ ਸਕੀਮ ਤਹਿਤ ਇਲਾਜ ਮੁਹੱਈਆ ਕਰਵਾਉਣ ਤੋਂ ਅਸਮਰੱਥ ਹਨ, ਨੂੰ ਇਸ ਸਕੀਮ 'ਚੋਂ ਬਾਹਰ ਰਹਿਣ ਦਾ ਵਿਕਲਪ ਚੁਣਨ ਦੀ ਵੀ ਪੇਸ਼ਕਸ਼ ਕੀਤੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਪਹਿਲੂ, ਚਾਹੇ ਉਹ ਸੁਰੱਖਿਆ ਪ੍ਰਦਾਨ ਕਰਨ ਜਾਂ ਫਾਇਰ ਸੇਫਟੀ ਸਰਟੀਫਿਕੇਟ ਦੀ ਵੈਧਤਾ ਨੂੰ ਇੱਕ ਸਾਲ ਤੋਂ ਵਧਾ ਕੇ ਤਿੰਨ ਸਾਲ ਕਰਨ ਦਾ ਮਾਮਲਾ ਹੋਵੇ, 'ਤੇ ਪ੍ਰਾਈਵੇਟ ਹਸਪਤਾਲਾਂ ਨਾਲ ਸਹਿਯੋਗ ਕੀਤਾ ਹੈ।

# ਚੋਣ ਕਮਿਸ਼ਨ ਨੇ ਹਰਿਆਣਾ ਵਿਧਾਨਸਭਾ ਚੋਣ ਲਈ ਏਗਜਿਟ ਪੋਲ ਜਾਰੀ ਕਰਨ 'ਤੇ 5 ਅਕਤੂਬਰ 6:30 ਵਜੇ ਤਕ ਲਗਾਈ ਰੋਕ - ਪੰਕਜ ਅਗਰਵਾਲ

**ਚੰਡੀਗੜ੍ਹ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ (ਈਸੀਆਈ) ਨੇ ਹਰਿਆਣਾ ਵਿਧਾਨਸਭਾ ਚੋਣ ਦੇ ਲਈ ਏਗਜਿਟ ਪੋਲ ਜਾਰੀ ਕਰਨ 'ਤੇ ਰੋਕ ਲਗਾਈ ਹੈ। ਜਨਪ੍ਰਤੀਨਿਧੀ ਐਕਟ, 1951 ਦੀ ਧਾਰਾ 126 ਏ , ਤਹਿਤ ਚੋਣ ਸ਼ੁਰੂ ਹੋਣ ਲਈ ਨਿਰਧਾਰਿਤ ਸਮੇਂ ਤੋਂ ਲੈ ਕੇ ਚੋਣ ਸਮਾਪਤ ਹੋਣ ਲਈ ਨਿਰਧਾਰਿਤ ਸਮੇਂ ਦੇ ਅੱਧੇ ਘੰਟੇ ਬਾਅਦ ਤਕ ਦੇ ਸਮੇਂ ਦੌਰਾਨ ਪ੍ਰਿੰਟ ਜਾਂ ਇਲੈਕਟ੍ਰੋਨਿਕ ਮੀਡੀਆ ਰਾਹੀਂ ਏਗਜਿਟ ਪੋਲ ਪ੍ਰਬੰਧਿਤ ਕਰਨ ਅਤੇ ਉਨ੍ਹਾਂ ਦੇ ਨਤੀਜਿਆਂ ਦੇ ਪ੍ਰਸਾਰ 'ਤੇ ਰੋਕ ਰਹੇਗੀ। ਹਰਿਆਣਾ, ਜੰਮੂ ਤੇ ਕਸ਼ਮੀਰ ਵਿਧਾਨਸਭਾ ਚੋਣਾਂ ਦੀ ਨੋਟੀਫਿਕੇਸ਼ਨ ਇਕੱਠੇ ਜਾਰੀ ਹੋਣ ਦੇ ਕਾਰਨ ਚੋਣ ਸ਼ੁਰੂ ਹੋਣ ਦਾ ਸਮੇਂ 18.09.2024 ਨੂੰ ਸਵੇਰੇ 7 ਵਜੇ ਤੋਂ ਮੰਨਿਆ ਗਿਆ ਹੈ। ਇਹ ਪਾਬੰਦੀ ਵੋਟਿੰਗ ਦੇ ਦਿਨ 5 ਅਕਤੂਬਰ, 2024 ਨੂੰ ਸ਼ਾਮ 6:30 ਵਜੇ ਤਕ ਪ੍ਰਭਾਵੀ ਰਹੇਗੀ। ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਪੰਕਜ ਅਗਰਵਾਲ ਨੇ ਦਸਿਆ ਕਿ ਨੋਟੀਫਿਕੇਸ਼ਨ ਅਨੁਸਾਰ ਪ੍ਰਿੰਟ ਜਾਂ ਇਲੈਕਟ੍ਰੋਨਿਕ ਮੀਡੀਆ ਰਾਹੀਂ ਏਗਜਿਟ ਪੋਲ ਪ੍ਰਬੰਧਿਤ ਕਰਨਾ, ਪ੍ਰਕਾਸ਼ਿਤ ਕਰਨਾ ਜਾਂ ਪ੍ਰਸਾਰਿਤ ਕਰਨਾ ਜਾਂ ਕਿਸੇ ਹੋਰ ਢੰਗ ਨਾਲ ਪ੍ਰਸਾਰਿਤ ਕਰਨਾ, ਉਪਰੋਕਤ ਆਮ ਚੋਣ ਦੇ ਸਬੰਧ ਵਿਚ ਕਿਸੇ ਵੀ ਏਗਜਿਟ ਪੋਲ ਦੇ ਨਤੀਜੇ 'ਤੇ 05.10.2024 (ਸ਼ਨੀਵਾਰ) ਸ਼ਾਮ 6:30 ਵਜੇ ਤਕ ਰੋਕ ਰਹੇਗੀ।

ਇਸ ਤੋਂ ਇਲਾਵਾ, ਕਿਸੇ ਵੀ ਇਲੈਕਟ੍ਰੋਨਿਕ ਮੀਡੀਆ ਵਿਚ ਕਿਸੇ ਵੀ ਜਨਮਤ ਸਰਵੇਖਣ ਜਾਂ ਕਿਸੇ ਹੋਰ ਚੋਣ ਸਰੰਖਣ ਦੇ ਨਤੀਜੇ ਸਮੇਂ ਕਿਸੇ ਵੀ ਚੋਣਾਵੀ ਮਾਮਲੇ ਨੂੰ ਪ੍ਰਦਰਸ਼ਿਤ ਕਰਨਾ, ਆਮ ਚੋਣ ਦੇ ਸਬੰਧ ਵਿਚ ਚੋਣ ਦੇ ਸਮਾਪਨ ਲਈ ਨਿਰਧਾਰਿਤ ਸਮੇਂ ਤੋਂ ਸਮਾਪਤ ਹੋਣ ਵਾਲੀ 48 ਘੰਟਿਆਂ ਦੇ ਸਮੇਂ ਦੌਰਾਨ ਪਾਬੰਦੀਸ਼ੁਦਾ ਰਹੇਗਾ। ਇੰਨ੍ਹਾਂ ਨਿਯਮਾਂ ਦਾ ਉਲੰਘਣ ਕਰਨ 'ਤੇ ਦੋ ਸਾਲ ਤਕ ਦੀ ਕੈਦ ਜਾਂ ਜੁਰਮਾਨਾ ਜਾਂ ਦੋਨੋਂ ਹੋ ਸਕਦੇ ਹਨ। ਸਾਰੇ ਮੀਡੀਆ ਘਰਾਨਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਸਬੰਧ ਵਿਚ ਨਿਰਦੇਸ਼ਾਂ ਦਾ ਪਾਲਣ ਕਰਨ।

# ਮੁੱਖ ਸਕੱਤਰ ਗ੍ਰਹਿ ਮਾਮਲੇ ਵਿਭਾਗ, ਪੰਜਾਬ ਗੁਰਕਿਰਤ ਕਿਰਪਾਲ ਸਿੰਘ ਵੱਲੋਂ ਸਟੇਕਹੋਲਡਰਜ਼ ਕਾਨਫਰੰਸ ਦਾ ਉਦਘਾਟਨ




**ਚੰਡੀਗੜ੍ਹ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਨਿੱਜੀ ਸੁਰੱਖਿਆ ਉਦਯੋਗ ਦੀ ਮਜ਼ਬੂਤੀ ਅਤੇ ਇਸਨੂੰ ਸੁਚਾਰੂ ਬਣਾਉਣ ਲਈ ਮਹੱਤਵਪੂਰਨ ਕਦਮ ਚੁੱਕਦਿਆਂ ਪੰਜਾਬ ਪੁਲਿਸ ਵੱਲੋਂ ਕਨਫੈਡਰੇਸ਼ਨ ਆਫ਼ ਇੰਡੀਅਨ ਇੰਡਸਟਰੀ (ਸੀ.ਆਈ.ਆਈ.) ਨਾਲ ਸਾਂਝੇਦਾਰੀ ਜ਼ਰੀਏ ਅੱਜ ਇੱਥੇ ਸੀ.ਆਈ.ਆਈ. ਉੱਤਰੀ ਖੇਤਰ ਦੇ ਮੁੱਖ ਦਫ਼ਤਰ ਵਿਖੇ ਪ੍ਰਾਈਵੇਟ ਸੁਰੱਖਿਆ ਏਜੰਸੀ ਰੈਗੂਲੇਸ਼ਨ (ਪੀ.ਐਸ.ਏ.ਆਰ.) ਐਕਟ 'ਤੇ ਪਹਿਲੀ ਸਟੇਕਹੋਲਡਰ ਕਾਨਫਰੰਸ ਕਰਵਾਈ ਗਈ।

ਇਹ ਕਾਨਫਰੰਸ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ ਸੀ, ਜਿਸ ਦਾ ਉਦੇਸ਼ ਨਿਜੀ ਸੁਰੱਖਿਆ ਏਜੰਸੀਆਂ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਦਰਮਿਆਨ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਸੀ।

ਪੰਜਾਬ ਦੇ ਗ੍ਰਹਿ ਮਾਮਲੇ ਵਿਭਾਗ ਦੇ ਪ੍ਰਮੁੱਖ ਸਕੱਤਰ ਗੁਰਕਿਰਤ ਕਿਰਪਾਲ ਸਿੰਘ ਨੇ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਸੁਰੱਖਿਆ ਐਸਐਸ ਸ੍ਰੀਵਾਸਤਵ ਨਾਲ ਇੱਥੇ ਸੀਆਈਆਈ ਉੱਤਰੀ ਖੇਤਰ ਦੇ ਹੈੱਡਕੁਆਰਟਰ ਵਿਖੇ ਕਾਨਫਰੰਸ ਦਾ ਉਦਘਾਟਨ ਕੀਤਾ। ਇਸ ਮੌਕੇ ਸੈਕਟਰੀ ਉਦਯੋਗ, ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਪੰਜਾਬ ਡੀਪੀਐਸ ਖਰਬੰਦਾ, ਏਡੀਜੀਪੀ ਟਰੈਫਿਕ ਏਐਸ ਰਾਏ ਅਤੇ ਸੀਆਈਆਈ ਪੰਜਾਬ ਦੇ ਚੇਅਰਮੈਨ ਅਭਿਸ਼ੇਕ ਗੁਪਤਾ ਵੀ ਹਾਜ਼ਰ ਸਨ।

ਪ੍ਰਮੁੱਖ ਸਕੱਤਰ ਗੁਰਕਿਰਤ ਕਿਰਪਾਲ ਸਿੰਘ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਐਕਟ ਅਧੀਨ ਲਾਜ਼ਮੀ ਲੋੜਾਂ ਨੂੰ ਯਕੀਨੀ ਬਣਾਉਂਦੇ ਹੋਏ ਪ੍ਰਾਈਵੇਟ ਸੁਰੱਖਿਆ ਏਜੰਸੀਆਂ ਨੂੰ ਪੰਜਾਬ ਸਰਕਾਰ ਵੱਲੋਂ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਪੀ.ਐਸ.ਏ.ਆਰ. ਐਕਟ ਤਹਿਤ ਨਿਯਮਾਂ ਨੂੰ ਅਪਡੇਟ ਕੀਤਾ ਜਾ ਰਿਹਾ ਹੈ। ਪ੍ਰਮੁੱਖ ਸਕੱਤਰ ਨੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਵਿੱਚ ਨਿੱਜੀ ਸੁਰੱਖਿਆ ਏਜੰਸੀਆਂ ਦੀ ਭੂਮਿਕਾ ਦੀ ਵੀ ਸ਼ਲਾਘਾ ਕੀਤੀ।

ਏਡੀਜੀਪੀ ਐਸਐਸ ਸ੍ਰੀਵਾਸਤਵ ਨੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਕਾਨਫਰੰਸ ਦਾ ਉਦੇਸ਼ ਆਪਸੀ ਤਾਲਮੇਲ ਜ਼ਰੀਏ ਕੰਮ ਕਰਨ ਲਈ ਜਨਤਕ, ਨਿਜੀ ਸੁਰੱਖਿਆ ਏਜੰਸੀਆਂ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਲਈ ਇੱਕ ਸੁਰੱਖਿਅਤ ਅਤੇ ਉਸਾਰੂ ਮਾਹੌਲ ਨੂੰ ਉਤਸ਼ਾਹਿਤ ਕਰਨਾ ਹੈ।

ਕਾਨੂੰਨ ਲਾਗੂ ਕਰਨ ਵਿੱਚ ਸਹਾਇਤਾ ਲਈ ਨਿੱਜੀ ਸੁਰੱਖਿਆ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਪੀ.ਐਸ.ਏ.ਆਰ. ਐਕਟ ਦੇ ਮੁੱਖ ਪਹਿਲੂਆਂ, ਜਿਸ ਵਿੱਚ ਨਿਯਮ ਅਤੇ ਸ਼ਰਤਾਂ ਵੱਡੇ ਪੱਧਰ 'ਤੇ ਇਸਦੀ ਦੁਰਵਰਤੋਂ ਬਾਰੇ ਚਿੰਤਾਵਾਂ ਸ਼ਾਮਲ ਹਨ, ਨੂੰ ਉਜਾਗਰ ਕੀਤਾ।

ਏਡੀਜੀਪੀ ਨੇ ਉਨ੍ਹਾਂ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨਿੱਜੀ ਸੁਰੱਖਿਆ ਅਤੇ ਸੁਰੱਖਿਆ ਢਾਂਚੇ ਵਿੱਚ ਉਨ੍ਹਾਂ ਦੀ ਭੂਮਿਕਾ ਮਹੱਤਵਪੂਰਨ ਹੈ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਰੇ (ਨਿੱਜੀ ਸੁਰੱਖਿਆ ਬਲ) ਆਪਸੀ ਤਾਲਮੇਲ ਨਾਲ ਕੰਮ ਕਰੋ ਅਤੇ ਸਾਡਾ ਉਦੇਸ਼ ਤੁਹਾਨੂੰ ਸਹਿਯੋਗ ਦੇਣਾ ਹੈ।

ਇਸ ਤੋਂ ਬਾਅਦ ਦਿਨ ਭਰ ਚੱਲੀ ਇਸ ਕਾਨਫਰੰਸ ਵਿੱਚ ਵੱਖ-ਵੱਖ ਵਿਸ਼ਿਆਂ 'ਤੇ ਵੱਖ-ਵੱਖ ਸੈਸ਼ਨ ਕਰਵਾਏ ਗਏ ਜਿਨ੍ਹਾਂ ਵਿੱਚ ਪ੍ਰਾਈਵੇਟ ਸੁਰੱਖਿਆ: ਉਭਰਦੇ ਰੁਝਾਨ ਅਤੇ ਅੱਗੇ ਦੀਆਂ ਚੁਣੌਤੀਆਂ; ਸਿਖਲਾਈ ਅਤੇ ਹੁਨਰ ਵਿਕਾਸ; ਨਿੱਜੀ ਸੁਰੱਖਿਆ ਖੇਤਰ ਵਿੱਚ ਔਰਤਾਂ ਦੀ ਭੂਮਿਕਾ; ਕਰਮਚਾਰੀਆਂ ਦੇ ਅਧਿਕਾਰ ਅਤੇ ਭਲਾਈ ਸਬੰਧੀ ਮੁੱਦੇ; ਨਿੱਜੀ ਸੁਰੱਖਿਆ ਉਦਯੋਗ ਵਿੱਚ ਸੰਭਾਵੀ ਚੁਣੌਤੀਆਂ ਬਾਰੇ ਚਿੰਤਾਵਾਂ; ਉਦਯੋਗਿਕ ਸਹਿਯੋਗ ਅਤੇ ਭਾਈਵਾਲੀ ਦੇ ਮੌਕੇ ਅਤੇ ਨਿਜੀ ਸੁਰੱਖਿਆ ਖੇਤਰ ਵਿੱਚ ਨਵੀਨਤਾਵਾਂ ਅਤੇ ਤਕਨਾਲੋਜੀ ਦਾ ਵਿਕਾਸ ਸ਼ਾਮਲ ਹਨ।

ਨਿੱਜੀ ਸੁਰੱਖਿਆ ਉਦਯੋਗ, ਕਾਨੂੰਨ ਲਾਗੂ ਕਰਨ ਵਾਲਿਆਂ ਅਤੇ ਸਰਕਾਰੀ ਏਜੰਸੀਆਂ ਦੇ ਮਾਹਿਰਾਂ ਨੇ ਚੁਣੌਤੀਆਂ ਅਤੇ ਬਿਹਤਰ ਅਭਿਆਸਾਂ ਦੀ ਪੜਚੋਲ ਕਰਦੇ ਹੋਏ ਆਪਣੀ-ਆਪਣੀ ਮੁਹਾਰਤ ਸਾਂਝੀ ਕੀਤੀ। ਇਹ ਪਹਿਲਕਦਮੀ ਪ੍ਰਾਈਵੇਟ ਸੁਰੱਖਿਆ ਸੈਕਟਰ ਨੂੰ ਨਿਯਮਤ ਅਤੇ ਉਤਸ਼ਾਹਿਤ ਕਰਨ ਲਈ ਪੰਜਾਬ ਪੁਲਿਸ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਬਜ਼ੁਰਗਾਂ ਤੇ ਦਿਵਿਆਂਗਜ਼ਨਾਂ ਦੀ ਭਲਾਈ ਕੀਤੀ ਵਿਸ਼ੇਸ਼ ਮੀਟਿੰਗ

**ਫ਼ਤਹਿਗੜ੍ਹ ਸਾਹਿਬ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬਜ਼ੁਰਗ ਨਾਗਰਿਕਾਂ ਅਤੇ ਦਿਵਿਆਂਗਜ਼ਨਾਂ ਦੀ ਭਲਾਈ ਲਈ ਰਾਈਟਸ ਆਫ ਪਰਸਨਜ ਵਿੱਦ ਡਿਸਏਬਿਲਟੀ ਐਕਟ -2016 ਅਤੇ ਨੈਸ਼ਨਲ ਟਰੱਸਟ ਐਕਟ-1999 ਅਧੀਨ ਬਣੀ ਜ਼ਿਲ੍ਹਾ ਪੱਧਰੀ ਕਮੇਟੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਮੀਟਿੰਗ ਦੌਰਾਨ ਬਜ਼ੁਰਗਾਂ ਤੇ ਦਿਵਿਅਜ਼ਗਨਾਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਹਾਸਲ ਕੀਤੀ।

ਡਾ. ਸੋਨਾ ਥਿੰਦ ਨੇ ਕਿਹਾ ਕਿ ਬਜ਼ੁਰਗ ਸਾਡੇ ਸਮਾਜ ਦਾ ਅਨਮੋਲ ਸਰਮਾਇਆ ਹਨ ਅਤੇ ਇਨ੍ਹਾਂ ਦੀ ਸੰਭਾਲ ਕਰਨੀ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਓਲਡ ਏਜ ਹੋਮਜ਼ ਵਿੱਚ ਰਹਿੰਦੇ ਬਜ਼ੁਰਗਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨੀਆ ਯਕੀਨੀ ਬਣਾਈਆਂ ਜਾਣ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਕਿਹਾ ਕਿ ਸਰਕਾਰੀ ਦਫ਼ਤਰਾਂ ਵਿੱਚ ਆਪਣੇ ਕੰਮਾਂ ਲਈ ਆਉਣ ਵਾਲੇ ਬਜ਼ੁਰਗਾਂ ਦੇ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਹਲ ਕੀਤਾ ਜਾਵੇ ਤੇ ਬਜ਼ੁਰਗਾਂ ਨੂੰ ਪੂਰਾ ਮਾਣ ਤੇ ਸਨਮਾਨ ਦਿੱਤਾ ਜਾਵੇ।

ਡਿਪਟੀ ਕਮਿਸ਼ਨਰ ਨੇ ਦਿਵਿਆਂਗਜ਼ਨਾਂ ਦੀ ਭਲਾਈ ਲਈ ਰਾਈਟਸ ਆਫ ਪਰਸਨਜ ਵਿੱਦ ਡਿਸਏਬਿਲਟੀ ਐਕਟ -2016 ਅਤੇ ਨੈਸ਼ਨਲ ਟਰੱਸਟ ਐਕਟ-1999 ਅਧੀਨ ਬਣੀ ਕਮੇਟੀ ਦੀ ਮੀਟਿੰਗ ਦੌਰਾਨ ਕਿਹਾ ਕਿ ਦਿਵਿਆਂਗਜ਼ਨਾਂ ਨੂੰ ਭਲਾਈ ਸਕੀਮਾਂ ਦਾ ਲਾਭ ਲੈਣ ਵਾਸਤੇ ਯੂ.ਡੀ.ਆਈ.ਡੀ. ਕਾਰਡ ਹੋਣੇ ਲਾਜ਼ਮੀ ਹਨ, ਇਸ ਲਈ ਜ਼ਿਲ੍ਹੇ ਨਾਲ ਸਬੰਧਤ ਦਿਵਿਆਂਗਜ਼ਨਾਂ ਦੇ ਯੂ.ਡੀ.ਆਈ.ਡੀ. ਕਾਰਡ ਬਣਾਉਣ ਵਿੱਚ ਹੋਰ ਵੀ ਤੇਜੀ ਲਿਆਂਦੀ ਜਾਵੇ।

ਡਾ. ਸੋਨਾ ਥਿੰਦ ਨੇ ਦੱਸਿਆ ਕਿ ਨੈਸ਼ਨਲ ਫਰੀਦਾਬਾਦ ਫਾਇਨਾਂਸ ਕਾਰਪੋਰੇਸ਼ਨ ਵੱਲੋਂ 40 ਫੀਸਦੀ ਤੋਂ ਵੱਧ ਅਪੰਗਤਾ ਵਾਲੇ ਦਿਵਿਆਂਗਜ਼ਨਾਂ ਨੂੰ ਸਵੈ ਰੋਜ਼ਗਾਰ ਸ਼ੁਰੂ ਕਰਨ ਲਈ 5 ਲੱਖ ਰੁਪਏ ਤੱਕ ਦਾ ਕਰਜ਼ਾ ਘੱਟ ਵਿਆਜ ਦਰ ਤੇ ਦਿੱਤਾ ਜਾਂਦਾ ਹੈ, ਉਸ ਬਾਰੇ ਦਿਵਿਆਂਗਜ਼ਨਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਦਿਵਿਆਂਗਜ਼ ਵਿਅਕਤੀ ਆਪਣਾ ਰੋਜ਼ਗਾਰ ਸ਼ੁਰੂ ਕਰਕੇ ਆਪਣਾ ਜੀਵਨ ਗੁਜ਼ਾਰਾ ਹੋਰ ਵੀ ਬਿਹਤਰ ਤਰੀਕੇ ਨਾਲ ਕਰ ਸਕਣ। ਮੀਟਿੰਗ ਵਿੱਚ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ. ਵਰਿੰਦਰ ਸਿੰਘ ਟਿਵਾਣਾ, ਜ਼ਿਲ੍ਹਾ ਅਟਾਰਨੀ ਸ. ਕੁਲਵਿੰਦਰ ਸਿੰਘ ਬਾਜਵਾ, ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਸ. ਹਰਭਜਨ ਸਿੰਘ ਮਹਿਮੀ, ਜ਼ਿਲ੍ਹਾ ਟੀਕਾਕਰਨ ਅਫਸਰ ਡਾ: ਰਾਜੇਸ਼, ਨਗਰ ਕੌਂਸਲ ਸਰਹਿੰਦ ਦੇ ਕਾਰਜ ਸਾਧਕ ਅਫਸਰ ਸ਼੍ਰੀ ਸੰਗੀਤ ਕੁਮਾਰ ਅਤੇ ਸਮਾਜ ਸੇਵੀ ਮਨਮੋਹਨ ਜਰਗਰ ਤੋਂ ਇਲਾਵਾ ਕਮੇਟੀ ਮੈਂਬਰ ਤੇ ਹੋਰ ਅਧਿਕਾਰੀ ਹਾਜਰ ਸਨ।

# ਡਿਪਟੀ ਕਮਿਸ਼ਨਰ ਨੇ ਜਾਗਰੂਕਤਾਂ ਵੈਨਾਂ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ



**ਸ੍ਰੀ ਮੁਕਤਸਰ ਸਾਹਿਬ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਰਾਜੇਸ਼ ਤ੍ਰਿਪਾਠੀ ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ ਨੇ ਝੋਨੇ ਦੀ ਪਰਾਲੀ ਦੀ ਸੁਚੱਜੀ ਸਾਂਭ ਸੰਭਾਲ ਲਈ ਅੱਜ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਜਾਗਰੂਕਤਾ ਵੈਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਇਹ ਜਾਗਰੂਕਤਾ ਵੈਨਾਂ ਬਲਾਕ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਅਤੇ ਲੰਬੀ ਦੇ ਸਾਰੇ ਪਿੰਡਾਂ ਵਿੱਚ ਪਹਿਲਾਂ ਤੋਂ ਤਿਆਰ ਕੀਤੇ ਗਏ ਪ੍ਰੋਗਰਾਮ ਅਨੁਸਾਰ ਦੌਰਾ ਕਰਨਗੀਆਂ ਅਤੇ ਸਪੀਕਰ ਰਾਹੀਂ ਹਰੇਕ ਪਿੰਡ ਵਿੱਚ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਅਤੇ ਇਸ ਦੇ ਸੁਚੱਜੇ ਪ੍ਰਬੰਧਾਂ ਬਾਬਤ ਕਿਸਾਨਾਂ ਨੂੰ ਜਾਗਰੂਕ ਕਰਨਗੀਆਂ।

ਇਸ ਮੌਕੇ ਬੋਲਦਿਆਂ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਆਪਾਂ ਸਾਰੇ, ਸਰਕਾਰ ਵੱਲੋ ਚਲਾਈ ਗਈ ਇਸ ਮੁਹਿੰਮ ਵਿੱਚ ਸ਼ਾਮਿਲ ਹੋ ਕੇ ਮਨੁੱਖੀ ਸਿਹਤ, ਭੂਮੀ ਸਿਹਤ ਨੂੰ ਬਰਕਰਾਰ ਰੱਖਣ ਅਤੇ ਵਾਤਾਵਰਣ ਨੂੰ ਪ੍ਰਦੂਸਿ ?ਤ ਹੋਣ ਤੋਂ ਬਚਾਉਣ ਲਈ ਆਪਣਾ ਵੱਡਮੁੱਲਾ ਯੋਗਦਾਨ ਪਾਈਏ।ਇਸ ਮੌਕੇ ਉਹਨਾਂ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਦਿਆਂ ਕਿਹਾ ਕਿ ਪਰਾਲੀ ਸਾੜਣ ਨਾਲ ਖੇਤਾਂ ਦੇ ਆਲੇ ਦੁਆਲੇ ਅਤੇ ਸੜਕਾਂ ਦੇ ਕਿਨਾਰਿਆਂ ਤੇ ਮੌਜੂਦ ਦਰਖਤ ਝੁਲਸ ਜਾਂਦੇ ਹਨ ਅਤੇ ਲਾਹੇਵੰਦ ਜੀਵ ਜੰਤੂਆ, ਮਿੱਤਰ ਕੀੜਿਆ ਅਤੇ ਸੂਖਮ ਜੀਵਾ ਤੇ ਵੀ ਮਾੜਾ ਅਸਰ ਪੈਦਾ ਹੈ।

ਜਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਸ੍ਰੀ ਗੁਰਨਾਮ ਸਿੰਘ ਨੇ ਵੀ ਕਿਸਾਨ ਨੂੰ ਅਪੀਲ ਕੀਤੀ ਕਿ ਉਹ ਆਪਣੇ ਮੋਬਾਇਲ ਫੋਨ ਵਿੱਚ ਉੱਨਤ ਕਿਸਾਨ ਐਪ ਡਾਊਨ ਲੋਡ ਕਰਕੇ ਆਪਣੇ-ਆਪਣੇ ਇਲਾਕੇ ਵਿੱਚ ਉਪਲੱਬਧ ਖੇਤੀ ਮਸ਼ੀਨਰੀ ਦੀ ਖੇਤਾਂ ਵਿੱਚ ਵੱਧ ਤੋ ਵੱਧ ਵਰਤੋਂ ਕਰਦੇ ਹੋਏ ਝੋਨੇ ਦੀ ਪਰਾਲੀ ਨੂੰ ਜਮੀਨ ਦੇ ਅੰਦਰ ਦਬਾ ਕੇ ਜਾਂ ਬਾਹਰ ਕੱਢ ਕੇ (ਗੱਠਾਂ ਬਣਾ ਕੇ) ਕਣਕ ਦੀ ਬਿਜਾਈ ਕਰਨ ਅਤੇ ਪਰਾਲੀ ਨੂੰ ਅੱਗ ਨਾ ਲਗਾਉਣ ।

ਇਸ ਮੌਕੇ ਉਨ੍ਹਾ ਨੇ ਦੱਸਿਆ ਕਿ ਇੱਕ ਏਕੜ ਰਕਬੇ ਵਿਚ ਲਗਭਗ 30 ਕੁਇੰਟਲ ਪਰਾਲੀ ਨਿਕਲਦੀ ਹੈ, 10 ਕੁਇੰਟਲ ਪਰਾਲੀ ਸਾੜਨ ਨਾਲ ਲਗਭਗ 400 ਕਿਲੋ ਜੈਵਿਕ ਕਾਰਬਨ, 5.5 ਕਿਲੋ ਨਾਈਟ੍ਰੋਜਨ, 2.3 ਕਿਲੋ ਫਾਸਫੋਰਸ,25 ਕਿਲੋ ਪੋਟਾਸੀਅਮ ਅਤੇ 1.2 ਕਿਲੋ ਗੰਧਕ ਦਾ ਨੁਕਸਾਨ ਹੋ ਜਾਦਾ ਹੈ। ਇਸ ਲਈ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਇਸ ਨੂੰ ਜਮੀਨ ਵਿੱਚ ਹੀ ਵਾਹਿਆ ਜਾਵੇ। ਇਸ ਮੌਕੇ ਸ੍ਰੀ ਗੁਰਪ੍ਰੀਤ ਸਿੰਘ ਥਿੰਦ ਵਧੀਕ ਡਿਪਟੀ ਕਮਿਸ਼ਨਰ (ਜ਼), ਸ੍ਰੀ ਸੁਰਿੰਦਰ ਸਿੰਘ ਢਿਲੋਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਸ੍ਰੀ ਕਰਨਜੀਤ ਸਿੰਘ (ਪੀ.ਡੀ.) ਆਤਮਾ, ਸ੍ਰੀ ਸ਼ਵਿੰਦਰ ਸਿੰਘ ਖੇਤੀਬਾੜੀ ਵਿਕਾਸ ਅਫਸਰ, ਸ੍ਰੀ ਹਰਮਨਜੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ ਵੀ ਮੌਜੂਦ ਸਨ।

# ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਵਿਚ ਸਭ ਕੁੱਝ ਸਥਿਰ : ਵਾਈਸ ਚੇਅਰਮੈਨ

**ਲੁਧਿਆਣਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਵਿਚ ਸਭ ਕੁੱਝ ਸਥਿਰ ਹੈ। ਬੀਤੇ ਦਿਨੀ ਜੋ ਵੀ ਅਫਵਾਹਾਂ ਪੰਜਾਬ ਦੀ ਰਾਜਨੀਤੀ ਵਿਚ ਉੱਡਦੀਆਂ ਰਹੀਆਂ ਓਹਨਾਂ ਦਾ ਕੋਈ ਆਧਾਰ ਨਹੀਂ ਹੈ।ਪ੍ਰਚੰਡ ਬਹੁਮਤ ਨਾਲ ਚੁਣੀ ਹੋਈ ਸਰਕਾਰ ਸਫਲ ਤਰੀਕੇ ਨਾਲ ਲੋਕ ਪੱਖੀ ਕੰਮ ਕਰ ਰਹੀ ਹੈ। ਦਿੱਲੀ ਅਤੇ ਪੰਜਾਬ ਦੋਵੇਂ ਰਾਜਾਂ ਵਿਚ ਆਮ ਆਦਮੀ ਦੀ ਵਿਚਾਰਧਾਰਾ ਵਾਲੀਆਂ ਸਰਕਾਰਾਂ ਦੇਸ਼ ਵਿੱਚ ਬਦਲ ਦੀ ਰਾਜਨੀਤੀ ਅਤੇ ਲੋਕ ਪੱਖੀ ਸਹੂਲਤਾਂ ਦੀ ਕਾਰਗੁਜ਼ਾਰੀ ਨਾਲ ਅੱਗੇ ਵੱਧ ਰਹੀਆਂ ਹਨ। ਛੋਟੇ ਵਕਫ਼ੇ ਵਿਚ ਰਾਸ਼ਟਰੀ ਪਾਰਟੀ ਦਾ ਦਰਜਾ ਹਾਸਿਲ ਕਰਨ ਕਰਕੇ ਵਿਰੋਧੀ ਦਲ ਬੌਖ਼ਲਾਹਟ ਵਿੱਚ ਆਧਾਰਹੀਣ ਬਿਆਨਬਾਜ਼ੀ ਕਰ ਰਹੇ ਹਨ। ਸ਼ਿਰੋਮਣੀ ਅਕਾਲੀ ਦਲ ਵੱਲੋਂ ਬਿਕਰਮ ਮਜੀਠੀਆ ਦਾ ਬਿਨਾਂ ਕਿਸੇ ਸੱਚ ਦੀ ਜਾਣਕਾਰੀ ਦੇ ਮਾਨਯੋਗ ਮੁੱਖ ਮੰਤਰੀ ਬਾਰੇ ਹਲਕੀ ਬਿਆਨਬਾਜ਼ੀ ਕਰਨਾ ਅਕਾਲੀ ਦਲ ਦੀ ਗੈਰ ਸੁਹਿਰਦ ਲੀਡਰਸ਼ਿਪ ਦਾ ਅੰਦਾਜ਼ਾ ਦੱਸਦੀ ਹੈ। ਮਜੀਠੀਆ ਨੇ ਬਿਨਾਂ ਮੁੱਖ ਮੰਤਰੀ ਦੀ ਸਿਹਤ ਖਰਾਬ ਹੋਣ ਦਾ ਅਸਲ ਕਾਰਣ ਜਾਣੇ ਹੋਛੀ ਟਿੱਪਣੀ ਕੀਤੀ ਅਤੇ ਲੋਕਾਂ ਨੂੰ ਗੁੰਮਰਾਹ ਕੀਤਾ ਜਦੋਂਕਿ ਅਕਾਲੀ ਦਲ ਖੁਦ ਖਾਨਾਜੰਗੀ ਦੇ ਦੌਰ ਵਿੱਚੋਂ ਲੰਘ ਰਿਹਾ ਹੈ ਅਤੇ ਕੇਵਲ ਡੇਢ ਵਿਧਾਇਕ ਵਾਲੀ ਪਾਰਟੀ ਬਣ ਕੇ ਰਿਹਾ ਗਿਆ ਹੈ। ਆਮ ਆਦਮੀ ਪਾਰਟੀ ਵੱਲੋ ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਡਾਕਟਰ ਸੰਦੀਪ ਪਾਠਕ ਰਾਸ਼ਟਰੀ ਪੱਧਰ ਅਤੇ ਸਰਦਾਰ ਭਗਵੰਤ ਸਿੰਘ ਮਾਨ ਬਤੌਰ ਮੁਖ ਮੰਤਰੀ ਪੰਜਾਬ ਦੇਸ਼ ਦੀ ਰਾਜਨੀਤੀ ਵਿਚ ਅਹਿਮ ਪੈੜਾਂ ਛੱਡ ਰਹੇ ਹਨ।

# ਮਨਾਇਆ ਗਿਆ ਪੋਸ਼ਨ ਮਹੀਨਾ

**ਫਾਜ਼ਿਲਕਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀਆਂ ਹਦਾਇਤਾ ਅਨੁਸਾਰ ਜਿਲਾ ਪ੍ਰੋਗਰਾਮ ਅਫਸਰ ਸ੍ਰੀਮਤੀ ਨਨਦੀਪ ਕੌਰ ਦੀ ਯੋਗ ਅਗਵਾਈ ਹੇਠ ਸੀ. ਡੀ.ਪੀ.ਓ ਫਾਜਿਲਕਾ ਦੇ ਅਧੀਨ ਆਉਂਦੇ ਪਿੰਡ ਆਗਣਵਾੜੀ ਸੈਂਟਰ ਬਹਿਕ ਖਾਸ ਵਿਖੇ ਪੋਸ਼ਣ ਮਹੀਨਾ ਮਨਾਇਆ ਗਿਆ। ਇਸ ਮੌਕੇ ਨਵ ਵਿਆਹੀਆਂ ਤੇ ਗਰਭਵਤੀ ਔਰਤਾ ਦੀ ਗੋਦ ਭਰਾਈ ਕਰਵਾਈ ਗਈ ।

# ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ 7 ਅਕਤੂਬਰ ਤੋਂ

**ਬਟਾਲਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਪੇਂਡੂ ਬੇਰੁਜਗਾਰ ਨੌਜਵਾਨ ਲੜਕੇ-ਲੜਕੀਆਂ,ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਕੋਰਸ ਵਾਸਤੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ, ਜਿਲਾ ਪ੍ਰਬੰਧਕੀ ਕੰਪਲੈਕਸ, ਬਲਾਕ-ਬੀ, ਚੌਥੀ ਮੰਜਿਲ, ਕਮਰਾ ਨੰ:508 ਵਿਖੇ 7 ਅਕਤੂਬਰ,2024 ਤੱਕ ਅਰਜੀਆਂ ਦੇ ਸਕਦੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ 7 ਅਕਤੂਬਰ, 2024 ਤੋ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ, ਵੇਰਕਾ (ਜਿਲਾ ਅੰਮ੍ਰਿਤਸਰ) ਵਿਖੇ ਕਰਵਾਈ ਜਾਣੀ ਹੈ।

ਇਸ ਸਿਖਲਾਈ ਕੋਰਸ ਵਿੱਚ ਜਿਲਾ ਗੁਰਦਾਸਪੁਰ ਨਾਲ ਸਬੰਧਤ ਬੇਰੁਜਗਾਰ ਨੌਜਵਾਨ ਲੜਕੇ-ਲੜਕੀਆਂ ਜ਼ੋ ਘੱਟੋ ਘੱਟ 5ਵੀਂ ਪਾਸ ਹੋਣ,ਉਮਰ 18 ਤੋਂ 55 ਸਾਲ ਦਰਮਿਆਨ ਹੋਵੇ,ਪੇਂਡੂ ਖੇਤਰ ਨਾਲ ਸਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ।

ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਤਾਂ ਨੂੰ ਵੱਖ ਵੱਖ ਬੈਂਕਾਂ ਤੋਂ ਡੇਅਰੀ ਕਰਜੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 ਫੀਸਦੀ ਜਨਰਲ ਅਤੇ 33 ਫੀਸਦੀ ਅ. ਜਾਤੀ ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ ।

ਚਾਹਵਾਨ ਲੜਕੇ/ਲੜਕੀਆਂ ਇਸ ਸਬੰਧੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ,ਗੁਰਦਾਸਪੁਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ ਫੋਟੋ ਅਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ।

ਵਧੇਰੇ ਜਾਣਕਾਰੀ ਲਈ ਫੋਨ ਨੰਬਰ 80548-00880, 75089-73471 ਅਤੇ 78888-50893 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਜ਼ਿਲ੍ਹਾ ਪੱਧਰੀ ਬਾਲ ਮੁਕਾਬਲੇ ਡੀ.ਏ.ਵੀ ਸੈਨਟਰੀ ਸਕੂਲ ਫਾਜ਼ਿਲਕਾ ਵਿਖੇ ਕਰਵਾਏ ਗਏ



**ਫਾਜ਼ਿਲਕਾ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿੱਚ 'ਨਵੀਆਂ ਕਲਮਾਂ ਨਵੀਂ ਉਡਾਨ' ਪ੍ਰੋਜੈਕਟ ਲਈ , ਸੁਖੀ ਬਾਠ ਸਰੀ ਕਨੇਡਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਸਿੱਖਿਆ ਅਫਸਰ ਸ਼੍ਰੀ ਬ੍ਰਿਜ ਮੋਹਨ ਬੇਦੀ , ਜ਼ਿਲ੍ਹਾ ਭਾਸ਼ਾ ਅਫਸਰ ਸ਼੍ਰੀ ਭਪਿੰਦਰ ਉਤਰੇਜਾ , ਨੋਡਲ ਇੰਚਾਰਜ ਸ਼੍ਰੀ ਵਿਜੇਪਾਲ ਦੀ ਰਹਿਨੁਮਾਈ ਹੇਠ ਮੁੱਖ ਸੰਪਾਦਕ ਸੋਨੀਆ ਬਜਾਜ ਦੀ ਅਗਵਾਈ ਵਿੱਚ ਜ਼ਿਲ੍ਹਾ ਪੱਧਰੀ ਬਾਲ ਮੁਕਾਬਲੇ ਐਸਕੇਬੀ ਡੀ.ਏ.ਵੀ ਸੈਨਟਰੀ ਸਕੂਲ ਪੈਂਚਾਂ ਵਾਲੀ ਫਾਜ਼ਿਲਕਾ ਵਿਖੇ ਕਰਵਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੰਪਾਦਕ ਨੇ ਦੱਸਿਆ ਕਿ ਇਹਨਾਂ ਬਾਲ ਮੁਕਾਬਲੇ ਵਿੱਚ ਫ਼ਾਜ਼ਿਲਕਾ ਜ਼ਿਲ੍ਹਾ ਦੇ ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ ਦੇ 54 ਵਿਦਿਆਰਥੀਆਂ ਨੇ ਭਾਗ ਲਿਆ ।

ਇਹਨਾਂ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਪ੍ਰਾਇਮਰੀ ਵਰਗ, ਮਿਡਲ ਵਰਗ ਅਤੇ ਸੈਕੰਡਰੀ ਤਿੰਨ ਵਰਗਾਂ ਦੇ ਵੱਖ ਵੱਖ ਵਿਦਿਆਰਥੀਆਂ ਨੇ ਕਵਿਤਾ ਉਚਾਰਨ, ਗੀਤ ,ਲੇਖ ਤੇ ਕਹਾਣੀ ਮੁਕਾਬਲੇ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਬੜੇ ਹੀ ਚਾਅ ਨਾਲ ਭਾਗ ਲਿਆ। ਜ਼ਿਲ੍ਹੇ ਦੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀ ਅਤੇ ਗਾਈਡ ਅਧਿਆਪਕ ਵਧਾਈ ਦੇ ਹੱਕਦਾਰ ਹਨ।

ਜਿਲ੍ਹਾ ਪੱਧਰੀ ਬਾਲ ਲੇਖਕ ਮੁਕਾਬਲਿਆ ਵਿੱਚ ਜਿਲਾ ਭਾਸ਼ਾ ਅਫਸਰ ਸ੍ਰੀ ਭੁਪਿੰਦਰ ਉਤਰੇਜਾ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਸੰਗਰੂਰ ਵਿਖੇ ਹੋਣ ਵਾਲੀ ਅੰਤਰਰਾਸ਼ਟਰੀ ਬਾਲ ਕਾਨਫਰੰਸ ਵਿੱਚ ਭਾਗ ਲੈਣ ਲਈ ਸ਼ੁਭ ਕਾਮਨਾਵਾਂ ਦਿੱਤੀਆਂ ◆ ਇਸ ਮੌਕੇ ਤੇ ਪ੍ਰਿੰਸੀਪਲ ਸ਼੍ਰੀ ਮਤੀ ਨੀਤੂ ਅਨੇਜਾ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਅੱਜ ਦੇ ਦੌਰ ਵਿੱਚ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕੀਤਾ ਜਾਣਾ ਜਰੂਰੀ ਹੈ । ਸਮਾਗਮ ਉਪਰੰਤ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। 'ਨਵੀਆਂ ਕਲਮਾਂ ਨਵੀਂ ਉਡਾਨ' ਟੀਮ ਫਾਜ਼ਿਲਕਾ ਵੱਲੋਂ ਪ੍ਰਿੰਸੀਪਲ ਨੀਤੂ ਅਨੇਜਾ , ਸ਼ਮਸ਼ੇਰ ਸਿੰਘ , ਜ਼ਿਲ੍ਹਾ ਭਾਸ਼ਾ ਅਫਸਰ ਫ਼ਾਜ਼ਿਲਕਾ ਭਪਿੰਦਰ ਉਤਰੇਜਾ , ਖੋਜ ਅਫ਼ਸਰ ਪਰਮਿੰਦਰ ਰੰਧਾਵਾ ,ਨੋਡਲ ਅਫ਼ਸਰ ਵਿਜੇਪਾਲ , ਸ਼੍ਰੀ ਮਤੀ ਮੀਨਾ ਮਹਿਰੋਕ , ਸੁਨੀਲ ਵਰਮਾ , ਸ਼ਮਸ਼ੇਰ ਸਿੰਘ, ਸੁਰਿੰਦਰ ਕੰਬੋਜ , ਵਨੀਤਾ ਕਟਾਰੀਆ , ਨੀਤੂ ਅਰੋੜਾ , ਮਨੀਸ਼ ਕੁਮਾਰ ਅਤੇ ਹੋਰ ਸਹਿਯੋਗੀ ਸਾਥੀਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ।

# ਸੌ-ਫੀਸਦੀ ਚੋਣ ਕੇਂਦਰਾਂ 'ਤੇ ਵੈਬਕਾਸਟਿੰਗ ਨਾਲ ਨਿਗਰਾਨੀ ਦੀ ਵਿਵਸਥਾ : ਮੁੱਖ ਚੋਣ ਅਧਿਕਾਰੀ ਪੰਕਜ ਅਗਰਵਾਲ

**ਚੰਡੀਗੜ੍ਹ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਪੰਕਜ ਅਗਰਵਾਲ ਨੇ ਕਿਹਾ ਕਿ ਸੂਬੇ ਦੇ ਚੋਣ ਕੇਂਦਰਾਂ 'ਤੇ ਵਹੀਲ ਚੇਅਰ ਹੋਣੀ ਚਾਹੀਦੀ ਹੈ ਤਾਂ ਜੋ ਦਿਵਆਂਗ ਵੋਟਰਾਂ ਨੂੰ ਕਿਸੇ ਵੀ ਤਰ੍ਹਾ ਦੀ ਸਮਸਿਆ ਨਾ ਹੋਵੇ।

ਇਸ ਤੋਂ ਇਲਾਵਾ, ਚੋਣ ਕੇਂਦਰਾਂ 'ਤੇ ਬਿਜਲੀ ਦੇ ਨਾਲ-ਨਾਲ ਪੀਣ ਦੇ ਪਾਣੀ ਅਤੇ ਲਾਇਨ ਲੰਬੀ ਹੋਣ 'ਤੇ ਬਜੁਰਗਾਂ , ਦਿਵਆਂਗ ਤੇ ਮਹਿਲਾ ਵੋਟਰਾਂ ਦੇ ਬੈਠਣ ਦਾ ਪ੍ਰਬੰਧ ਕੀਤਾ ਜਾਵੇ।ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਪੰਕਜ ਅਗਰਵਾਲ ਚੰਡੀਗੜ੍ਹ ਤੋਂ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਡਿਪਟੀ ਕਮਿਸ਼ਨਰ/ਜਿਲ੍ਹਾ ਚੋਣ ਅਧਿਕਾਰੀਆਂ ਦੇ ਨਾਲ ਹਰਿਆਣਾ ਵਿਧਾਨਸਭਾ ਆਮ ਚੋਣ 2024 ਦੇ ਸਬੰਧ ਨੂੰ ਲੈ ਕੇ ਸਮੀਖਿਆ ਮੀਟਿੰਗ ਕਰ ਰਹੇ ਸਨ।

ਸ੍ਰੀ ਪੰਕਜ ਅਗਰਵਾਲ ਨੇ ਸਾਰੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਦਿਵਆਂਗ ਤੇ 85 ਸਾਲ ਉਮਰ ਤੋਂ ਵੱਧ ਦੇ ਵੋਟਰਾਂ ਵੱਲੋਂ ਘਰ ਤੋਂ ਕੀਤੇ ਗਏ ਵੋਟ ਦੀ ਰਿਪੋਰਟ, ਸਰਵਿਸ ਵੋਟਰ ਦੇ ਪੋਸਟਲ ਬੈਲੇਟ ਦੀ ਰਿਪੋਰਟ ਅਤੇ ਚੋਣ ਡਿਊਟੀ 'ਤੇ ਲੱਗੇ ਕਰਮਚਾਰੀਆਂ ਦੇ ਪੋਸਟਲ ਵੋਟ ਦੀ ਰਿਪੋਰਟ ਰੋਜਾਨਾ ਮੁੱਖ ਦਫਤਰ ਨੂੰ ਭੇਜੀ ਜਾਵੇ। ਉਨ੍ਹਾਂ ਨੇ ਕਿਹਾ ਕਿ ਹੁਣ 3 ਦਿਨ ਦਾ ਸਮੇਂ ਵੋਟਿੰਗ ਲਈ ਬਾਕੀ ਹੈ ਇਸ ਲਈ ਵੋਟਰਾਂ ਨੂੰ ਵੱਧ ਤੋਂ ਵੱਧ ਵੋਟ ਕਰਨ ਲਈ ਜਾਗਰੁਕ ਵੀ ਕੀਤਾ ਜਾਵੇ। ਚੋਣ ਕੇਂਦਰ ਦੇ ਅੰਦਰ ਕੋਈ ਸ਼ਰਾਰਤੀ ਤੱਤ ਗਲਤੀ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦੇ ਖਿਲਾਫ ਕੀਤੀ ਜਾਵੇਗੀ ਸਖਤ ਕਾਨੂੰਨੀ ਕਾਰਵਾਈ

ਸ੍ਰੀ ਪੰਕਜ ਅਗਰਵਾਲ ਨੇ ਕਿਹਾ ਕਿ ਵਿਧਾਨਸਭਾ ਚੋਣ 2024 ਦੌਰਾਨ ਚੋਣ ਕੇਂਦਰਾਂ 'ਤੇ ਵੈਬਕਾਸਟਿੰਗ ਨਿਗਰਾਨੀ ਲਈ ਸੂਬੇ ਕੰਟਰੋਲ ਰੂਮ, ਜਿਲ੍ਹਾ ਕੰਟਰੋਲ ਰੂਮ ਤੇ ਵਿਧਾਨਸਭਾ ਦੇ ਕੰਟਰੋਲ ਰੂਮ ਬਣਾਏ ਗਏ ਹਨ। ਇਸ ਤੋਂ ਇਲਾਵਾ, ਭਾਰਤ ਚੋਣ ਕਮਿਸ਼ਨ ਵੱਲੋਂ ਵੀ ਵੈਬਕਾਸਟਿੰਗ ਵੱਲੋਂ ਨਿਗਰਾਨੀ ਕੀਤੀ ਜਾਵੇਗੀ। ਕਿਸੇ ਵੀ ਚੋਣ ਕੇਂਦਰ 'ਤੇ ਵੋਟਿੰਗ ਦੇ ਦਿਨ ਪੋਲਿੰਗ ਏਜੰਟ ਪੋਲਿੰਗ ਸਟੇਸ਼ਨ ਵਿਚ ਸਿਰਫ ਉਹੀ ਗਤੀਵਿਧੀ ਕਰਣਗੇ ਜਿਨ੍ਹਾਂ ਦੀ ਉਨ੍ਹਾਂ ਨੂੰ ਮੰਜੂਰੀ ਹੈ। ਇਸ ਤੋਂ ਇਲਾਵਾ, ਜੇਕਰ ਉਹ ਕੁੱਝ ਵੀ ਗਲਤ ਕਰਦੇ ਪਾਏ ਜਾਂਦੇ ਹਨ ਤਾਂ ਉਨ੍ਹਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਬਾਰੇ ਵਿਸਤਾਰ ਹਿਦਾਇਤਾਂ ਜਾਰੀ ਕੀਤੀ ਜਾ ਚੁੱਕੀ ਹੈ। ਵੋਟਿੰਗ ਦੇ ਦਿਨ ਉਮੀਦਵਾਰਾਂ ਤੇ ਰਾਜਨੀਤਕ ਪਾਰਟੀਆਂ ਵੱਲੋਂ ਦਿੱਤੀ ਗਈ ਸ਼ਿਕਾਇਤਾਂ ਦੀ ਸੁਣਵਾਈ ਲਈ ਵੱਖ ਤੋਂ ਨੋਡਲ ਅਧਿਕਾਰੀ ਨਿਯੁਕਤ ਕੀਤਾ ਜਾਵੇ।

ਸ੍ਰੀ ਪੰਕਜ ਅਗਰਵਾਲ ਨੇ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਸੂਬੇ ਵਿਚ 5 ਅਕਤੂਬਰ ਨੂੰ ਵਿਧਾਨਸਭਾ ਲਈ ਵੋਟਿੰਗ ਹੋਣੀ ਹੈ ਇਸ ਦੇ ਮੱਦੇਨਜਰ ਅਵੈਧ ਸ਼ਰਾਬ, ਨਸ਼ੀਲੇ ਪਦਾਰਥ, ਨਗਦੀ ਅਤੇ ਅਵੈਧ ਹਥਿਆਰ ਆਦਿ ਨੂੰ ਰੋਕਨ ਲਈ ਨਾਕਿਆਂ 'ਤੇ ਹੋਰ ਵੱਧ ਚੌਕਸੀ ਵਰਤੀ ਜਾਵੇ। ਇਸ ਤੋਂ ਇਲਾਵਾ, ਜਿਲ੍ਹਿਆਂ ਵਿਚ ਗਠਨ ਨਿਗਰਾਨੀ ਟੀਮਾਂ ਨੂੰ ਹੋਰ ਵੱਧ ਸਰਗਰਮ ਕੀਤਾ ਜਾਵੇ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਵੋਟਿੰਗ ਤੋਂ ਪਹਿਲਾਂ ਚੋਣ ਕੇਂਦਰਾਂ ਤਕ ਅਤੇ ਵੋਟਿੰਗ ਦੇ ਬਾਅਦ ਚੋਣ ਕੇਂਦਰਾਂ ਤੋਂ ਈਵੀਐਮ ਨੂੰ ਪੁਖਤਾ ਸੁਰੱਖਿਆ ਪ੍ਰਬੰਧਾਂ ਦੇ ਨਾਲ ਸਟ੍ਰਾਂਗ ਰੂਮ ਵਿਚ ਰੱਖਵਾਇਆ ਜਾਵੇ। ਇਸ ਤੋਂ ਇਲਾਵਾ, ਈਵੀਐਮ ਲੈ ਜਾਣ ਵਾਲੇ ਵਾਹਨ ਨੂੰ ਰਸਤੇ ਵਿਚ ਹੋਰ ਕਿਸੇ ਵੀ ਸਥਾਨ 'ਤੇ ਨਾ ਰੋਕਿਆ ਜਾਵੇ। ਸੁਰੱਖਿਆ ਦੇ ਮੱਦੇਨਜਰ ਈਵੀਐਮ ਨੂੰ ਲਿਆਉਣ ਤੇ ਲੈ ਜਾਣ ਵਾਲੇ ਵਾਹਨਾਂ 'ਤੇ ਜੀਪੀਐਸ ਲੱਗੇ ਹੋਣੇ ਚਾਹੀਦੇ ਹਨ।

ਸ੍ਰੀ ਪੰਕਜ ਅਗਰਵਾਲ ਨੇ ਨਿਰਦੇਸ਼ ਦਿੱਤੇ ਕਿ ਚੋਣ ਕੇਂਦਰ ਦੇ ਅੰਦਰ ਚੋਣ ਡਿਊਟੀ 'ਤੇ ਤੈਨਾਤ ਮਹਿਲਾ ਕਰਮਚਾਰੀਆਂ ਦੇ ਪਤੀ ਚੋਣ ਕੇਂਦਰ ਦੇ ਅੰਦਰ ਨਹੀਂ ਬੈਠ ਸਕਣਗੇ। ਇਸੀ ਤਰ੍ਹਾ ਨਾਲ ਮਹਿਲਾ ਵੋਟਰ ਵੱਲੋਂ ਜਦੋਂ ਵੋਟਿੰਗ ਕੀਤੀ ਜਾਵੇ ਤਾਂ ਚੋਣ ਲਈ ਉਸ ਦੇ ਪ੍ਰਤੀ ਨੂੰ ਚੋਣ ਕੰਪਾਰਟਮੈਂਟ ਵਿਚ ਜਾਣ ਦੀ ਬਿਲਕੁੱਲ ਮੰਜੂਹੀ ਨਹੀਂ ਹੋਵੇਗੀ ਅਤੇ ਅਜਿਹਾ ਕਰਨਾ ਗੈਰ ਕਾਨੂੰਨੀ ਹੋਵੇਗਾ। ਅਜਿਹਾ ਕਰਨ 'ਤੇ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

# ਕਿਸੇ ਵੀ ਕਿਸਾਨ ਨੂੰ ਕੋਈ ਦਿੱਕਤ ਪੇਸ਼ ਨਹੀਂ ਆਵੇਗੀ: ਲਾਲ ਚੰਦ ਕਟਾਰੂਚਕ



**ਚੰਡੀਗੜ੍ਹ, 5 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦਾ ਕਿਸਾਨ ਸ. ਗੁਰਜੰਟ ਸਿੰਘ ਰਾਜਪੁਰਾ ਸਾਉਣੀ ਸੀਜ਼ਨ 2024-25 ਦੌਰਾਨ ਘੱਟੋ-ਘੱਟ ਸਮਰਥਨ ਮੁੱਲ 'ਤੇ ਝੋਨੇ ਦੀ ਅਦਾਇਗੀ ਹਾਸਲ ਕਰਨ ਵਾਲਾ ਸੂਬੇ ਦਾ ਪਹਿਲਾ ਕਿਸਾਨ ਬਣ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਰਾਜਪੁਰਾ ਨਾਲ ਸਬੰਧਤ ਕਿਸਾਨ ਸ. ਗੁਰਜੰਟ ਸਿੰਘ, ਅੱਜ ਰਾਜਪੁਰਾ ਮੰਡੀ ਵਿੱਚ 58.5 ਕੁਇੰਟਲ ਝੋਨਾ ਲੈ ਕੇ ਆਏ ਸਨ ਅਤੇ ਖਰੀਦ ਦੇ ਪਹਿਲੇ ਦਿਨ ਭਾਵ 1 ਅਕਤੂਬਰ ਨੂੰ ਹੀ ਫ਼ਸਲ ਨੂੰ ਝਾਰਨ ਉਪਰੰਤ ਇਸਦੀ ਖਰੀਦ ਕਰ ਲਈ ਗਈ।

ਉਨ੍ਹਾਂ ਅੱਗੇ ਕਿਹਾ ਕਿ ਖਰੀਦ ਦੇ 4 ਘੰਟਿਆਂ ਦੇ ਅੰਦਰ ਵਿਭਾਗ ਨੇ ਕਿਸਾਨ ਦੀ ਅਦਾਇਗੀ ਜੋ ਕਿ 1.357 ਲੱਖ (1,35,720/-) ਰੁਪਏ ਬਣਦੀ ਸੀ, ਸਿੱਧੇ ਉਸਦੇ ਬੈਂਕ ਖਾਤੇ ਵਿੱਚ ਟਰਾਂਸਫਰ ਕਰ ਦਿੱਤੀ। ਉਨ੍ਹਾਂ ਅੱਗੇ ਦੱਸਿਆ ਕਿ ਅੱਜ ਸੂਬੇ ਦੀਆਂ ਵੱਖ-ਵੱਖ ਮੰਡੀਆਂ ਵਿੱਚ ਸਰਕਾਰੀ ਏਜੰਸੀਆਂ ਵੱਲੋਂ ਘੱਟੋ-ਘੱਟ ਸਮਰਥਨ ਮੁੱਲ 'ਤੇ 703 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ।

ਟਰਾਂਸਪੋਰਟ ਅਤੇ ਲੇਬਰ ਦੇ ਪ੍ਰਬੰਧਾਂ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਲੇਬਰ ਅਤੇ ਟਰਾਂਸਪੋਰਟ ਦੇ ਸਾਰੇ ਠੇਕੇ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਝੋਨੇ ਦੀ ਖਰੀਦ ਲਈ ਸਾਰੇ ਪ੍ਰਬੰਧ ਮੁਕੰਮਲ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਚੰਗੀ ਤਰ੍ਹਾਂ ਪੱਕੀ ਅਤੇ ਸੁੱਕੀ ਫ਼ਸਲ ਦੀ ਹੀ ਵਾਢੀ ਕਰਨ ਤਾਂ ਜੋ ਨਮੀ ਨਿਰਧਾਰਤ ਸੀਮਾ ਦੇ ਅੰਦਰ ਹੋਵੇ ਅਤੇ ਮੰਡੀਆਂ ਵਿੱਚ ਲਿਆਉਂਦੇ ਸਾਰ ਹੀ ਉਨ੍ਹਾਂ ਦੀ ਫ਼ਸਲ ਦੀ ਖਰੀਦ ਹੋ ਜਾਵੇ।

ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਦਾਣਾ-ਦਾਣਾ ਖਰੀਦਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

# ਪੰਚਾਇਤੀ ਚੋਣਾਂ ਨੂੰ ਲੈ ਕੇ 'ਆਪ' ਨੇ ਚੋਣ ਕਮਿਸ਼ਨ ਨੂੰ ਕੀਤੀ ਸ਼ਿਕਾਇਤ

ਚੰਡੀਗੜ੍ਹ 5 ਅਕਤੂਬਰ। ਅੱਜ ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਵੱਲੋਂ ਚੋਣ ਕਮਿਸ਼ਨ ਨੂੰ ਪੰਚਾਇਤੀ ਚੋਣਾਂ ਵਿਚ ਕੁਝ ਥਾਵਾਂ 'ਤੇ ਸਰਪੰਚੀ ਦੀ ਬੋਲੀ ਲਗਾਏ ਜਾਣ ਦੀਆਂ ਘਟਨਾਵਾਂ ਦੀ ਜਾਂਚ ਕਰਨ ਅਤੇ ਦੋਸ਼ੀਆਂ ਖਿ਼ਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਗਈ। ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਦਾ ਵਫਦ ਰਾਜ ਚੋਣ ਕਮਿਸ਼ਨ ਨੂੰ ਮਿਲਿਆ। ਚੋਣ ਕਮਿਸ਼ਨ ਨੂੰ ਮੰਗ ਪੱਤਰ ਸੌਂਪਣ ਮਗਰੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਨੂੰ ਸੋਸ਼ਲ ਮੀਡੀਆ ਰਾਹੀਂ ਪਤਾ ਲੱਗਿਆ ਕਿ ਕੁਝ ਲੋਕ ਪੈਸੇ ਦੇ ਜੋਰ 'ਤੇ ਪੰਚੀ-ਸਰਪੰਚੀ ਖਰੀਦਣੀ ਚਾਹੁੰਦੇ ਹਨ। ਉਂਝ ਤਾਂ ਅਜਿਹੀਆਂ ਇੱਕਾ-ਦੁੱਕਾ ਘਟਨਾਵਾਂ ਹੀ ਸਾਹਮਣੇ ਆਈਆਂ ਹਨ, ਪਰ ਲੋਕਤੰਤਰ ਵਿਚ ਅਜਿਹਾ ਬਿਲਕੁੱਲ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਸੀਂ ਮੰਗ ਕੀਤੀ ਹੈ ਕਿ ਇਨ੍ਹਾਂ ਮਾਮਲਿਆਂ ਦੀ ਤੁਰੰਤ ਜਾਂਚ ਕਰਵਾਈ ਜਾਵੇ ਤੇ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿਚ ਅਜਿਹੀਆਂ



ਘਟਨਾਵਾਂ ਦੀ ਕੋਈ ਥਾਂ ਨਹੀਂ ਹੈ। ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਾਫ ਸੁਥਰੀ ਅਤੇ ਪਾਰਦਰਸ਼ੀ ਚੋਣ ਚਾਹੁੰਦੀ ਹੈ, ਇਸ ਲਈ ਅਸੀਂ ਅਜਿਹੀਆਂ ਘਟਨਾਵਾਂ ਦੇ ਖਿ਼ਲਾਫ ਹਾਂ। ਉਨ੍ਹਾਂ ਕਿਹਾ ਕਿ ਅਸੀਂ ਮੰਗ ਕੀਤੀ ਹੈ ਕਿ ਚੋਣ ਜਾਬਤੇ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਜਿਹੜੇ ਯੋਗ ਵਿਅਕਤੀ ਨੇ ਉਨ੍ਹਾਂ ਨੂੰ ਸਮੇਂ ਸਿਰ ਜਾਰੀ ਹੋਵੇ ਤੇ ਕਾਗਜਾਂ ਵਿਚ ਕੋਈ ਦਿੱਕਤ ਨਾ ਆਵੇ। ਇਸ ਦੇ ਨਾਲ ਹੀ ਸੰਵੇਦਨਸ਼ੀਲ ਬੂਥਾਂ ਅਤੇ ਵੋਟਾਂ ਦੀ ਗਿਣਤੀ ਵੇਲੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਜਾਣ। ਇਸ ਦੇ ਨਾਲ ਵੋਟਰਾਂ ਲਈ ਜਾਗਰੂਕਤਾ ਮੁਹਿੰਮ ਚਲਾਉਣ ਦੀ ਵੀ ਅਪੀਲ ਕੀਤੀ ਗਈ ਹੈ। ਵਿੱਤ ਮੰਤਰੀ ਨੇ ਕਿਹਾ ਕਿ ਸਾਨੂੰ ਭਰੋਸਾ ਦੁਆਇਆ ਗਿਆ ਹੈ ਕਿ ਉਕਤ ਮਾਮਲਿਆਂ ਸਬੰਧੀ ਜਾਂਚ ਮਗਰੋਂ ਬਣਦੀ ਕਾਰਵਾਈ ਕੀਤੀ ਜਾਵੇਗੀ। ਸੁਰੱਖਿਆ ਨੂੰ ਲੈ ਕੇ ਪੰਜਾਬ ਦੇ ਡੀ.ਜੀ.ਪੀ. ਨਾਲ ਮੀਟਿੰਗ ਕਰ ਕੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

## ਬਦਲਾਪੁਰ ਰੇਪ ਮਾਮਲੇ 'ਚ ਪੁਲਸ ਦੀ ਕਾਰਵਾਈ; ਪਹਿਲਾਂ ਅਕਸੇ ਦਾ ਐਨਕਾਊਂਟਰ, ਹੁਣ ਦੋਵੇਂ ਟਰੱਸਟੀ ਗ੍ਰਿਫਤਾਰ

ਨੈਸ਼ਨਲ ਡੈਸਕ 5 ਅਕਤੂਬਰ। ਮਹਾਰਾਸਟਰ ਪੁਲਸ ਨੇ ਬਦਲਾਪੁਰ ਮਾਮਲੇ 'ਚ ਸਹਿ-ਦੋਸੀ ਤੁਸਾਰ ਆਪਟੇ ਅਤੇ ਉਦੈ ਕੋਤਵਾਲ ਨੂੰ ਗ੍ਰਿਫਤਾਰ ਕਰ ਲਿਆ ਹੈ। ਮਾਮਲਾ ਵਧਣ ਤੋਂ ਬਾਅਦ ਦੋਵੇਂ ਮੁਲਜਮ ਫਰਾਰ ਸਨ। ਪਿਛਲੇ ਸਾਲ 12 ਅਗਸਤ ਨੂੰ ਬਦਲਾਪੁਰ ਦੇ ਇੱਕ ਸਕੂਲ ਵਿੱਚ ਦੋ ਨਾਬਾਲਗ ਲੜਕੀਆਂ ਦੇ ਜਿਨਸੀ ਸੋਸਣ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਮਾਮਲੇ ਦਾ ਜਦੋਂ ਲੜਕੀਆਂ ਦੇ ਪਰਿਵਾਰਕ ਮੈਂਬਰਾਂ ਅਤੇ ਸਥਾਨਕ ਲੋਕਾਂ ਨੂੰ ਪਤਾ ਲੱਗਾ ਤਾਂ ਉਹ ਸੜਕਾਂ 'ਤੇ ਆ ਗਏ ਅਤੇ ਪ੍ਰਦਰਸਨ ਕਰਨਾ ਸੁਰੂ ਕਰ ਦਿੱਤਾ। ਉਦੋਂ ਤੋਂ ਤੁਸਾਰ ਆਪਟੇ ਅਤੇ ਸਕੂਲ ਟਰੱਸਟੀ ਉਦੈ ਕੋਤਵਾਲ ਫਰਾਰ ਸਨ। ਹੁਣ ਦੋਵਾਂ ਨੂੰ ਪੁਲਸ ਨੇ ਗ੍ਰਿਫਤਾਰ



ਕਰ ਲਿਆ ਹੈ। ਇਸ ਮਾਮਲੇ ਦੇ ਮੁੱਖ ਮੁਲਜਮ ਅਕਸੈ ਸਿ਼ਦੇ ਦੇ ਐਨਕਾਊਂਟਰ ਤੋਂ ਬਾਅਦ ਵਿਰੋਧੀ ਧਿਰ ਨੇ ਇਨ੍ਹਾਂ ਦੋਵਾਂ ਮੁਲਜਮਾਂ ਦੇ ਫਰਾਰ ਹੋਣ 'ਤੇ ਨਿਸਾਨਾ ਸਾਧਿਆ ਸੀ। ਇਨ੍ਹਾਂ ਦੋਵਾਂ ਮੁਲਜਮਾਂ ਦੇ ਫਰਾਰ ਹੋਣ ਤੋਂ ਬਾਅਦ ਵਿਰੋਧੀ ਧਿਰ ਨੇ ਸੂਬੇ ਦੀ ਸਿ਼ਦੇ ਸਰਕਾਰ ਦੀ ਆਲੋਚਨਾ ਕੀਤੀ ਸੀ। ਆਖਰ ਡੇਢ ਮਹੀਨੇ ਬਾਅਦ ਪੁਲਸ ਇਨ੍ਹਾਂ ਮੁਲਜਮਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲ ਹੋ ਗਈ। ਮਾਮਲੇ ਦੀ ਜਾਂਚ ਕਰ ਰਹੀ ਐਸ.ਆਈ.ਟੀ. ਟੀਮ ਨੇ ਹੁਣੇ ਹੀ ਮੁਲਜਮਾਂ ਨੂੰ ਆਪਣੀ ਹਿਰਾਸਤ ਵਿੱਚ ਲੈ ਲਿਆ ਹੈ। ਇਹ ਦੋਵੇਂ ਦੋਸੀ ਸਕੂਲ ਦੇ ਸਕੱਤਰ ਅਤੇ ਟਰੱਸਟੀ ਹਨ। ਘਟਨਾ ਤੋਂ ਬਾਅਦ ਸਬੰਧਤ ਸਕੂਲ ਦੇ ਟਰੱਸਟੀ ਉਦੈ ਕੋਤਵਾਲ ਅਤੇ ਸਕੱਤਰ ਤੁਸਾਰ ਆਪਟੇ ਖਿ਼ਲਾਫ ਕੇਸ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ ਦੋਵੇਂ ਫਰਾਰ ਹੋ ਗਏ। ਐੱਸ.ਆਈ.ਟੀ., ਠਾਣੇ ਕ੍ਰਾਈਮ ਬ੍ਰਾਂਚ ਅਤੇ ਭਿਵੰਡੀ ਕ੍ਰਾਈਮ ਬ੍ਰਾਂਚ ਦੀ ਟੀਮ ਇਨ੍ਹਾਂ ਦੋਹਾਂ ਦੋਸੀਆਂ ਦੀ ਭਾਲ ਕਰ ਰਹੀ ਸੀ, ਪਰ ਉਨ੍ਹਾਂ ਦਾ ਕੋਈ ਸੁਰਾਗ ਨਹੀਂ ਮਿਲਿਆ। ਦੂਜੇ ਪਾਸੇ ਦੋਵਾਂ ਮੁਲਜਮਾਂ ਵੱਲੋਂ ਗ੍ਰਿਫਤਾਰੀ ਤੋਂ ਪਹਿਲਾਂ ਹੀ ਅਗਾਊਂ ਜਮਾਨਤ ਲਈ ਅਰਜੀ ਦਿੱਤੀ ਗਈ ਸੀ ਪਰ ਅਦਾਲਤ ਨੇ ਉਨ੍ਹਾਂ ਦੀ ਅਰਜੀ ਰੱਦ ਕਰ ਦਿੱਤੀ ਸੀ।

## ਪੰਚਾਇਤੀ ਚੋਣਾਂ ਦੇ ਮੱਦੇਨਜਰ ਅਮਨ ਸਾਂਤੀ ਕਾਇਮ ਰੱਖਣ ਲਈ ਪੁਲਸ ਵੱਲੋਂ ਕੱਢਿਆ ਗਿਆ ਫਲੈਗ ਮਾਰਚ

ਦੀਨਾਨਗਰ 5 ਅਕਤੂਬਰ। ਆਉਣ ਵਾਲੇ ਦਿਨਾਂ ਵਿੱਚ ਪੰਚਾਇਤੀ ਚੋਣਾਂ ਦੇ ਮੱਦੇ ਨਜਰ ਖੇਤਰ 'ਚ ਅਮਨ ਸਾਂਤੀ ਕਾਇਮ ਰੱਖਣ ਤੇ ਚੋਣਾ ਸਾਂਤੀਪੂਰਵਕ ਕਰਵਾਉਣ ਸਬੰਧੀ ਐੱਸ. ਐੱਸ. ਪੀ. ਹਰੀਸ ਕੁਮਾਰ ਦਾਯਮਾ ਦੇ ਦਿਸਾ ਨਿਰਦੇਸਾਂ ਤਹਿਤ ਐੱਸ. ਪੀ. ਡੀ. ਬਲਵਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਇਲਾਕੇ ਅੰਦਰ ਫਲੈਗ ਮਾਰਚ ਕੱਢਿਆ ਗਿਆ । ਫਲੈਗ ਮਾਰਚ ਪੁਲਸ ਥਾਣਾ ਦੀਨਾਨਗਰ ਤੋਂ ਸੁਰੂ ਹੋ ਕੇ ਸਹਿਰ ਦੇ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਪੁਲਸ ਥਾਣਾ ਵਿਖੇ ਸੰਪੰਨ ਹੋਇਆ । ਇਸ ਮੌਕੇ 'ਤੇ ਐੱਸ.ਪੀ. ਡੀ. ਬਲਵਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਫਲੈਗ ਮਾਰਚ ਪੰਚਾਇਤੀ ਚੋਣਾਂ ਨੂੰ ਅਮਨ ਸਾਂਤੀ ਨਾਲ ਕਰਵਾਉਣ ਤੇ ਸਰਾਰਤੀ ਅਨਸਰਾਂ 'ਤੇ ਨਕੇਲ ਕੱਸਣ ਸਣੇ ਲੋਕਾਂ ਨੂੰ ਬਿਨਾਂ ਕਿਸੇ ਡਰ ਭੈਅ ਦੇ ਚੋਣਾਂ 'ਚ ਹਿੱਸਾ ਲੈਣ ਸਬੰਧੀ ਫਲੈਗ ਮਾਰਚ ਕੱਢਿਆ ਗਿਆ ਹੈ।

# ਸਿੱਖ ਆਗੂ ਨੇ ਪੰਜਾਬ ਲਈ 'ਮੁਫਤ ਨਿਵੇਸ ਜੋਨ' ਅਤੇ ਆਨੰਦਪੁਰ ਸਾਹਿਬ 'ਚ ਮਿਲਟਰੀ ਅਕੈਡਮੀ ਦੀ ਕੀਤੀ ਮੰਗ

**ਸਰਦੂਲ ਸਿੰਘ**

ਵਾਸਿੰਗਟਨ 5 ਅਕਤੂਬਰ। ਹਾਲ ਹੀ ਵਿੱਚ ਇੱਕ ਸਿੱਖ ਆਗੂ ਨੇ ਪੰਜਾਬ ਲਈ 'ਮੁਫਤ ਨਿਵੇਸ ਜੋਨ' ਦੀ ਸਥਾਪਨਾ ਦੀ ਮੰਗ ਕੀਤੀ ਹੈ ਤਾਂ ਜੋ ਸੂਬੇ ਵਿੱਚ ਆਰਥਿਕ ਵਿਕਾਸ ਨੂੰ ਵਧਾਵਾ ਮਿਲ ਸਕੇ ਅਤੇ ਉਦਯੋਗਿਕ ਅਤੇ ਵਪਾਰਕ ਗਤੀਵਿਧੀਆਂ ਨੂੰ ਉਤਸਾਹਿਤ ਕੀਤਾ ਜਾ ਸਕੇ। ਇਸ ਤੋਂ ਇਲਾਵਾ ਉਨ੍ਹਾਂ ਨੇ ਆਨੰਦਪੁਰ ਸਾਹਿਬ ਵਿਖੇ ਮਿਲਟਰੀ ਅਕੈਡਮੀ ਸਥਾਪਤ ਕਰਨ ਦਾ ਵੀ ਪ੍ਰਸਤਾਵ ਰੱਖਿਆ ਹੈ। ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕਿਹਾ,"ਪੰਜਾਬ ਭਾਰਤ ਦਾ ਇੱਕ ਬਹੁਤ ਮਹੱਤਵਪੂਰਨ ਹਿੱਸਾ ਹੈ। ਜੇਕਰ ਪੰਜਾਬ ਖੁਸਹਾਲ ਹੁੰਦਾ ਹੈ, ਤਾਂ ਭਾਰਤ ਖੁਸਹਾਲ ਹੋਵੇਗਾ ਪਰ ਇਸ ਦੇ ਉਲਟ ਬਦਕਿਸਮਤੀ ਨਾਲ ਪੰਜਾਬ 80 ਅਤੇ 90 ਦੇ ਦਹਾਕੇ ਵਿੱਚ ਖਾੜਕੂਵਾਦ ਅਤੇ ਕੱਟੜਵਾਦ ਕਾਰਨ ਇੱਕ ਮੁਸਕਲ ਦੌਰ ਵਿੱਚੋਂ ਗੁਜਰਿਆ। ਇਸ ਨੂੰ ਬਹੁਤ ਕੁਝ ਸਹਿਣ ਕੀਤਾ, ਜਿਸ ਵਿਚ ਸਿੱਖਾਂ ਦੀ ਇਕ ਪੀੜ੍ਹੀ ਦਾ ਨੁਕਸਾਨ ਵੀ ਸ਼ਾਮਲ ਹੈ। ਅੱਜ ਵੀ ਪੰਜਾਬ 1984 ਦੀਆਂ ਘਟਨਾਵਾਂ ਦੇ ਨਤੀਜੇ ਭੁਗਤ ਰਿਹਾ ਹੈ।" ਜੱਸੀ ਨੇ ਪੀਟੀਆਈ ਨੂੰ ਦੱਸਿਆ,"ਅਸੀਂ ਪ੍ਰਧਾਨ ਮੰਤਰੀ (ਨਰਿੰਦਰ ਮੋਦੀ) ਨੂੰ ਪੰਜਾਬ ਨੂੰ ਇੱਕ ਇੰਟਰਪ੍ਰਾਈਜ ਜੋਨ ਬਣਾਉਣ, ਇਸਨੂੰ ਇੱਕ ਮੁਫਤ ਨਿਵੇਸ ਜੋਨ ਬਣਾਉਣ, ਕਾਰੋਬਾਰਾਂ ਨੂੰ ਪ੍ਰੋਤਸਾਹਨ ਦੇਣ ਅਤੇ ਆਨੰਦਪੁਰ ਸਾਹਿਬ ਵਿੱਚ ਇੱਕ ਮਿਲਟਰੀ ਅਕੈਡਮੀ ਬਣਾਉਣ ਦੀ ਬੇਨਤੀ ਕਰਨਾ ਚਾਹੁੰਦੇ ਹਾਂ।" ਮੌਕਿਆਂ ਦੀ ਅਣਹੋਂਦ ਵਿੱਚ ਪੰਜਾਬ ਦੇ ਨੌਜਵਾਨ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਅਤੇ ਕੈਨੇਡਾ ਜਾਣ ਲਈ ਵੱਡੀ ਮਾਤਰਾ ਵਿੱਚ ਪੈਸਾ ਖਰਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਪੰਜਾਬ ਵਿੱਚ ਹੀ ਕਾਰੋਬਾਰ ਦੇ ਮੌਕੇ ਦਿੱਤੇ ਜਾਣ। ਜੱਸੀ, ਜਿਸ ਨੇ ਹਾਲ ਹੀ ਵਿੱਚ ਇੱਕ ਸਿੱਖ ਵਫਦ ਸਮੇਤ ਨਿਊਯਾਰਕ ਵਿੱਚ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਸੀ, ਨੇ ਸਿੱਖ ਭਾਈਚਾਰੇ ਦੀ ਭਲਾਈ ਅਤੇ ਤਰੱਕੀ ਲਈ ਕੀਤੇ ਕੰਮ ਲਈ ਉਨ੍ਹਾਂ ਦਾ ਧੰਨਵਾਦ ਕੀਤਾ।ਹੇਠਾਂ ਅਸੀਂ ਇਨ੍ਹਾਂ ਦੋਵਾਂ ਪ੍ਰਸਤਾਵਾਂ ਬਾਰੇ ਵਿਸਥਾਰ ਵਿੱਚ ਚਰਚਾ ਕਰਨ ਜਾ ਰਹੇ ਹਾਂ- ਇਸ ਮੰਗ ਦਾ ਮੁੱਖ ਉਦੇਸ ਪੰਜਾਬ ਵਿੱਚ ਉਦਯੋਗਾਂ ਅਤੇ ਵਪਾਰ ਵਿੱਚ ਤੇਜੀ ਲਿਆਉਣਾ ਹੈ। ਇੱਕ 'ਮੁਫਤ ਨਿਵੇਸ ਜੋਨ' ਦੇ ਤਹਿਤ ਸਰਕਾਰ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਟੈਕਸ ਰਿਆਇਤਾਂ, ਆਸਾਨ ਲਾਇਸੈਂਸਿੰਗ ਪ੍ਰਕਿਰਿਆਵਾਂ ਅਤੇ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਵਰਗੀਆਂ ਵਿਸੇਸ ਪ੍ਰੋਤਸਾਹਨ ਅਤੇ ਵੰਡ ਪ੍ਰਦਾਨ ਕਰੇਗੀ। ਮੁਫਤ ਨਿਵੇਸ ਜੋਨ ਸਥਾਪਤ ਕਰਕੇ ਸੂਬੇ ਵਿੱਚ ਵੱਡੀ ਗਿਣਤੀ ਵਿੱਚ ਨਿਵੇਸ ਆਕਰਸਿ਼ਤ ਕੀਤਾ ਜਾ ਸਕਦਾ ਹੈ, ਜੋ ਨੌਜਵਾਨਾਂ ਲਈ ਰੁਜਗਾਰ ਦੇ ਨਵੇਂ ਮੌਕੇ ਪੈਦਾ ਕਰਨ ਵਿੱਚ ਸਹਾਈ ਹੋਵੇਗਾ। ਇਹ ਪੰਜਾਬ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਇੱਕ ਅਹਿਮ ਕਦਮ ਸਾਬਤ ਹੋ ਸਕਦਾ ਹੈ। ਇਹ ਜੋਨ ਅੰਤਰਰਾਸਟਰੀ ਕੰਪਨੀਆਂ ਅਤੇ ਨਿਵੇਸਕਾਂ ਲਈ ਖਿੱਚ ਦਾ ਕੇਂਦਰ ਬਣ ਸਕਦਾ ਹੈ ਜੋ ਪੰਜਾਬ ਵਿੱਚ ਵਪਾਰਕ



ਮੌਕਿਆਂ ਦੀ ਤਲਾਸ ਕਰ ਰਹੇ ਹਨ । ਇਸ ਨਾਲ ਸੂਬੇ ਦੀ ਆਰਥਿਕ ਹਾਲਤ ਵਿੱਚ ਹੋਰ ਸੁਧਾਰ ਹੋ ਸਕਦਾ ਹੈ। ਆਨੰਦਪੁਰ ਸਾਹਿਬ ਸਿੱਖ ਇਤਿਹਾਸ ਅਤੇ ਪਰੰਪਰਾ ਦਾ ਮਹੱਤਵਪੂਰਨ ਕੇਂਦਰ ਹੈ ਅਤੇ ਇੱਥੇ ਮਿਲਟਰੀ ਅਕੈਡਮੀ ਦੀ ਸਥਾਪਨਾ ਦਾ ਵਿਚਾਰ ਸਿੱਖ ਕੌਮ ਲਈ ਮਾਣ ਅਤੇ ਸਨਮਾਨ ਦਾ ਪ੍ਰਤੀਕ ਹੋ ਸਕਦਾ ਹੈ। ਇਸ ਅਕੈਡਮੀ ਦਾ ਉਦੇਸ ਨੌਜਵਾਨਾਂ ਨੂੰ ਰਾਸਟਰੀ ਸੇਵਾ ਅਤੇ ਫੌਜੀ ਸਿਖਲਾਈ ਵੱਲ ਪ੍ਰੇਰਿਤ ਕਰਨਾ ਹੈ। ਮਿਲਟਰੀ ਅਕੈਡਮੀ ਦੀ ਸਥਾਪਨਾ ਪੰਜਾਬ ਦੇ ਨੌਜਵਾਨਾਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਵਿਸੇਸ ਸਿਖਲਾਈ ਅਤੇ ਸਿੱਖਿਆ ਪ੍ਰਦਾਨ ਕਰ ਸਕਦੀ ਹੈ, ਤਾਂ ਜੋ ਉਹ ਦੇਸ ਦੀ ਰੱਖਿਆ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਣ। ਫੌਜੀ ਅਕੈਡਮੀ ਸਿੱਖ ਪਰੰਪਰਾ ਅਤੇ ਬਹਾਦਰੀ ਦੇ ਸਿਧਾਂਤਾਂ ਅਨੁਸਾਰ ਬਣਾਈ ਜਾ ਸਕਦੀ ਹੈ, ਜਿਸ ਵਿੱਚ ਸਰੀਰਕ ਸਿਖਲਾਈ ਦੇ ਨਾਲ-ਨਾਲ ਨੈਤਿਕ ਅਤੇ ਧਾਰਮਿਕ ਸਿੱਖਿਆ 'ਤੇ ਜੋਰ ਦਿੱਤਾ ਜਾ ਸਕਦਾ ਹੈ। ਇਹ ਸਿੱਖ ਕੌਮ ਦੇ ਬਹਾਦਰੀ ਭਰੇ ਇਤਿਹਾਸ ਅਤੇ ਬਹਾਦਰੀ ਨੂੰ ਸੰਭਾਲਣ ਲਈ ਇੱਕ ਅਹਿਮ ਕਦਮ ਹੋਵੇਗਾ। ਜੇਕਰ ਇਹ ਦੋਵੇਂ ਪ੍ਰਸਤਾਵ ਲਾਗੂ ਹੋ ਜਾਂਦੇ ਹਨ ਤਾਂ ਪੰਜਾਬ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਲਈ ਮੀਲ ਪੱਥਰ ਸਾਬਤ ਹੋ ਸਕਦੇ ਹਨ। ਇੱਕ ਪਾਸੇ 'ਫ੍ਰੀ ਇਨਵੈਸਟਮੈਂਟ ਜੋਨ' ਉਦਯੋਗਿਕ ਕ੍ਰਾਂਤੀ ਲਿਆ ਸਕਦਾ ਹੈ, ਦੂਜੇ ਪਾਸੇ ਮਿਲਟਰੀ ਅਕੈਡਮੀ ਨੌਜਵਾਨਾਂ ਵਿੱਚ ਰਾਸਟਰੀ ਸੇਵਾ ਦੀ ਭਾਵਨਾ ਅਤੇ ਅਗਵਾਈ ਦੇ ਹੁਨਰ ਦਾ ਵਿਕਾਸ ਕਰ ਸਕਦੀ ਹੈ। ਇੱਕ ਮੁਫਤ ਨਿਵੇਸ ਜੋਨ ਲਈ, ਰਾਜ ਨੂੰ ਇੱਕ ਸਥਿਰ ਰਾਜਨੀਤਿਕ ਅਤੇ ਆਰਥਿਕ ਮਾਹੌਲ ਯਕੀਨੀ ਬਣਾਉਣਾ ਚਾਹੀਦਾ ਹੈ, ਤਾਂ ਜੋ ਨਿਵੇਸਕਾਂ ਨੂੰ ਰਾਜ ਵਿੱਚ ਨਿਵੇਸ ਕਰਨ ਦਾ ਭਰੋਸਾ ਹੋਵੇ। ਇੱਕ ਮਿਲਟਰੀ ਅਕੈਡਮੀ ਦੀ ਸਥਾਪਨਾ ਲਈ ਵੱਡੇ ਵਿੱਤੀ ਅਤੇ ਭੌਤਿਕ ਸਰੋਤਾਂ ਦੀ ਲੋੜ ਹੋਵੇਗੀ। ਇਸ ਦੇ ਨਾਲ ਹੀ ਇਸ ਨੂੰ ਸਫਲ ਬਣਾਉਣ ਲਈ ਸਰਕਾਰ ਅਤੇ ਫੌਜ ਵਿਚਾਲੇ ਤਾਲਮੇਲ ਵੀ ਜਰੂਰੀ ਹੋਵੇਗਾ।

## ਪਹਿਲਾਂ ਮੋਟਰਸਾਈਕਲ ਕੀਤਾ ਚੋਰੀ, ਫਿਰ ਵੇਚਣ ਲਈ ਸੜਕ 'ਤੇ ਮਾਰੀਆਂ ਆਵਾਜਾਂ, ਹੈਰਾਨ ਕਰੇਗਾ ਚੋਰ ਦਾ ਕਾਰਨਾਮਾ

**ਕਿਸ਼ਨ ਪਾਲ**

ਜਲੰਧਰ 5 ਅਕਤੂਬਰ। ਨਸਿ਼ਆਂ ਕਾਰਨ ਨੌਜਵਾਨ ਪੀੜ੍ਹੀ ਆਪਣੀ ਜਿ਼ੰਦਗੀ ਨਾਲ ਖਿਲਵਾੜ ਕਰ ਰਹੀ ਹੈ, ਇੰਨਾ ਹੀ ਨਹੀਂ ਨਸੇੜੀ ਨੌਜਵਾਨ ਨਸੇ ਦੀ ਪੂਰਤੀ ਲਈ ਚੋਰੀ, ਲੁੱਟ-ਖੋਹ ਆਦਿ ਵਰਗੇ ਅਪਰਾਧ ਕਰਨ ਤੋਂ ਵੀ ਗੁਰੇਜ ਨਹੀਂ ਕਰਦੇ। ਇਸ ਦੀ ਤਾਜਾ ਮਿਸਾਲ ਉਦੋਂ ਸਾਹਮਣੇ ਆਈ ਜਦੋਂ 22 ਸਾਲਾ ਨੌਜਵਾਨ ਨੇ ਨਸੇ ਲਈ ਪੈਸੇ ਨਾ ਮਿਲਣ 'ਤੇ ਪਹਿਲਾਂ ਮੋਬਾਇਲ ਖੋਹ ਲਿਆ, ਫਿਰ ਸਾਈਕਲ ਚੋਰੀ ਕਰ ਲਿਆ ਅਤੇ ਹੌਲੀ-ਹੌਲੀ ਉਸ ਦੇ ਹੌਂਸਲੇ ਇੰਨੇ ਮਜਬੂਤ ਹੋ ਗਏ ਕਿ ਉਸ ਨੇ ਮੋਟਰਸਾਈਕਲ ਵੀ ਚੋਰੀ ਕਰ ਲਿਆ। ਜਾਣਕਾਰੀ ਅਨੁਸਾਰ ਥਾਣਾ ਭਾਰਗਵ ਕੈਂਪ ਦੀ ਪੁਲਸ ਨੇ ਇਕ ਨੌਜਵਾਨ ਨੂੰ ਚੋਰੀ ਦਾ ਮੋਟਰਸਾਈਕਲ ਵੇਚਦੇ ਹੋਏ ਕਾਬੂ ਕੀਤਾ ਹੈ, ਮੁਲਜਮ ਦੀ ਪਛਾਣ ਹਰਸ ਕੁਮਾਰ (22) ਪੁੱਤਰ ਅਸੋਕ ਕੁਮਾਰ ਵਾਸੀ ਭਾਰਗਵ ਕੈਂਪ ਨੇੜੇ ਸਤਿਗੁਰੂ ਕਬੀਰ ਮੰਦਰ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਹਰਸ ਖਿ਼ਲਾਫ ਮੋਬਾਇਲ



ਖੋਹਣ ਦਾ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਉਸ ਨੂੰ ਅਦਾਲਤ ਤੋਂ ਭਗੌੜਾ ਵੀ ਐਲਾਨਿਆ ਗਿਆ ਹੈ। ਇਸ ਤੋਂ ਇਲਾਵਾ ਹਾਲ ਹੀ 'ਚ ਹਰਸ 'ਤੇ ਸਾਈਕਲ ਚੋਰੀ ਦਾ ਮਾਮਲਾ ਵੀ ਦਰਜ ਹੋਇਆ ਹੈ ਅਤੇ ਇਸ ਮਾਮਲੇ 'ਚ ਉਹ ਜਮਾਨਤ 'ਤੇ ਜੇਲ੍ਹ 'ਚੋਂ ਬਾਹਰ ਆਇਆ ਹੈ। ਏ. ਐੱਸ. ਆਈ. ਬਲਵਿੰਦਰ ਸਿੰਘ ਲੁਭਾਣਾ ਨੂੰ ਸੂਚਨਾ ਮਿਲੀ ਕਿ ਹਰਸ ਚਾਰਾ ਮੰਡੀ ਬੂਟਾ ਪਿੰਡ ਨੇੜੇ ਲੋਕਾਂ ਨੂੰ ਚੋਰੀ ਦੇ ਮੋਟਰਸਾਈਕਲ ਵੇਚਣ ਲਈ ਫੋਨ ਕਰ ਰਿਹਾ ਸੀ। ਸੂਚਨਾ ਦੇ ਆਧਾਰ 'ਤੇ ਪੁਲਸ ਨੇ ਉਥੇ ਪਹੁੰਚ ਕੇ ਹਰਸ ਨੂੰ ਗ੍ਰਿਫਤਾਰ ਕਰ ਲਿਆ ਅਤੇ ਚੋਰੀ ਦਾ ਮੋਟਰਸਾਈਕਲ ਵੀ ਬਰਾਮਦ ਕਰ ਲਿਆ। ਦੱਸਿਆ ਜਾ ਰਿਹਾ ਹੈ ਕਿ ਹਰਸ ਨੇ ਨਕੋਦਰ ਚੌਂਕ ਦੇ ਆਸ-ਪਾਸ ਸਥਿਤ ਮੀਟ ਦੀ ਰੇਹੜੀ ਕੋਲੋਂ ਮੋਟਰਸਾਈਕਲ ਚੋਰੀ ਕੀਤਾ ਸੀ ਅਤੇ ਉਦੋਂ ਤੋਂ ਹੀ ਉਹ ਮੋਟਰਸਾਈਕਲ ਦੀ ਨੰਬਰ ਪਲੇਟ ਉਤਾਰ ਕੇ ਮੋਟਰਸਾਈਕਲ ਦੀ ਸਵਾਰੀ ਕਰਦਾ ਸੀ। ਪੁਲਸ ਦੀ ਤਾਜਾ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਹਰਸ ਨਸੇ ਦਾ ਆਦੀ ਹੈ ਅਤੇ ਨਸੇ ਦੀ ਪੂਰਤੀ ਲਈ ਚੋਰੀਆਂ ਕਰਦਾ ਹੈ।

## ਪ੍ਰੇਮ ਸਬੰਧਾਂ ਦੇ ਚੱਲਦਿਆਂ ਪ੍ਰੇਮੀ ਤੇ ਪ੍ਰੇਮਿਕਾ ਨੇ ਪੀਤੀ ਜ਼ਹਿਰੀਲੀ ਦਵਾਈ

ਜਲਾਲਾਬਾਦ 5 ਅਕਤੂਬਰ। ਪ੍ਰੇਮ ਸਬੰਧਾਂ ਦੇ ਚੱਲਦਿਆਂ ਪ੍ਰੇਮੀ ਅਤੇ ਵਿਆਹੁਤਾ ਪ੍ਰੇਮਿਕਾ ਵੱਲੋਂ ਜ਼ਹਿਰੀਲੀ ਦਵਾਈ ਨਿਗਲ ਲੈਣ ਕਾਰਨ ਪ੍ਰੇਮਿਕਾ ਦੀ ਮੌਤ ਹੋ ਗਈ, ਜਦੋਂ ਕਿ ਪ੍ਰੇਮੀ ਵੀ ਬਠਿੰਡਾ ਦੇ ਇੱਕ ਨਿੱਜੀ ਹਸਪਤਾਲ 'ਚ ਦਾਖਲ ਹੈ। ਇਸ ਮਾਮਲੇ 'ਚ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ ਪ੍ਰੇਮੀ ਸਣੇ 5 ਲੋਕਾਂ ਦੇ ਖਿ਼ਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਮ੍ਰਿਤਕ ਵਿਆਹੁਤਾ ਦੇ ਪਿਤਾ ਜਸਵੰਤ ਸਿੰਘ ਪੁੱਤਰ ਬੱਘਾ ਸਿੰਘ ਵਾਸੀ ਢੰਡੀ ਖੁਰਦ ਨੇ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਮੇਰਾ ਜਵਾਈ ਬਲਵਿੰਦਰ ਸਿੰਘ ਅਤੇ ਧੀ ਅਮਨਜੋਤ ਕੌਰ ਉਨ੍ਹਾਂ ਦੇ ਘਰ 20 ਅਗਸਤ ਨੂੰ ਪਿੰਡ ਢੰਡੀ ਖੁਰਦ ਵਿਖੇ ਮਿਲਣ ਲਈ ਆਏ ਸੀ। ਮੇਰਾ ਜਵਾਈ ਧੀ ਨੂੰ ਛੱਡ ਕੇ ਆਪਣੇ ਘਰ ਚੱਲਾ ਗਿਆ ਤਾਂ ਦੇਰ ਰਾਤ ਕਰੀਬ 8 ਵਜੇ ਧੀ ਅਮਨਜੋਤ ਕੌਰ ਉਨ੍ਹਾਂ ਦੇ ਘਰ ਤੋਂ ਬਿਨਾਂ ਦੱਸੇ ਚੱਲੀ ਗਈ। ਇਸ ਤੋਂ ਬਾਅਦ ਜਵਾਈ ਬਲਵਿੰਦਰ ਸਿੰਘ ਨੇ ਦੱਸਿਆ ਕਿ ਅਮਨਜੋਤ ਕੌਰ ਨੂੰ ਉਨ੍ਹਾਂ ਦੇ ਪਿੰਡ ਦਾ ਮੁੰਡਾ ਸੁਖਮੰਦਰ ਸਿੰਘ ਉਰਫ ਅਜੈ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਕਾਠਗੜ੍ਹ ਅਗਵਾ ਕਰਕੇ ਲੈ ਗਿਆ ਹੈ, ਜਿਸ ਨੇ ਉਸ ਨੂੰ ਜ਼ਹਿਰੀਲੀ ਦਵਾਈ ਪਿਲਾ ਕੇ ਮੌਤ ਦੇ ਘਾਟ ਉਤਾਰ ਦਿੱਤਾ ਹੈ। ਇਸ ਮਾਮਲੇ ਸਬੰਧੀ ਜਦੋਂ ਜਲਾਲਾਬਾਦ ਦੇ ਡੀ. ਐੱਸ. ਪੀ. ਜਤਿੰਦਰ ਸਿੰਘ ਗਿੱਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ 28 ਅਗਸਤ ਦੀ ਰਾਤ ਨੂੰ ਬਠਿੰਡਾ ਦੇ ਤਰਫੋਂ ਵਾਇਰਲੈੱਸ ਮੈਸਜ ਮਿਲਿਆ ਸੀ ਕਿ 1 ਮੁੰਡਾ ਅਤੇ ਕੁੜੀ ਜ਼ਹਿਰੀਲੀ ਦਵਾਈ ਪੀਣ ਕਾਰਨ ਹਸਪਤਾਲ 'ਚ ਦਾਖਲ ਹਨ। ਉਨ੍ਹਾਂ ਕਿਹਾ ਕਿ ਇਸ 'ਤੇ ਪੁਲਸ ਨੇ ਪੁੱਜ ਕੇ ਮਾਮਲੇ ਦੀ ਜਾਣਕਾਰੀ ਹਾਸਲ ਕੀਤੀ ਤਾਂ ਪਤਾ ਲੱਗਿਆ ਕਿ ਕੁੜੀ ਅਮਨਜੋਤ ਪਹਿਲਾਂ ਹੀ ਵਿਆਹੀ ਹੋਈ ਸੀ, ਜਿਸ ਦਾ ਡੇਢ ਮਹੀਨੇ ਦਾ ਬੱਚਾ ਵੀ ਹੈ। ਉਸ ਦੇ ਸੁਖਮੰਦਰ ਸਿੰਘ ਉਰਫ ਅਜੈ ਦੇ ਨਾਲ ਪ੍ਰੇਮ ਸਬੰਧ ਹਨ, ਜਿਸ ਕਾਰਨ ਦੋਹਾਂ ਨੇ ਜਹਿਰੀਲੀ ਦਵਾਈ ਪੀਤੀ ਹੈ। ਡੀ. ਐੱਸ. ਪੀ. ਜਤਿੰਦਰ ਸਿੰਘ ਗਿੱਲ ਨੇ ਕਿਹਾ ਕਿ ਮ੍ਰਿਤਕ ਕੁੜੀ ਦੇ ਪਿਤਾ ਜਸਵੰਤ ਸਿੰਘ ਵਾਸੀ ਢੰਡੀ ਖੁਰਦ ਦੇ ਬਿਆਨਾਂ 'ਤੇ ਥਾਣਾ ਸਦਰ ਜਲਾਲਾਬਾਦ ਵਿਖੇ ਸੁਖਮੰਦਰ ਸਿੰਘ ਉਰਫ ਅਜੈ ਪੁੱਤਰ ਜਸਵੰਤ ਸਿੰਘ, ਸੋਮਾ ਰਾਣੀ ਪਤਨੀ ਜਸਵੰਤ ਸਿੰਘ, ਲਕਸ਼ਮੀ ਪੁੱਤਰੀ ਜਸਵੰਤ ਸਿੰਘ ਅਤੇ ਗੁਰਚਰਨ ਸਿੰਘ ਵਾਸੀਆਨ ਕਾਠਗੜ੍ਹ ਥਾਣਾ ਵੈਰੋ ਕਾ ਤੋਂ ਇਲਾਵਾ ਨਾਮਲੂਮ ਵਿਅਕਤੀ ਦੇ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਵੱਲੋਂ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਡੀ. ਐੱਸ. ਪੀ. ਜਤਿੰਦਰ ਸਿੰਘ ਗਿੱਲ ਨੇ ਕਿਹਾ ਕਿ ਕਾਨੂੰਨੀ ਪ੍ਰਕਿਰਿਆ ਦੇ ਅਨੁਸਾਰ ਮ੍ਰਿਤਕ ਕੁੜੀ ਦੀ ਲਾਸ਼ ਦਾ ਪੋਸਟਮਾਰਟਮ ਕਰਵਾ ਵਾਰਸਾ ਦੇ ਹਵਾਲੇ ਕਰ ਦਿੱਤੀ ਜਾਵੇਗੀ।

## ਪੰਚਾਇਤੀ ਚੋਣਾਂ ਨੂੰ ਲੈ ਕੇ ਨਾਮਜ਼ਦਗੀਆਂ ਦਾ ਦੌਰ ਖਤਮ

ਚੰਡੀਗੜ੍ਹ 5 ਅਕਤੂਬਰ। ਪੰਜਾਬ 'ਚ ਪੰਚਾਇਤੀ ਚੋਣਾਂ ਲਈ ਨਾਮਜਦਗੀਆਂ ਦਾ ਅੱਜ ਯਾਨੀ ਸੁੱਕਰਵਾਰ ਨੂੰ ਆਖਰੀ ਦਿਨ ਦੁਪਹਿਰ 3 ਵਜੇ ਤੱਕ ਦਾ ਸੀ। ਇਸ ਦੇ ਨਾਲ ਹੀ ਵੱਡੀ ਗਿਣਤੀ 'ਚ ਲੋਕ ਨਾਮਜਦਗੀ ਲਈ ਆਏ। ਅੱਜ ਅਖੀਰਲੇ ਦਿਨ ਨਾਮਜਦਗੀ ਨੂੰ ਲੈ ਕੇ ਜਿੱਥੇ ਲੋਕਾਂ 'ਚ ਭਾਰੀ ਉਤਸ਼ਾਹ ਦੇਖਿਆ ਗਿਆ ਅਤੇ ਸਾਂਤੀਪੂਰਵਕ ਨੇਪਰੇ ਚੜ੍ਹਿਆ ਹੈ। ਜਿ਼ਕਰਯੋਗ ਹੈ ਕਿ ਪੰਜਾਬ ਰਾਜ ਚੋਣ ਕਮਿਸਨ ਨੇ 25 ਸਤੰਬਰ ਨੂੰ ਰਾਜ ਵਿੱਚ ਪੰਚਾਇਤੀ ਚੋਣਾਂ ਦੇ ਪ੍ਰੋਗਰਾਮ ਦਾ ਐਲਾਨ ਕੀਤਾ ਸੀ। ਇਸ ਅਨੁਸਾਰ ਪੰਚ ਅਤੇ ਸਰਪੰਚ ਦੇ ਅਹੁਦਿਆਂ ਲਈ ਨਾਮਜਦਗੀ ਦਾਖਲ ਕਰਨ ਦਾ ਸਮਾਂ 27 ਤੋਂ ਅੱਜ ਤੱਕ ਦਾ ਤੈਅ ਕੀਤਾ ਗਿਆ ਹੈ। ਹਾਲਾਂਕਿ, ਪੰਜਾਬ ਅਤੇ ਹਰਿਆਣਾ ਵਿੱਚ 170 ਚੋਣਾਂ ਨਾਲ ਸਬੰਧਤ ਪਟੀਸਨਾਂ ਦਾਇਰ ਕੀਤੀਆਂ ਗਈਆਂ ਸਨ। ਇਸ ਦੌਰਾਨ ਜਿ਼ਆਦਾਤਰ ਪਟੀਸਨਾਂ ਰਿਜਰਵੇਸਨ ਅਤੇ ਚੁੱਲ੍ਹਾ ਟੈਕਸ ਨਾਲ ਸਬੰਧਤ ਸਨ। ਪੰਜਾਬ ਅਤੇ ਹਰਿਆਣਾ ਦੀ ਅਦਾਲਤ ਨੇ ਰਾਜ ਕਮਿਸਨ ਨੂੰ ਕੇਸ ਵਿਚਲੀਆਂ ਕਮੀਆਂ ਦੂਰ ਕਰਨ ਦੇ ਹੁਕਮ ਦਿੰਦਿਆਂ ਹੋਇਆਂ ਹੀ ਸਾਰੀਆਂ ਪਟੀਸਨਾਂ ਨੂੰ ਖਾਰਜ ਕਰ ਦਿੱਤਾ। ਇਸ ਨਾਲ ਇਹ ਸਪੱਸਟ ਹੋ ਗਿਆ ਹੈ ਕਿ ਚੋਣਾਂ ਸਮੇਂ 'ਤੇ ਹੀ ਹੋਣਗੀਆਂ। ਇੱਕ ਗ੍ਰਾਮ ਪੰਚਾਇਤ ਵਿੱਚ 5 ਤੋਂ 13 ਪੰਚ ਹੁੰਦੇ ਹਨ। ਇੱਕ ਸਰਪੰਚ ਹੁੰਦਾ ਹੈ। ਵਾਰਡ ਤੋਂ ਵੱਖ-ਵੱਖ ਉਮੀਦਵਾਰ ਖੜ੍ਹੇ ਹੋਣਗੇ।

## ਲਿਆਂਦੀਆਂ ਜੈਕਟਾਂ, ਨਿਕਲੀ ਕਿੱਲੋਆਂ ਦੇ ਹਿਸਾਬ ਨਾਲ ਹੈਰੋਇਨ ! ਹੈਰਾਨ ਕਰ ਦੇਵੇਗਾ ਪੂਰਾ ਮਾਮਲਾ

ਚੰਡੀਗੜ੍ਹ 5 ਅਕਤੂਬਰ। ਪੰਜਾਬ ਪੁਲਸ ਨੇ ਇਕ ਅੰਤਰਰਾਸਟਰੀ ਡਰੱਗ ਸਿੰਡੀਕੇਟ ਦਾ ਪਰਦਾਫਾਸ ਕੀਤਾ ਹੈ। ਪੁਲਸ ਵੱਲੋਂ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ 1.5 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਇਸ ਸਿੰਡੀਕੇਟ ਦੇ ਤਾਰ ਦਿੱਲੀ ਤੋਂ ਲੈ ਕੇ ਅਫਗਾਨਿਸਤਾਨ ਨਾਲ ਜੁੜੇ ਹੋਏ ਹਨ। ਹੈਰੋਇਨ ਦੀ ਤਸਕਰੀ ਅੱਧੀਆਂ ਬਾਹਾਂ ਵਾਲੀਆਂ ਜੈਕਟਾਂ ਵਿਚ ਲੁਕੋ ਕੇ ਵਾਹਨਾਂ ਰਾਹੀਂ ਕੀਤੀ ਜਾ ਰਹੀ ਸੀ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਪੁਲਸ ਦੇ ਗੌਰਵ ਯਾਦਵ ਨੇ ਦੱਸਿਆ ਕਿ ਐੱਸ.ਏ.ਐੱਸ. ਨਗਰ ਪੁਲਸ ਵੱਲੋਂ ਇਕ ਅੰਤਰਰਾਸਟਰੀ ਡਰੱਗ ਸਿੰਡੀਕੇਟ ਦਾ ਪਰਦਾਫਾਸ ਕਰਦੇ ਹੋਏ 2 ਵਿਅਕਤੀਆਂ ਸੁਖਦੀਪ ਸਿੰਘ ਅਤੇ ਕ੍ਰਿਸ਼ਨ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਕੋਲੋਂ 1.5 ਕਿੱਲੋ ਹੈਰੋਇਨ ਦੀ ਬਰਾਮਦਗੀ ਹੋਈ ਹੈ। ਇਸ ਦੇ ਨਾਲ ਹੀ ਦਿੱਲੀ ਵਿਚ ਅਫਗਾਨ ਹੈਂਡਲਰਾਂ ਦਾ ਖੁਲਾਸਾ ਹੋਇਆ, ਜੋ ਕਿ ਅੰਤਰਰਾਸ਼ਟਰੀ ਨਸ਼ਾ ਮਾਫੀਆ ਨਾਲ ਜੁੜੇ ਹੋਏ ਹਨ। ਡੀ.ਜੀ.ਪੀ. ਨੇ ਦੱਸਿਆ ਕਿ ਗ੍ਰਿਫਤਾਰ ਕੀਤਾ ਗਿਆ ਸੁਖਦੀਪ ਸਿੰਘ ਪਹਿਲਾਂ 2020 ਵਿਚ ਇਕ ਅਗਵਾ ਕਰਨ ਦੇ ਮਾਮਲੇ ਵਿਚ ਸਾਮਲ ਸੀ ਅਤੇ ਮਈ 2024 ਤੋਂ ਜਮਾਨਤ 'ਤੇ ਬਾਹਰ ਸੀ। ਇਨ੍ਹਾਂ ਵੱਲੋਂ ਹੈਰੋਇਨ ਨੂੰ ਅੱਧੀਆਂ ਬਾਹਾਂ ਵਾਲੀਆਂ ਜੈਕਟਾਂ ਵਿਚ ਲੁਕਾ ਕੇ ਵਾਹਨਾਂ ਰਾਹੀਂ ਸਮੱਗਲ ਕੀਤਾ ਜਾਂਦਾ ਸੀ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਨੇ ਅੰਤਰਰਾਸਟਰੀ ਨਸ਼ਾ ਸਪਲਾਈ ਚੈਨਾਂ ਨੂੰ ਝਟਕਾ ਦਿੰਦਿਆਂ ਪੰਜਾਬ ਦੇ ਨੌਜਵਾਨਾਂ ਨੂੰ ਨਸਿ਼ਆਂ ਤੋਂ ਬਚਾਉਣ ਵਿਚ ਵੱਡੀ ਕਾਮਯਾਬੀ ਹਾਸਲ ਕੀਤੀ ਹੈ।

## ਪੰਜਾਬ ਸਰਕਾਰ ਦਾ ਸਖਤ ਕਦਮ, ਸੂਬੇ ਭਰ ਵਿਚ 8045 ਨੋਡਲ ਅ਼ਫਸਰ ਨਿਯੁਕਤ

**ਏਜੰਸੀਆਂ**

ਚੰਡੀਗੜ੍ਹ 5 ਅਕਤੂਬਰ। ਸੂਬੇ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਅਤੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਪੰਜਾਬ ਸਰਕਾਰ ਨੇ 8045 ਨੋਡਲ ਅ਼ਫਸਰ ਨਿਯੁਕਤ ਕੀਤੇ ਹਨ। ਇਹ ਨੋਡਲ ਅਫਸਰ ਸੂਬੇ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿਸ਼ੇਸ਼ ਕਰਕੇ ਜਿਹੜੇ ਇਲਾਕਿਆਂ ਵਿਚੋਂ ਪਰਾਲੀ ਸਾੜਨ ਦੇ ਜ਼ਿਆਦਾ ਮਾਮਲੇ ਸਾਹਮਣੇ ਆਉਂਦੇ ਹਨ, ਉਤੇ ਲਗਾਤਾਰ ਨਜ਼ਰ ਰੱਖਣਗੇ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਝੋਨੇ ਦੀ ਕਟਾਈ ਦੇ ਸੀਜਨ ਦੌਰਾਨ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ 79 ਐੱਸ.ਡੀ.ਐੱਮਜ, 108 ਤਹਿਸੀਲਦਾਰ, 108 ਡੀ.ਐੱਸ.ਪੀਜ, 1140 ਕਲੱਸਟਰ ਅਫਸਰ ਅਤੇ ਹੋਰ ਸਟਾਫ ਦੀ ਡਿਊਟੀ ਲਗਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨੋਡਲ ਅ਼ਫਸਰਾਂ ਨੂੰ ਵਾਢੀ ਤੋਂ ਬਾਅਦ ਦੀਆਂ ਗਤੀਵਿਧੀਆਂ ਦੀ ਨੇੜਿਓਂ ਨਿਗਰਾਨੀ ਕਰਨ ਦਾ



ਕੰਮ ਸੌਂਪਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਅਧਿਕਾਰੀ ਅਤੇ ਸਟਾਫ ਜਾਣਕਾਰੀ, ਸਿੱਖਿਆ ਅਤੇ ਸੰਚਾਰ (ਆਈ.ਈ.ਸੀ.) ਸਬੰਧੀ ਵੱਖ-ਵੱਖ ਗਤੀਵਿਧੀਆਂ ਵਿਚ ਸਾਮਲ ਹੋਵੇਗਾ, ਜਿਸ ਵਿਚ ਕਿਸਾਨਾਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਨੂੰ ਪਰਾਲੀ ਪ੍ਰਬੰਧਨ (ਸੀ.ਆਰ.ਐੱਮ.) ਮਸੀਨਾਂ ਦੀ ਵਰਤੋਂ ਬਾਰੇ ਉਤਸਾਹਿਤ ਕਰਨਾ ਆਦਿ ਸ਼ਾਮਲ ਹੈ। ਸੂਬੇ ਦੇ ਕਿਸਾਨਾਂ ਨੂੰ ਪਰਾਲੀ ਦੇ ਸੁਚਾਰੂ ਪ੍ਰਬੰਧਨ ਲਈ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐੱਮ.) ਮਸੀਨਰੀ ਦੀ ਵਰਤੋਂ ਕਰਨ ਦੀ ਅਪੀਲ ਕਰਦਿਆਂ ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ 'ਉੱਨਤ ਕਿਸਾਨ' ਮੋਬਾਈਲ ਐਪਲੀਕੇਸਨ ਦੀ ਸੁਰੂਆਤ ਕੀਤੀ ਗਈ ਹੈ, ਜਿਸ ਦਾ ਉਦੇਸ ਕਿਸਾਨਾਂ ਖਾਸ ਕਰਕੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਸੀ.ਆਰ.ਐੱਮ. ਮਸੀਨਾਂ ਤੱਕ ਪਹੁੰਚ ਆਸਾਨ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਐੱਪ 'ਤੇ 1.30 ਲੱਖ ਤੋਂ ਵੱਧ ਸੀ.ਆਰ.ਐਮ. ਮਸੀਨਾਂ ਸੂਚੀਬੱਧ ਹਨ, ਜਿਸ ਜ਼ਰੀਏ ਕਿਸਾਨ ਆਸਾਨੀ ਨਾਲ ਮਸੀਨ ਬੁੱਕ ਕਰ ਸਕਦੇ ਹਨ। ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਕਿਸਾਨਾਂ ਨੇ ਹੁਣ ਤੱਕ ਕੁੱਲ 8635 ਸੀ.ਆਰ.ਐੱਮ ਮਸੀਨਾਂ ਖਰੀਦ ਲਈਆਂ ਹਨ ਅਤੇ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ 'ਤੇ ਸੀ.ਆਰ.ਐਮ. ਮਸੀਨਾਂ ਦੀ ਖਰੀਦ ਲਈ 16,205 ਮਨਜ਼ੂਰੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ।

# 500 ਕਰੋੜ ਰੁਪਏ ਦੀ ਧੋਖਾਧੜੀ ਮਾਮਲੇ 'ਚ ਭਾਰਤੀ ਤੇ ਐਲਵਿਸ਼ ਨੂੰ ਸੰਮਨ ਜਾਰੀ

**ਏਜੰਸੀਆਂ**

ਐਂਟਰਟੇਨਮੈਂਟ ਡੈਸਕ 5 ਅਕਤੂਬਰ। ਦਿੱਲੀ ਪੁਲਸ ਨੇ 500 ਕਰੋੜ ਰੁਪਏ ਦੇ ਫਰਾਡ ਐਪ ਆਧਾਰਿਤ ਘੁਟਾਲੇ ਵਿੱਚ ਯੂਟਿਊਬਰ ਐਲਵੀਸ ਯਾਦਵ ਅਤੇ ਕਾਮੇਡੀਅਨ ਭਾਰਤੀ ਸਿੰਘ ਅਤੇ ਤਿੰਨ ਹੋਰਾਂ ਨੂੰ ਸੰਮਨ ਜਾਰੀ ਕੀਤਾ ਹੈ। ਪੁਲਸ ਨੂੰ 500 ਤੋਂ ਵੱਧ ਸਿ਼ਕਾਇਤਾਂ ਮਿਲੀਆਂ ਹਨ ਜਿਸ ਵਿੱਚ ਦੋਸ ਲਗਾਇਆ ਗਿਆ ਹੈ ਕਿ ਕਈ ਸੋਸਲ ਮੀਡੀਆ ਇੰਫਲੂਐਂਸਰ ਅਤੇ ਯੂਟਿਊਬਰ ਨੇ ਆਪਣੇ ਪੇਜਾਂ 'ਤੇ ਮੋਬਾਈਲ ਐਪਲੀਕੇਸਨ ਦਾ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਐਪ ਰਾਹੀਂ ਨਿਵੇਸ ਕਰਨ ਦਾ ਲਾਲਚ ਦਿੱਤਾ। ਪੁਲਸ ਨੇ ਦੱਸਿਆ ਕਿ ਇਸ ਘੁਟਾਲੇ ਦੇ ਮੁੱਖ ਦੋਸੀ ਸਿ਼ਵਰਾਮ (30) ਵਾਸੀ ਚੇਨਈ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਸਿ਼ਕਾਇਤ ਦੇ ਅਨੁਸਾਰ, ਸੌਰਵ ਜੋਸੀ, ਅਭਿਸੇਕ ਮਲਹਾਨ, ਪੂਰਵ ਝਾਅ, ਐਲਵੀਸ ਯਾਦਵ, ਭਾਰਤੀ ਸਿੰਘ, ਹਰਸ ਲਿੰਬਾਚੀਆ, ਲਕਸੈ ਚੌਧਰੀ, ਆਦਰਸ ਸਿੰਘ, ਅਮਿਤ ਅਤੇ ਦਿਲਰਾਜ ਸਿੰਘ ਰਾਵਤ ਸਮੇਤ ਸੋਸਲ ਮੀਡੀਆ ਇੰਫਲੂਐਂਸਰ ਅਤੇ ਯੂਟਿਊਬਰ ਨੇ ਐਪਲੀਕੇਸਨ ਦਾ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਇਸ ਦੀ ਵਰਤੋਂ ਕਰਨ ਲਈ ਉਤਸਾਹਿਤ ਕੀਤਾ। ਐਪ ਤੋਂ ਨਿਵੇਸ ਕਰਨ ਲਈ ਲੁਭਾਇਆ। ਡਿਪਟੀ ਕਮਿਸਨਰ ਆਫ ਪੁਲਸ ( ਸਪੈਸਲ ਸੈੱਲ) ਹੇਮੰਤ ਤਿਵਾਰੀ ਨੇ ਕਿਹਾ, ਇੱਕ ਮੋਬਾਈਲ ਐਪਲੀਕੇਸਨ



ਹੈ, ਜੋ ਇੱਕ ਯੋਜਨਾਬੱਧ ਘੁਟਾਲੇ ਦਾ ਹਿੱਸਾ ਸੀ। ਡੀਸੀਪੀ ਨੇ ਦੱਸਿਆ ਕਿ ਇਸ ਐਪਲੀਕੇਸ਼ਨ ਰਾਹੀਂ ਮੁਲਜਮਾਂ ਨੇ ਰੋਜਾਨਾ ਇੱਕ ਤੋਂ ਪੰਜ ਫੀਸਦੀ ਦੀ ਗਾਰੰਟੀਸੁਦਾ ਰਿਟਰਨ ਦਾ ਵਾਅਦਾ ਕੀਤਾ ਸੀ, ਜੋ ਇੱਕ ਮਹੀਨੇ ਵਿੱਚ 30 ਤੋਂ 90 ਫੀਸਦੀ ਦੇ ਬਰਾਬਰ ਹੈ। ਇਸ ਐਪ ਨੂੰ ਫਰਵਰੀ 2024 ਵਿੱਚ ਲਾਂਚ ਕੀਤਾ ਗਿਆ ਸੀ। ਇਸ ਐਪ ਵਿੱਚ 30,000 ਤੋਂ ਵੱਧ ਲੋਕਾਂ ਨੇ ਨਿਵੇਸ ਕੀਤਾ ਸੀ। ਨਿਵੇਸਕਾਂ ਨੂੰ ਪਹਿਲੇ ਪੰਜ ਮਹੀਨਿਆਂ ਵਿੱਚ ਚੰਗਾ ਰਿਟਰਨ ਮਿਲਿਆ। ਹਾਲਾਂਕਿ, ਜੁਲਾਈ ਤੋਂ ਬਾਅਦ ਐਪ ਨੇ ਤਕਨੀਕੀ ਖਾਮੀਆਂ, ਕਾਨੂੰਨੀ ਸਮੱਸਿਆਵਾਂ, ਜੀ.ਐੱਸ.ਟੀ. ਮੁੱਦਿਆਂ ਆਦਿ ਦਾ ਹਵਾਲਾ ਦਿੰਦੇ ਹੋਏ ਭੁਗਤਾਨ ਬੰਦ ਕਰ ਦਿੱਤਾ। ਡੀਸੀਪੀ ਤਿਵਾਰੀ ਨੇ ਕਿਹਾ, 'ਕਥਿਤ ਕੰਪਨੀਆਂ ਉੱਤਰ ਪ੍ਰਦੇਸ ਦੇ ਨੋਇਡਾ ਵਿੱਚ ਆਪਣੇ ਦਫਤਰ ਬੰਦ ਕਰਨ ਤੋਂ ਬਾਅਦ ਗਾਇਬ ਹੋ ਗਈਆਂ।' ਪੁਲਸ ਨੇ ਦੱਸਿਆ ਕਿ ਮਾਸਟਰਮਾਈਂਡ ਸਿ਼ਵਰਾਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸ ਦੇ ਚਾਰ ਵੱਖ-ਵੱਖ ਬੈਂਕ ਖਾਤਿਆਂ ਤੋਂ 18 ਕਰੋੜ ਰੁਪਏ ਜਬਤ ਕੀਤੇ ਗਏ ਹਨ। ਜਾਂਚ ਦੌਰਾਨ, ਸਾਈਬਰ ਉੱਤਰ-ਪੂਰਬੀ ਜਿ਼ਲ੍ਹੇ ਦੇ 9 ਲੋਕਾਂ ਦੁਆਰਾ ਐਪਲੀਕੇਸਨ ਦੇ ਵਿਰੁੱਧ ਵੀ ਕਈ ਸਿ਼ਕਾਇਤਾਂ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਨਾਲ ਇਸੇ ਤਰ੍ਹਾਂ ਧੋਖਾਧੜੀ ਕੀਤੀ ਗਈ ਸੀ। ਇਨ੍ਹਾਂ 9 ਮਾਮਲਿਆਂ ਨੂੰ ਨੂੰ ਟਰਾਂਸਫਰ ਕਰ ਦਿੱਤਾ ਗਿਆ। ਪੁਲਸ ਨੂੰ ਉੱਤਰ-ਪੂਰਬੀ ਜਿ਼ਲ੍ਹੇ, ਬਾਹਰੀ ਜਿ਼ਲ੍ਹੇ, ਸਾਹਦਰਾ ਅਤੇ ਪੋਰਟਲ ਤੋਂ 500 ਤੋਂ ਵੱਧ ਸਿ਼ਕਾਇਤਾਂ ਮਿਲੀਆਂ ਹਨ।

## ਡੇਰਾ ਬਿਆਸ ਦੇ ਸ਼ਰਧਾਲੂਆਂ ਲਈ ਅਹਿਮ ਖਬਰ, ਇਸ ਸਤਿਸੰਗ ਘਰ 'ਚ ਪਹੁੰਚਣਗੇ ਬਾਬਾ ਗੁਰਿੰਦਰ ਢਿੱਲੋਂ

**ਏਜੰਸੀਆਂ**

ਜਲੰਧਰ/ਅੰਮ੍ਰਿਤਸਰ 5 ਅਕਤੂਬਰ। ਰਾਧਾ ਸੁਆਮੀ ਸਤਿਸੰਗ ਬਿਆਸ ਦੇ ਸ਼ਰਧਾਲੂਆਂ ਲਈ ਅਹਿਮ ਖਬਰ ਸਾਹਮਣੇ ਆਈ ਹੈ। ਦਰਅਸਲ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਅੱਜ ਪਿਲਖਨੀ ਵਿਚ ਜਾਣਗੇ, ਜਿੱਥੇ ਉਹ ਸੰਗਤ ਨੂੰ ਦਰਸ਼ਨ ਦੇਣਗੇ। ਜਾਣਕਾਰੀ ਅਨੁਸਾਰ ਰਾਧਾ ਸੁਆਮੀ ਸਤਿਸੰਗ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਮਨਸੂਰੀ ਤੋਂ ਹੈਲੀਕਾਪਟਰ ਰਾਹੀਂ ਪਿਲਖਨੀ ਦੇ ਸਤਿਸੰਗ ਘਰ ਪੁੱਜਣਗੇ। ਪਤਾ ਲੱਗਾ ਹੈ ਕਿ ਇਸ ਨੂੰ ਉਨ੍ਹਾਂ ਦਾ ਅਚਨਚੇਤ ਦੌਰਾ ਮੰਨਿਆ ਜਾ ਰਿਹਾ ਹੈ। ਜਿਵੇਂ ਹੀ ਉਨ੍ਹਾਂ ਦੇ ਸ਼ਰਧਾਲੂਆਂ ਨੂੰ ਬਾਬਾ ਗੁਰਿੰਦਰ ਸਿੰਘ ਜੀ ਦੇ ਆਉਣ ਦੀ ਖਬਰ ਮਿਲੀ ਤਾਂ ਸੰਗਤ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਦੱਸ ਦਈਏ ਕਿ ਬਾਬਾ ਜੀ



ਇਥੇ ਸਤਿਸੰਗ ਨਹੀਂ ਕਰਨਗੇ, ਸਗੋਂ ਖੁੱਲ੍ਹੀ ਕਾਰ ਵਿਚ ਸੰਗਤ ਨੂੰ ਦਰਸਨ ਦੇਣਗੇ। ਦੱਸ ਦਈਏ ਕਿ ਹਾਲ ਹੀ ਵਿੱਚ ਡੇਰਾ ਰਾਧਾ ਸੁਆਮੀ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਆਪਣਾ ਉਤਰਾਧਿਕਾਰੀ ਚੁਣਿਆ ਹੈ। ਉਨ੍ਹਾਂ ਨੇ ਹਜੂਰ ਜਸਦੀਪ ਸਿੰਘ ਗਿੱਲ ਨੂੰ ਆਪਣਾ ਉਤਰਾਧਿਕਾਰੀ ਨਾਮਜਦ ਕੀਤਾ ਹੈ, ਜਿਨ੍ਹਾਂ ਨੂੰ ਸਤਿਗੁਰੂ ਵਜੋਂ ਨਾਮਦਾਨ ਦੇਣ ਦਾ ਵੀ ਅਧਿਕਾਰ ਹੋਵੇਗਾ। ਇਸ ਦੌਰਾਨ ਬੀਤੇ ਦਿਨੀਂ ਅਹਿਮ ਖਬਰ ਸਾਹਮਣੇ ਆਈ ਸੀ ਕਿ ਉਨ੍ਹਾਂ ਦੇ ਵਾਰਿਸ ਨੂੰ ਵੀ. ਆਈ. ਪੀ. ਸੁਰੱਖਿਆ ਦਿੱਤੀ ਗਈ ਹੈ।